ਕੌਮਾਂਤਰੀ
www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 23 | Issue 226| 6 May to 12 May 2026 | Ph.: (510) 240-5949 | Email: asrtimes@gmail.com

# ਦੇਸ਼ ਦੀ ਸਿਆਸਤ ’ਤੇ ਕੀ ਪ੍ਰਭਾਵ ਪਾਉਣਗੇ ਪੰਜ ਰਾਜਾਂ ਦੇ ਚੋਣ ਨਤੀਜੇ ?

ਅੰਮ੍ਰਿਤਸਰ ਟਾਈਮਜ਼ ਬਿਊਰੋ

ਭਾਰਤ ਦੇ ਪੰਜ ਰਾਜਾਂ ਵਿੱਚ ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਦੇ ਆਏ ਨਤੀਜਿਆਂ ਅਨੁਸਾਰ ਬੰਗਾਲ, ਅਸਾਮ ਤੇ ਪੁੱਡੂਚੇਰੀ ਵਿੱਚ ਭਾਜਪਾ, ਤਾਮਿਲਨਾਡੂ ਵਿੱਚ ਟੀ.ਵੀ.ਕੇ. ਅਤੇ ਕੇਰਲਮ ਵਿੱਚ ਕਾਂਗਰਸ ਨੇ ਜਿੱਤ ਦੇ ਝੰਡੇ ਲਹਿਰਾਅ ਦਿੱਤੇ ਹਨ। ਸਭ ਤੋਂ ਹੈਰਾਨਕੁੰਨ ਚੋਣ ਨਤੀਜੇ ਪੱਛਮੀ ਬੰਗਾਲ ਵਿੱਚ ਰਹੇ ਹਨ, ਜਿਥੇ ਕਿ ਟੀ.ਐਮ.ਸੀ. ਨੂੰ ਹਰਾ ਕੇ ਪਹਿਲੀ ਵਾਰ ਭਾਜਪਾ ਜਿੱਤੀ ਹੈ। ਇੱਥੋਂ ਤੱਕ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਖੁਦ ਵੀ ਵਿਧਾਨ ਸਭਾ ਚੋਣ ਹਾਰ ਗਏ ਹਨ। ਇਸ ਤਰ੍ਹਾਂ ਬੰਗਾਲ ਵਿੱਚ ਪੰਦਰਾਂ ਸਾਲਾਂ ਤੋਂ ਚੱਲੇ ਆ ਰਹੇ ਟੀ.ਐਮ.ਸੀ. ਦੇ ਰਾਜ ਦਾ ਅੰਤ ਹੋ ਗਿਆ ਹੈ। ਤਿੰਨ ਰਾਜਾਂ ਖਾਸ ਕਰਕੇ ਪੱਛਮੀ ਬੰਗਾਲ ਵਿੱਚ ਭਾਜਪਾ ਦੀ ਵੱਡੀ ਜਿੱਤ ਤੋਂ ਬਾਅਦ ਭਾਜਪਾ ਆਗੂਆਂ ਨੇ ਤੁਰੰਤ ‘ਪੰਜਾਬ ਜਿੱਤਣ’ ਬਾਰੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ ਹਨ, ਉਥੇ ਮਮਤਾ ਬੈਨਰਜੀ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਦੀ ਹਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਵਿਰੋਧੀ ਧਿਰ ‘ਇੰਡੀਆ ਗਠਜੋੜ’ ਦੀ ਕਮਾਂਡ ਅਜੇ ਵੀ ਕਾਂਗਰਸ ਦੇ ਹੱਥ ਰਹੇਗੀ। ਇਸ ਤੋਂ ਇਲਾਵਾ ਭਾਜਪਾ ਦੀ ਵੱਡੀ ਜਿੱਤ ਨੇ ਵਿਰੋਧੀ ਪਾਰਟੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਆਖ਼ਰ ਉਹ ਕਿਹੜੇ ਕਾਰਨ ਹਨ, ਜਿਨ੍ਹਾਂ ਕਰਕੇ ਭਾਜਪਾ ਦੇ ਜੇਤੂ ਰੱਥ ਨੂੰ ਉਹ ਬ੍ਰੇਕਾਂ ਨਹੀਂ ਲਗਾ ਸਕੇ ? ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ.ਸਟਾਲਿਨ ਨੇ ਆਪਣੇ ਉਮੀਦਵਾਰਾਂ ਨੂੰ ਤਾਂ ਕੀ ਜਿਤਾਉਣਾ ਸੀ ਸਗੋਂ ਉਹ ਤਾਂ ਖੁਦ ਵੀ ਆਪਣੀ ਚੋਣ ਹਾਰ ਗਏ। ਉਹਨਾਂ ਦੀਆਂ ਹਾਰਾਂ ਦੇ ਵੱਡੇ ਕਾਰਨ ਹਨ, ਜਿਨ੍ਹਾਂ ਬਾਰੇ ਇਹਨਾਂ ਦੋਵਾਂ ਆਗੂਆਂ ਨੂੰ ਚੰਗੀ ਤਰ੍ਹਾਂ ਸੋਚਣ ਦੀ ਲੋੜ ਹੈ।

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਨਾ ਸਿਰਫ਼ ਇਨ੍ਹਾਂ ਰਾਜਾਂ ਲਈ ਸਗੋਂ ਸਮੁੱਚੇ ਲੋਕਤੰਤਰ ਲਈ ਇੱਕ ਮਹੱਤਵਪੂਰਨ ਸੰਦੇਸ਼ ਲੈ ਕੇ ਆਏ ਹਨ। ਕੇਰਲ ਵਿੱਚ, ਕਾਂਗਰਸ 10 ਸਾਲਾਂ ਬਾਅਦ ਸੱਤਾ ਵਿੱਚ ਵਾਪਸ ਆ ਰਹੀ ਹੈ, ਅਤੇ ਪਹਿਲੀ ਵਾਰ, ਖੱਬੇ ਮੋਰਚੇ ਕਿਸੇ ਵੀ ਰਾਜ ਵਿੱਚ ਸੱਤਾ ਵਿੱਚ ਨਹੀਂ ਹਨ। ਇਸੇ ਤਰ੍ਹਾਂ, ਤਾਮਿਲਨਾਡੂ ਵਿੱਚ, ਡੀ.ਐਮ.ਕੇ. ਨੇ ਵੀ ਸੱਤਾ ਗੁਆ ਦਿੱਤੀ ਹੈ। ਰਵਾਇਤੀ ਰਾਜਨੀਤਿਕ ਦ੍ਰਿਸ਼ਾਂ ਦੇ ਉਲਟ, ਦ੍ਰਵਿੜ ਮੁਨੇਤਰ ਕਜ਼ਾਗਮ (ਡੀ.ਐਮ.ਕੇ.) ਅਤੇ ਕਾਂਗਰਸ ਗੱਠਜੋੜ ਸੱਤਾ ਬਰਕਰਾਰ ਰੱਖਣ ਵਿੱਚ ਅਸਫਲ ਰਿਹਾ। ਹਾਲਾਂਕਿ, ਇੱਥੇ ਰਵਾਇਤੀ ਰਾਜਨੀਤੀ ਦੇ ਉਲਟ, ਏ.ਆਈ.ਏ.ਡੀ.ਐਮ.ਕੇ. ਨੇ ਇਸ ਵਾਰ ਸੱਤਾ ਨਹੀਂ ਜਿੱਤੀ। ਇਸ ਦੀ ਬਜਾਏ, ਫ਼ਿਲਮ ਸੁਪਰਸਟਾਰ ਥਾਲਪਤੀ ਵਿਜੇ, ਜਿਸ ਨੇ ਟੀ.ਵੀ.ਕੇ. ਬਣਾ ਕੇ ਪਹਿਲੀ ਵਾਰ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ, ਨੇ ਭਾਰੀ ਜਿੱਤ ਪ੍ਰਾਪਤ ਕੀਤੀ। ਫ਼ਿਲਮ ਅਦਾਕਾਰਾਂ ਅਤੇ ਅਭਿਨੇਤਰੀਆਂ ਲਈ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਕੱਦ ਪ੍ਰਾਪਤ ਕਰਨਾ ਕੋਈ ਨਵਾਂ ਰੁਝਾਨ ਨਹੀਂ ਹੈ। ਫਿਰ ਵੀ, ਟੀ.ਵੀ.ਕੇ. ਦੀ ਜਿੱਤ ਹੈਰਾਨੀਜਨਕ ਹੈ, ਕਿਉਂਕਿ ਵਿਜੇ ਨੂੰ ਉਸ ਦੀਆਂ ਰੈਲੀਆਂ ਵਿੱਚ ਗਲਤ ਪ੍ਰਬੰਧਨ ਅਤੇ ਉਸ ਦੇ ਨਿੱਜੀ ਜੀਵਨ ਨਾਲ ਜੁੜੇ ਵਿਵਾਦਾਂ ਲਈ ਅਕਸਰ ਸਵਾਲ ਕੀਤੇ ਜਾਂਦੇ ਰਹੇ ਹਨ। ਜਦੋਂ ਕਿ ਇਹ ਮੰਨਿਆ ਜਾ ਰਿਹਾ ਸੀ ਕਿ ਵਿਜੇ ਵੋਟ ਨੂੰ ਵੰਡ ਦੇਵੇਗਾ, ਖਾਸ ਕਰਕੇ ਸਟਾਲਿਨ ਨੂੰ ਨੁਕਸਾਨ ਪਹੁੰਚਾਏਗਾ, ਇਹ ਉਮੀਦ ਨਹੀਂ ਕੀਤੀ ਗਈ ਸੀ ਕਿ ਉਹ ਇੰਨੀ ਵੱਡੀ ਜਿੱਤ ਪ੍ਰਾਪਤ ਕਰੇਗਾ।



ਪੰਜ ਰਾਜਾਂ ਦੇ ਚੋਣ ਨਤੀਜੇ ਇਹਨਾਂ ਰਾਜਾਂ ਦੇ ਲੋਕਾਂ ਦੀ ਆਵਾਜ਼ ਹਨ ਅਤੇ ਇਹ ਨਤੀਜੇ ਦੇਸ਼ ਦੀ ਕੌਮੀ ਸਿਆਸਤ ’ਤੇ ਵੀ ਵੱਡਾ ਅਸਰ ਪਾਉਣਗੇ। ਤਿੰਨ ਰਾਜਾਂ ਵਿੱਚ ਮਿਲੀ ਸਫਲਤਾ ਤੋਂ ਬਾਅਦ ਭਾਜਪਾ ਕੇਂਦਰ ਵਿੱਚ ਵੀ ਹੋਰ ਮਜ਼ਬੂਤ ਹੋ ਕੇ ਉਭਰੇਗੀ, ਜਦੋਂ ਕਿ ਕਾਂਗਰਸ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਅਗਲੀ ਰਣਨੀਤੀ ਬਣਾਉਣ ਲਈ ਬਹੁਤ ਸੋਚ ਸਮਝ ਕੇ ਕਦਮ ਚੁੱਕਣੇ ਪੈਣਗੇ।

**ਖੇਤਰੀ ਦਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ ਭਾਜਪਾ**

ਪਿਛਲੇ ਕੁਝ ਸਾਲਾਂ ਦੌਰਾਨ ਭਾਜਪਾ ਨੇ ਆਪਣੀ ਰਣਨੀਤੀ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। ਪਹਿਲਾਂ ਭਾਜਪਾ ਦਾ ਸਾਰਾ ਧਿਆਨ ਕਾਂਗਰਸ ਨੂੰ ਹਰਾਉਣ ਵੱਲ ਲੱਗਿਆ ਰਹਿੰਦਾ ਸੀ ਅਤੇ ਉਹ ਖੇਤਰੀ ਦਲਾਂ ਨਾਲ ਸਿਆਸੀ ਗਠਜੋੜ ਕਰਨ ਨੂੰ ਤਰਜੀਹ ਦਿੰਦੀ ਸੀ ਪਰ ਹੁਣ ਭਾਜਪਾ ਨੇ ਆਪਣੀ ਰਣਨੀਤੀ ਬਦਲਦਿਆਂ ਕਾਂਗਰਸ ਦੇ ਨਾਲ ਖੇਤਰੀ ਦਲਾਂ ਨੂੰ ਕਮਜ਼ੋਰ ਕਰਕੇ ਉਹਨਾਂ ਨੂੰ ਹਰਾਉਣ ਦੀ ਨੀਤੀ ਅਪਨਾਅ ਲਈ ਹੈ। ਖੇਤਰੀ ਪਾਰਟੀਆਂ ਲਈ, ਭਾਜਪਾ ਦਾ ਅਜਿਹਾ ਪ੍ਰਦਰਸ਼ਨ ਹੁਣ ਉਨ੍ਹਾਂ ਦੇ ਵਜੂਦ ਲਈ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਮਹਾਰਾਸ਼ਟਰ ਵਿੱਚ, ਸ਼ਿਵ ਸੈਨਾ, ਐਨ.ਸੀ.ਪੀ. ਅਤੇ ਕਾਂਗਰਸ ਨੇ ਭਾਜਪਾ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਅਤੇ ਭਾਜਪਾ ਨੇ ਪਹਿਲਾਂ ਸ਼ਿਵ ਸੈਨਾ ਅਤੇ ਫਿਰ ਐਨ.ਸੀ.ਪੀ. ਨੂੰ ਵੰਡ ਦਿੱਤਾ। ਹੁਣ ਇਹ ਖੇਤਰੀ ਪਾਰਟੀਆਂ ਇਸ ਰਾਜ ਵਿੱਚ ਇਕੱਲੇ ਭਾਜਪਾ ਦਾ ਸਾਹਮਣਾ ਕਰਨ ਲਈ ਇੰਨੀਆਂ ਮਜ਼ਬੂਤ ਨਹੀਂ ਹਨ। ਹਰਿਆਣਾ ਵਿੱਚ, ਭਾਜਪਾ ਨੇ ਜੇ.ਜੇ.ਪੀ. ਨਾਲ ਉਹੀ ਚਾਲ ਖੇਡੀ। ਓਡੀਸ਼ਾ ਵਿੱਚ ਬੀਜੂ ਜਨਤਾ ਦਲ ਨੂੰ ਵਿਰੋਧੀ ਧਿਰ ਵਿੱਚ ਮਜਬੂਰ ਕੀਤਾ ਗਿਆ। ਬਿਹਾਰ ਵਿੱਚ, ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਲਾਲੂ ਪ੍ਰਸਾਦ ਯਾਦਵ ਦੀ ਬਦੌਲਤ ਬਚਿਆ ਹੈ। ਭਾਜਪਾ ਨੇ ਲੋਕ ਜਨਸ਼ਕਤੀ ਪਾਰਟੀ ਨੂੰ ਵੀ ਤੋੜ ਦਿੱਤਾ ਹੈ। ਜਨਤਾ ਦਲ (ਯੂਨਾਈਟਿਡ) ਭਾਜਪਾ ਨਾਲ ਸੱਤਾ ਵਿੱਚ ਸੀ, ਪਰ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਕੇ, ਭਾਜਪਾ ਨੇ ਇਸ ਦਾ ਸਾਹਮਣਾ ਜ਼ਮੀਨੀ ਹਕੀਕਤਾਂ ਨਾਲ ਕਰਵਾ ਦਿੱਤਾ ਹੈ। ਦਿੱਲੀ ਵਿੱਚ, ਆਮ ਆਦਮੀ ਪਾਰਟੀ ਪਹਿਲਾਂ ਹਾਰ ਗਈ ਸੀ ਅਤੇ ਹੁਣ ਟੁੱਟ ਗਈ ਹੈ। ਵਰਤਮਾਨ ਵਿੱਚ, ਪੰਜਾਬ ਵਿੱਚ ਸਿਰਫ਼ ‘ਆਪ’, ਇੱਕ ਗ਼ੈਰ-ਭਾਜਪਾ, ਗ਼ੈਰ-ਕਾਂਗਰਸੀ ਸਰਕਾਰ, ਸੱਤਾ ਵਿੱਚ ਹੈ। ਇੱਥੇ, ਸ਼੍ਰੋਮਣੀ ਅਕਾਲੀ ਦਲ ਨੂੰ ਵੀ ਭਾਜਪਾ ਨੇ ਪਹਿਲਾਂ ਹੀ ਤਬਾਹ ਕਰ ਦਿੱਤਾ ਹੈ। ਅਗਲੇ ਸਾਲ ਹੋਣ ਵਾਲੀਆਂ ਚੋਣਾਂ ਤੋਂ ਪਤਾ ਲੱਗੇਗਾ ਕਿ ਕੀ ਕਾਂਗਰਸ ਪੰਜਾਬ ’ਚ ਪਹਿਲਾਂ ਵਾਂਗ ਜਿੱਤੇਗੀ ? ਜਾਂ ਕੀ ਇਹ ਰਾਜ ਵੀ ਭਾਜਪਾ ਦੇ ਹੱਥ ਆ ਜਾਵੇਗਾ। ਅਖਿਲੇਸ਼ ਯਾਦਵ ਨੂੰ ਅਗਲੇ ਸਾਲ ਉੱਤਰ ਪ੍ਰਦੇਸ਼ ਵਿੱਚ ਵੀ ਇਸੇ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਉਹ ਭਾਜਪਾ ਨੂੰ ਹਰਾ ਸਕਦੇ ਹਨ, ਤਾਂ ਸਮਾਜਵਾਦੀ ਪਾਰਟੀ ਦਾ ਵਜੂਦ ਮਜ਼ਬੂਤ ਹੋ ਜਾਵੇਗਾ। ਬਸਪਾ ਪਹਿਲਾਂ ਹੀ ਇੱਥੇ ਭਾਜਪਾ ਅੱਗੇ ਆਤਮ ਸਮਰਪਣ ਕਰ ਚੁੱਕੀ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਸਾਲ 2029 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਵਿਚਾਲੇ ਹੋਣ ਦੀ ਸੰਭਾਵਨਾ ਹੈ, ਕਿਉਂਕਿ ਭਾਜਪਾ ਹੌਲੀ ਹੌਲੀ ਖੇਤਰੀ ਸਿਆਸੀ ਦਲਾਂ ਨੂੰ ਕਮਜ਼ੋਰ ਕਰ ਰਹੀ ਹੈ।

## ਭਾਜਪਾ ਵੱਲੋਂ ‘ਮਿਸ਼ਨ ਪੰਜਾਬ’ ਸ਼ੁਰੂ

ਪੰਜ ਰਾਜਾਂ ਦੀਆਂ ਚੋਣਾਂ ਵਿੱਚ ਮਿਲੀ ਵੱਡੀ ਸਫ਼ਲਤਾ ਤੋਂ ਬਾਅਦ ਭਾਜਪਾ ਦੇ ਵੱਖ-ਵੱਖ ਆਗੂਆਂ ਨੇ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਭਾਜਪਾ ਹੁਣ ਪੰਜਾਬ ਵਿੱਚ ਜਲਦੀ ਹੀ ਸਰਕਾਰ ਬਣਾਏਗੀ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਭਾਜਪਾ ਨੇ ਤਿੰਨ ਰਾਜਾਂ ਦੀਆਂ ਚੋਣਾਂ ਜਿੱਤਣ ਤੋਂ ਤੁਰੰਤ ਬਾਅਦ ‘ਮਿਸ਼ਨ ਪੰਜਾਬ’ ’ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਵੇਂ ਭਾਜਪਾ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਜ਼ਮੀਨੀ ਪੱਧਰ ਤੋਂ ਤਿਆਰੀ ਕਰ ਰਹੀ ਹੈ, ਹੁਣ ਉਸ ਨੇ ਪੰਜਾਬ ਦੀ ਸੱਤਾ ਹਾਸਲ ਕਰਨਾ ਆਪਣਾ ਮਕਸਦ ਜਨਤਕ ਕਰ ਦਿੱਤਾ ਹੈ। ਭਾਵੇਂ ਭਾਜਪਾ ਘੱਟ ਗਿਣਤੀ ਨਾਲ ਸ਼ੁਰੂਆਤ ਕਰਦੀ ਹੈ, ਇਹ ਆਪਣੀਆਂ ਰਣਨੀਤੀਆਂ ਅਤੇ ਤਰੀਕਿਆਂ ਦੁਆਰਾ ਜਲਦੀ ਹੀ ਵੱਡੀ ਗਿਣਤੀ ਪ੍ਰਾਪਤ ਕਰ ਸਕਦੀ ਹੈ, ਜਾਇਜ਼ ਅਤੇ ਨਾਜਾਇਜ਼ ਦੋਵੇਂ ਤਰੀਕਿਆਂ ਨੂੰ ਅਪਨਾਅ ਕੇ। ਪੱਛਮੀ ਬੰਗਾਲ ਇਸ ਦੀ ਇੱਕ ਉਦਾਹਰਣ ਹੈ। ਭਾਜਪਾ ਪੰਜਾਬ ਜਿੱਤਣ ਦਾ ਸੁਪਨਾ ਲਗਾਤਾਰ ਵੇਖ ਰਹੀ ਹੈ, ਇਹ ਤਾਂ ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਭਾਜਪਾ ਦਾ ਇਹ ਸੁਪਨਾ ਪੂਰਾ ਹੁੰਦਾ ਹੈ ਜਾਂ ਨਹੀਂ।

# ਕੀ ਬੰਗਾਲ ਦੀ ਜਿੱਤ ਦਾ ਪਰਛਾਵਾਂ ਪੰਜਾਬ ’ਤੇ ਪਵੇਗਾ ?

## ➢ ਖੇਤਰੀ ਪਾਰਟੀਆਂ ਚਿੰਤਾ ਵਿੱਚ ➢ ਕੀ ਹੈ ਰਾਘਵ ਚੱਢਾ ਤੇ ਸੰਦੀਪ ਪਾਠਕ ਰਾਹੀਂ ਭਾਜਪਾ ਦੀ ਨਵੀਂ ਰਣਨੀਤੀ

ਤਿੰਨ ਸੂਬਿਆਂ ਦੇ ਚੋਣ ਨਤੀਜਿਆਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੌਸਲੇ ਬੁਲੰਦ ਕੀਤੇ ਹਨ, ਜਿਸ ਦਾ ਸਿੱਧਾ ਅਸਰ ਹੁਣ ਪੰਜਾਬ ਦੀ ਸਿਆਸੀ ਫ਼ਿਜ਼ਾ ਵਿੱਚ ਦੇਖਣ ਨੂੰ ਮਿਲਣ ਦੀ ਸੰਭਾਵਨਾ ਬਣ ਰਹੀ ਹੈ। ਭਾਰਤ ਦੀ ਰਾਜਨੀਤੀ ਵਿੱਚ ਇਸ ਵੇਲੇ ਇੱਕ ਅਜਿਹਾ ਦੌਰ ਚੱਲ ਰਿਹਾ ਹੈ ਜਿੱਥੇ ਇੱਕ-ਇੱਕ ਕਰਕੇ ਖੇਤਰੀ ਪਾਰਟੀਆਂ ਦੇ ਪੈਰ ਉਖੜਦੇ ਜਾ ਰਹੇ ਹਨ। ਤਾਜ਼ਾ ਚੋਣ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਜਿਨ੍ਹਾਂ ਰਾਜਾਂ ਵਿੱਚ ਖੇਤਰੀ ਪਾਰਟੀਆਂ ਦਾ ਦਹਾਕਿਆਂ ਤੱਕ ਬੋਲਬਾਲਾ ਰਿਹਾ, ਉੱਥੇ ਹੁਣ ਰਾਸ਼ਟਰੀ ਪਾਰਟੀਆਂ, ਖਾਸ ਕਰਕੇ ਭਾਜਪਾ, ਨੇ ਆਪਣਾ ਪ੍ਰਭਾਵ ਬਹੁਤ ਵਧਾ ਲਿਆ ਹੈ। ਪੱਛਮੀ ਬੰਗਾਲ ਵਿੱਚ ਮਮਤਾ ਬਨਰਜੀ ਦੀ ਤ੍ਰਿਣਮੂਲ ਕਾਂਗਰਸ ਹਾਰ ਕੇ ਸੱਤਾ ਤੋਂ ਬਾਹਰ ਹੋ ਚੁੱਕੀ ਹੈ। ਤਮਿਲਨਾਡੂ ਵਿੱਚ ਐਮ.ਕੇ. ਸਟਾਲਿਨ ਦੀ ਡੀ.ਐਮ.ਕੇ. ਨਾ ਸਿਰਫ ਹਾਰੀ ਹੈ, ਸਗੋਂ ਤੀਜੇ ਨੰਬਰ ’ਤੇ ਪਹੁੰਚ ਗਈ ਹੈ। ਬਿਹਾਰ ਵਿੱਚ ਲਾਲੂ ਪ੍ਰਸਾਦ ਦੀ ਆਰ.ਜੇ.ਡੀ. 25 ਸੀਟਾਂ ’ਤੇ ਸਿਮਟ ਗਈ ਹੈ ਅਤੇ ਨੀਤੀਸ਼ ਕੁਮਾਰ ਦੀ ਜੇ.ਡੀ.ਯੂ. ਦਾ ਭਵਿੱਖ ਵੀ ਧੁੰਦਲਾ ਨਜ਼ਰ ਆ ਰਿਹਾ ਹੈ।

ਓਡੀਸ਼ਾ ਵਿਖੇ 25 ਸਾਲ ਰਾਜ ਕਰਨ ਤੋਂ ਬਾਅਦ ਨਵੀਨ ਪਟਨਾਇਕ ਦੀ ਬੀਜਦ ਸੱਤਾ ਤੋਂ ਬਾਹਰ ਹੋ ਗਈ ਹੈ ਅਤੇ ਪਾਰਟੀ ਵਿੱਚ ਬਿਖਰਾਵ ਸ਼ੁਰੂ ਹੋ ਗਿਆ ਹੈ। ਮਹਾਰਾਸ਼ਟਰ ਅਤੇ ਤੇਲੰਗਾਨਾ ਵਿੱਚ ਸ਼ਿਵ ਸੈਨਾ ਅਤੇ ਐਨ.ਸੀ.ਪੀ. ਵਿੱਚ ਹੋਈ ਟੁੱਟ ਨੇ ਉਨ੍ਹਾਂ ਨੂੰ ਕਮਜ਼ੋਰ ਕਰ ਦਿੱਤਾ ਹੈ, ਜਦਕਿ ਤੇਲੰਗਾਨਾ ਵਿੱਚ ਬੀ.ਆਰ.ਐਸ. ਦਾ ਆਧਾਰ ਖਿਸਕ ਗਿਆ ਹੈ।

ਪੱਛਮੀ ਬੰਗਾਲ ਵਰਗੇ ਰਾਜਾਂ ਵਿੱਚ ਮਿਲੀ ਜਿੱਤ ਤੋਂ ਬਾਅਦ ਭਾਜਪਾ ਹੁਣ ਪੰਜਾਬ ਨੂੰ




ਆਪਣੇ ਅਗਲੇ ‘ਮਿਸ਼ਨ’ ਵਜੋਂ ਦੇਖ ਰਹੀ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਦੂਜੇ ਰਾਜਾਂ ਦਾ ਚੋਣ ਫਾਰਮੂਲਾ ਪੰਜਾਬ ਦੀ ਗੁੰਝਲਦਾਰ ਅਤੇ ਵਿਲੱਖਣ ਸਿਆਸਤ ਵਿੱਚ ਕਾਰਗਰ ਸਿੱਧ ਹੋਵੇਗਾ ? ਭਾਜਪਾ ਦੀ ਨਵੀਂ ਰਣਨੀਤੀ ਵਿੱਚ ਸਭ ਤੋਂ ਦਿਲਚਸਪ ਪਹਿਲੂ ਰਾਘਵ ਚੱਢਾ ਅਤੇ ਸੰਦੀਪ ਪਾਠਕ ਵਰਗੇ ਰਣਨੀਤੀਕਾਰਾਂ ਨੂੰ ਆਪਣੇ ਪਾਲੇ ਵਿੱਚ ਕਰਕੇ ਵਰਤਣ ਦੀ ਕੋਸ਼ਿਸ਼ ਹੈ। ਇਹ ਉਹੀ ਚਿਹਰੇ ਹਨ ਜਿਨ੍ਹਾਂ ਨੇ 2022 ਵਿੱਚ ‘ਆਮ ਆਦਮੀ ਪਾਰਟੀ’ ਦੀ ਇਤਿਹਾਸਕ ਜਿੱਤ ਦੀ ਨੀਂਹ ਰੱਖੀ ਸੀ। ਭਾਜਪਾ ਦਾ ਇਹ ਕਦਮ ਦਰਸਾਉਂਦਾ ਹੈ ਕਿ ਉਹ ਪੰਜਾਬ ਵਿੱਚ ਸੰਗਠਨਾਤਮਕ ਮਜ਼ਬੂਤੀ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਹਾਲਾਂਕਿ, ਭਾਜਪਾ ਲਈ ਰਾਹ ਇੰਨਾ ਸੁਖਾਲਾ ਨਹੀਂ ਹੈ। ਦਿਹਾਤੀ ਪੰਜਾਬ ਅਤੇ ਕਿਸਾਨੀ ਰੋਹ ਅਜੇ ਵੀ ਭਾਜਪਾ ਲਈ ਸਭ ਤੋਂ ਵੱਡੀ ਕੰਧ ਬਣੇ ਹੋਏ ਹਨ। ਖੇਤੀ ਕਾਨੂੰਨਾਂ ਵਿਰੁੱਧ ਹੋਏ ਅੰਦੋਲਨ ਦੇ ਜ਼ਖ਼ਮ ਅਜੇ ਭਰੇ ਨਹੀਂ ਹਨ। ਜਦੋਂ ਤੱਕ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਦੀਆਂ ਮੰਗਾਂ ਅਤੇ ਭਾਵਨਾਵਾਂ ਨੂੰ ਸੰਜੀਦਗੀ ਨਾਲ ਨਹੀਂ ਲੈਂਦੀ, ਉਦੋਂ ਤੱਕ ਸਿਰਫ਼ ਚੋਣ ਪ੍ਰਬੰਧਨ ਦੇ ਦਮ ’ਤੇ ਪੰਜਾਬ ਦੀ ਸੱਤਾ ਹਾਸਲ ਕਰਨਾ ਇੱਕ ਵੱਡੀ ਚੁਣੌਤੀ ਰਹੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਤੋਂ ਇਲਾਵਾ, ਪੰਜਾਬ ਦੀ ਸਮਾਜਿਕ ਬਣਤਰ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਇੰਨੀ ਗੂੜ੍ਹੀ ਹੈ ਕਿ ਇੱਥੇ ‘ਵੋਟਾਂ ਦਾ ਧਰੁਵੀਕਰਨ’ ਕਰਨਾ ਹਮੇਸ਼ਾ ਮੁਸ਼ਕਿਲ ਰਿਹਾ ਹੈ। ਭਾਜਪਾ ਦਾ ਵੋਟ ਫ਼ੀਸਦੀ 2022 (6.6%) ਦੇ ਮੁਕਾਬਲੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਕੇ 18.56% ਹੋਣਾ ਇਹ ਤਾਂ ਦਰਸਾਉਂਦਾ ਹੈ ਕਿ ਪਾਰਟੀ ਦਾ ਆਧਾਰ ਵਧ ਰਿਹਾ ਹੈ, ਪਰ ਵਿਧਾਨ ਸਭਾ ਵਿੱਚ ਬਹੁਮਤ ਤੱਕ ਪਹੁੰਚਣ ਲਈ ਇਹ ਅੰਕੜਾ ਅਜੇ ਬਹੁਤ ਦੂਰ ਹੈ।

**(ਬਾਕੀ ਸਫ਼ਾ 26 ’ਤੇ)**

# ਟਰੰਪ ਦੀ 'ਵਪਾਰਕ ਤਲਵਾਰ' ਭਾਰਤ 'ਤੇ ਲਟਕੀ, ਮੋਦੀ ਸਰਕਾਰ ਚੁੱਪ

## ਭਾਰਤ ਕਦੋਂ ਤੱਕ ਸਹੇਗਾ ਅਮਰੀਕਾ ਦਾ ਦਬਾਅ ? ਟਰੰਪ ਪ੍ਰਸ਼ਾਸਨ ਦੇ ਅੜੀਅਲ ਵਤੀਰੇ ਅੱਗੇ ਭਾਰਤੀ ਵਾਰਤਾਕਾਰ ਸਿਰਫ਼ ਜੀ-ਹਜ਼ੂਰੀ ਲਈ ਮਜ਼ਬੂਰ

ਅਮਰੀਕਾ ਦੇ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਭਾਰਤ ਨੂੰ ਆਪਣੀ 'ਵਿਸ਼ੇਸ਼ 301 ਰਿਪੋਰਟ' ਦੀ ਨਿਗਰਾਨੀ ਸੂਚੀ ਵਿੱਚ ਬਰਕਰਾਰ ਰੱਖਣਾ ਇਹ ਸਪੱਸ਼ਟ ਕਰਦਾ ਹੈ ਕਿ ਅਮਰੀਕਾ ਵਪਾਰਕ ਗੱਲਬਾਤ ਦੇ ਨਾਂਅ 'ਤੇ ਭਾਰਤ ਉੱਤੇ ਲਗਾਤਾਰ ਦਬਾਅ ਬਣਾਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਇਸ ਕਦਮ ਦਾ ਸਿੱਧਾ ਮਤਲਬ ਹੈ ਕਿ ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਬੌਧਿਕ ਸੰਪਤੀ ਅਤੇ ਖਾਸ ਕਰਕੇ ਦਵਾਈਆਂ ਦੇ ਖੇਤਰ ਨਾਲ ਸਬੰਧਿਤ ਕਾਨੂੰਨਾਂ ਵਿੱਚ ਬਦਲਾਅ ਕਰੇ, ਤਾਂ ਜੋ ਅਮਰੀਕੀ ਕੰਪਨੀਆਂ ਭਾਰਤੀ ਬਾਜ਼ਾਰ ਵਿੱਚੋਂ ਮੋਟਾ ਮੁਨਾਫਾ ਕਮਾ ਸਕਣ। ਇਸ ਸੂਚੀ ਵਿੱਚ ਭਾਰਤ ਦੇ ਹੋਣ ਦਾ ਮਤਲਬ ਹੈ ਕਿ ਅਮਰੀਕਾ ਭਵਿੱਖ ਵਿੱਚ ਭਾਰਤੀ ਵਸਤੂਆਂ 'ਤੇ ਭਾਰੀ ਟੈਕਸ ਲਗਾ ਸਕਦਾ ਹੈ ਜਾਂ ਵਪਾਰਕ ਸਹੂਲਤਾਂ ਵਾਪਸ ਲੈ ਸਕਦਾ ਹੈ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਆਪਣੇ ਪੇਟੈਂਟ ਕਾਨੂੰਨਾਂ ਵਿੱਚ ਢਿੱਲ ਦੇਵੇ। ਅਮਰੀਕੀ ਕੰਪਨੀਆਂ ਚਾਹੁੰਦੀਆਂ ਹਨ ਕਿ ਭਾਰਤ ਵਿੱਚ ਉਨ੍ਹਾਂ ਦੀਆਂ ਮਹਿੰਗੀਆਂ ਦਵਾਈਆਂ ਦੇ ਪੇਟੈਂਟ ਦੀ ਮਿਆਦ ਵਾਰ-ਵਾਰ ਵਧਾਈ ਜਾ ਸਕੇ । ਭਾਰਤ ਇਸ ਦਾ ਵਿਰੋਧ ਕਰਦਾ ਹੈ ਤਾਂ ਜੋ ਦੇਸ਼ ਵਿੱਚ ਸਸਤੀਆਂ ਜੈਨਰਿਕ ਦਵਾਈਆਂ ਬਣਦੀਆਂ ਰਹਿਣ ਅਤੇ ਗਰੀਬ ਜਨਤਾ ਨੂੰ ਇਲਾਜ ਮਿਲ ਸਕੇ।

ਟਰੰਪ ਪ੍ਰਸ਼ਾਸਨ 'ਪਾਰਸਪਰਿਕ ਟੈਕਸ' ਦੀ ਵਕਾਲਤ ਕਰ ਰਿਹਾ ਹੈ। ਅਮਰੀਕਾ ਦਾ ਤਰਕ ਹੁੰਦਾ ਹੈ: 'ਜੇ ਤੁਸੀਂ ਸਾਡੇ 'ਤੇ ਟੈਕਸ ਲਗਾਓਗੇ, ਤਾਂ ਅਸੀਂ ਵੀ ਤੁਹਾਡੇ 'ਤੇ ਉਨਾ ਹੀ ਟੈਕਸ ਲਗਾਵਾਂਗੇ।'




ਜੇਕਰ ਭਾਰਤ ਅਮਰੀਕੀ ਉਤਪਾਦਾਂ (ਜਿਵੇਂ ਹਾਰਲੇ ਡੇਵਿਡਸਨ ਬਾਈਕ ਜਾਂ ਮੈਡੀਕਲ ਉਪਕਰਣਾਂ) 'ਤੇ ਟੈਕਸ ਲਗਾਉਂਦਾ ਹੈ, ਤਾਂ ਅਮਰੀਕਾ ਵੀ ਭਾਰਤੀ ਉਤਪਾਦਾਂ 'ਤੇ ਜਵਾਬੀ ਟੈਕਸ ਲਗਾਉਣ ਦੀ ਧਮਕੀ ਦਿੰਦਾ ਹੈ। ਹਾਲ ਹੀ ਵਿੱਚ ਕੁਝ ਖਾਸ ਖੇਤਰਾਂ (ਜਿਵੇਂ ਸੋਲਰ ਪੈਨਲ ਅਤੇ ਕੁਝ ਤਕਨੀਕੀ ਉਤਪਾਦਾਂ) 'ਤੇ ਉੱਚੇ ਟੈਕਸ ਲਗਾ ਕੇ ਦਬਾਅ ਬਣਾਇਆ ਗਿਆ ਹੈ।

ਭਾਰਤ ਨੇ ਹਮੇਸ਼ਾ ਇਹ ਦਲੀਲ ਦਿੱਤੀ ਹੈ ਕਿ ਉਸ ਦੇ ਪੇਟੈਂਟ ਕਾਨੂੰਨ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੇ ਅਨੁਕੂਲ ਹਨ। ਭਾਰਤ ਲਈ ਜਨਤਕ ਸਿਹਤ ਅਤੇ ਆਮ ਲੋਕਾਂ ਨੂੰ ਸਸਤੀਆਂ ਦਵਾਈਆਂ ਮੁਹੱਈਆ ਕਰਵਾਉਣਾ ਇੱਕ ਸੰਵਿਧਾਨਕ ਅਤੇ ਨੈਤਿਕ ਜ਼ਿੰਮੇਵਾਰੀ ਹੈ। ਭਾਰਤੀ ਦਵਾਈ ਕੰਪਨੀਆਂ ਨੂੰ ਦਿੱਤੀ ਗਈ ਕਾਨੂੰਨੀ ਸੁਰੱਖਿਆ ਇਸੇ ਉਦੇਸ਼ ਦੀ ਪੂਰਤੀ ਕਰਦੀ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਟਰੰਪ ਪ੍ਰਸ਼ਾਸਨ ਨੇ ਭਾਰਤ ਦੇ ਇਹਨਾਂ ਤਰਕਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਵਿਰੋਧੀ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਹੋਰ ਖੇਤਰੀ ਪਾਰਟੀਆਂ, ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਉਠਾ ਰਹੀਆਂ ਹਨ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਅਤੇ ਟਰੰਪ ਪ੍ਰਸ਼ਾਸਨ ਵਿਚਾਲੇ 'ਨਿੱਜੀ ਦੋਸਤੀ' ਦੇ ਦਾਅਵਿਆਂ ਦੇ ਬਾਵਜੂਦ, ਅਮਰੀਕਾ ਭਾਰਤ 'ਤੇ ਵਪਾਰਕ ਦਬਾਅ ਕਿਉਂ ਬਣਾ ਰਿਹਾ ਹੈ। ਵਿਰੋਧੀ ਨੇਤਾਵਾਂ ਦਾ ਇਲਜ਼ਾਮ ਹੈ ਕਿ ਭਾਰਤੀ ਵਾਰਤਾਕਾਰ ਅਮਰੀਕਾ ਅੱਗੇ ਮਜ਼ਬੂਤੀ ਨਾਲ ਪੱਖ ਨਹੀਂ ਰੱਖ ਪਾ ਰਹੇ, ਜਿਸ ਕਾਰਨ ਭਾਰਤ ਨੂੰ 'ਨਿਗਰਾਨੀ ਸੂਚੀ' ਵਿੱਚ ਰੱਖਿਆ ਗਿਆ ਹੈ। ਵਿਰੋਧੀ ਧਿਰ ਚਿਤਾਵਨੀ ਦੇ ਰਹੀ ਹੈ ਕਿ ਜੇਕਰ ਸਰਕਾਰ ਨੇ ਅਮਰੀਕੀ ਦਬਾਅ ਹੇਠ ਪੇਟੈਂਟ ਕਾਨੂੰਨ ਬਦਲੇ, ਤਾਂ ਦੇਸ਼ ਵਿੱਚ ਦਵਾਈਆਂ ਬਹੁਤ ਮਹਿੰਗੀਆਂ ਹੋ ਜਾਣਗੀਆਂ, ਜੋ ਗਰੀਬ ਜਨਤਾ ਨਾਲ ਧੋਖਾ ਹੋਵੇਗਾ। ਨਾਮਵਰ ਮਾਹਿਰਾਂ ਜਿਵੇਂ ਕਿ ਅਜੈ ਸ਼੍ਰੀਵਾਸਤਵ (ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਦੇ ਸੰਸਥਾਪਕ) ਅਤੇ ਹੋਰ ਆਰਥਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ: ਕਿ ਭਾਰਤ ਦੇ ਕਾਨੂੰਨ ਪਹਿਲਾਂ ਹੀ ਵਿਸ਼ਵ ਵਪਾਰ ਸੰਗਠਨ ਦੇ ਅਨੁਕੂਲ ਹਨ। ਅਮਰੀਕਾ ਵੱਲੋਂ ਵਧੇਰੇ ਸਖ਼ਤ ਨਿਯਮ ਦੀ ਮੰਗ ਕਰਨਾ ਗਲਤ ਹੈ। ਮਾਹਿਰ ਕਹਿੰਦੇ ਹਨ ਕਿ ਭਾਰਤ ਦੁਨੀਆ ਦੀ 20% ਜੈਨਰਿਕ ਦਵਾਈਆਂ ਦੀ ਸਪਲਾਈ ਕਰਦਾ ਹੈ। ਜੇਕਰ ਅਮਰੀਕਾ ਪਾਬੰਦੀਆਂ ਲਗਾਉਂਦਾ ਹੈ, ਤਾਂ ਇਸ ਨਾਲ ਸਿਰਫ਼ ਭਾਰਤ ਹੀ ਨਹੀਂ, ਸਗੋਂ ਅਮਰੀਕੀ ਸਿਹਤ ਪ੍ਰਣਾਲੀ 'ਤੇ ਵੀ ਮਾੜਾ ਅਸਰ ਪਵੇਗਾ। ਚੈਥਮ ਹਾਊਸ ਵਰਗੇ ਥਿੰਕ-ਟੈਂਕ ਮੰਨਦੇ ਹਨ ਕਿ 2026 ਵਿੱਚ ਭਾਰਤ ਲਈ ਆਪਣੀ ਆਰਥਿਕ ਆਜ਼ਾਦੀ ਬਣਾਈ ਰੱਖਣਾ ਇੱਕ ਵੱਡੀ ਚੁਣੌਤੀ ਹੋਵੇਗੀ। ਅਮਰੀਕਾ ਦਾ ਅਸਲ ਮਕਸਦ ਸਿਰਫ ਵਪਾਰ ਸੁਧਾਰਨਾ ਨਹੀਂ, ਸਗੋਂ ਅਮਰੀਕੀ ਫਾਰਮਾ ਕੰਪਨੀਆਂ ਚਾਹੁੰਦੀਆਂ ਹਨ ਕਿ ਭਾਰਤ ਵਿੱਚ ਉਨ੍ਹਾਂ ਦੇ ਪੇਟੈਂਟ ਦੀ ਮਿਆਦ ਵਧੇ ਤਾਂ ਜੋ ਉਹ ਮਹਿੰਗੀਆਂ ਦਵਾਈਆਂ ਵੇਚ ਸਕਣ। ਟਰੰਪ ਪ੍ਰਸ਼ਾਸਨ ਚਾਹੁੰਦਾ ਹੈ ਕਿ ਕੰਪਨੀਆਂ ਭਾਰਤ ਜਾਂ ਚੀਨ ਦੀ ਬਜਾਏ ਅਮਰੀਕਾ ਵਿੱਚ ਨਿਰਮਾਣ ਕਰਨ। ਉਹ ਚਾਹੁੰਦੇ ਹਨ ਕਿ ਭਾਰਤ ਆਪਣੇ ਖੇਤੀਬਾੜੀ ਅਤੇ ਡੇਅਰੀ ਸੈਕਟਰ ਨੂੰ ਅਮਰੀਕੀ ਉਤਪਾਦਾਂ ਲਈ ਪੂਰੀ ਤਰ੍ਹਾਂ ਖੋਲ੍ਹ ਦੇਵੇ।

ਭਾਰਤ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ 'ਨੈਸ਼ਨਲ ਹੈਲਥ' (ਜਨਤਕ ਸਿਹਤ) ਨਾਲ ਕੋਈ ਸਮਝੌਤਾ ਨਹੀਂ ਹੋਵੇਗਾ। ਜੇਕਰ ਅਮਰੀਕਾ ਪਾਰਸਪਰਿਕ ਟੈਕਸ ਲਗਾਉਂਦਾ ਹੈ, ਤਾਂ ਭਾਰਤ ਨੂੰ ਵੀ ਅਮਰੀਕੀ ਤਕਨੀਕੀ ਉਤਪਾਦਾਂ 'ਤੇ ਸਖ਼ਤੀ ਕਰਨੀ ਚਾਹੀਦੀ ਹੈ। ਭਾਰਤ ਨੂੰ ਸਿਰਫ਼ ਅਮਰੀਕਾ 'ਤੇ ਨਿਰਭਰ ਰਹਿਣ ਦੀ ਬਜਾਏ ਯੂਰਪੀ ਸੰਘ ਅਤੇ ਹੋਰ ਦੇਸ਼ਾਂ ਨਾਲ ਆਪਣੇ ਵਪਾਰਕ ਸਬੰਧ ਹੋਰ ਮਜ਼ਬੂਤ ਕਰਨੇ ਚਾਹੀਦੇ ਹਨ।

ਇੱਥੇ ਵੱਡਾ ਸਵਾਲ ਭਾਰਤੀ ਵਪਾਰਕ ਵਾਰਤਾਕਾਰਾਂ ਦੀ ਭੂਮਿਕਾ 'ਤੇ ਵੀ ਉੱਠਦਾ ਹੈ। ਜਦੋਂ ਇੱਕ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਮਝੌਤੇ ਨੂੰ ਲੈ ਕੇ ਸਕਾਰਾਤਮਕ ਗੱਲਬਾਤ ਹੋ ਰਹੀ ਹੈ, ਤਾਂ ਦੂਜੇ ਪਾਸੇ ਅਮਰੀਕਾ ਵੱਲੋਂ ਪਾਬੰਦੀਆਂ ਜਾਂ ਉੱਚੇ ਟੈਕਸਾਂ ਦੀ ਤਲਵਾਰ ਲਟਕਾ ਕੇ ਰੱਖਣਾ ਕਿਸ ਤਰ੍ਹਾਂ ਦਾ ਨਿਆਂ ਹੈ ? ਇਹ ਸਥਿਤੀ ਭਾਰਤ ਲਈ ਚਿੰਤਾਜਨਕ ਹੈ। ਕੀ ਸਾਡੇ ਅਧਿਕਾਰੀ ਬਰਾਬਰੀ ਦੇ ਆਧਾਰ 'ਤੇ ਗੱਲਬਾਤ ਕਰ ਰਹੇ ਹਨ ਜਾਂ ਸਿਰਫ ਅਮਰੀਕੀ ਸ਼ਰਤਾਂ ਨੂੰ ਪ੍ਰਵਾਨ ਕਰ ਰਹੇ ਹਨ ?

ਭਾਰਤੀ ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਹੁਣ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਹਰ ਰਿਆਇਤ ਤੋਂ ਬਾਅਦ ਨਵਾਂ ਦਬਾਅ ਪਾਉਣ ਦੀ ਅਮਰੀਕੀ ਨੀਤੀ ਹੁਣ ਹੋਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਪਾਰਕ ਰਿਸ਼ਤੇ ਆਪਸੀ ਸਤਿਕਾਰ ਅਤੇ ਹਿੱਤਾਂ 'ਤੇ ਟਿਕੇ ਹੁੰਦੇ ਹਨ, ਨਾ ਕਿ ਇੱਕਪਾਸੜ ਡਿਕਟੇਸ਼ਨ 'ਤੇ। ਭਾਰਤ ਨੂੰ ਆਪਣੀ ਜਨਤਾ ਦੇ ਹਿੱਤਾਂ, ਖਾਸ ਕਰਕੇ ਸਿਹਤ ਸਹੂਲਤਾਂ ਨਾਲ ਸਮਝੌਤਾ ਕੀਤੇ ਬਿਨਾਂ ਆਪਣਾ ਪੱਖ ਮਜ਼ਬੂਤੀ ਨਾਲ ਰੱਖਣ ਦੀ ਲੋੜ ਹੈ।

# ਆਰਜ਼ੀ ਜੰਗਬੰਦੀ ਨੂੰ ਸਥਾਈ ਸ਼ਾਂਤੀ ਵਿੱਚ ਬਦਲਣਾ ਚਾਹੁੰਦੈ ਇਰਾਨ

ਤਹਿਰਾਨ/ਏ.ਟੀ.ਨਿਊਜ਼: ਇਰਾਨ ਨੇ ਅਮਰੀਕਾ ਨੂੰ ਇੱਕ ਨਵੀਂ ਤਜਵੀਜ਼ ਭੇਜੀ ਹੈ। ਇਹ ਪ੍ਰਸਤਾਵ ਅਜਿਹੇ ਸਮੇਂ ਆਇਆ ਹੈ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਰੁਕੀ ਹੋਈ ਹੈ। ਇਸ ਗੱਲਬਾਤ ਦਾ ਮੁੱਖ ਉਦੇਸ਼ ਆਰਜ਼ੀ ਜੰਗਬੰਦੀ ਨੂੰ ਸਥਾਈ ਸ਼ਾਂਤੀ ਵਿੱਚ ਬਦਲਣਾ ਹੈ। ਈਰਾਨੀ ਸਰਕਾਰੀ ਮੀਡੀਆ ਮੁਤਾਬਕ ਤਹਿਰਾਨ ਨੇ ਪਾਕਿਸਤਾਨ ਰਾਹੀਂ ਆਪਣਾ ਪੱਖ ਅਮਰੀਕਾ ਤੱਕ ਪਹੁੰਚਾਇਆ ਹੈ।

ਪਾਕਿਸਤਾਨ ਨੇ ਪਿਛਲੇ ਮਹੀਨੇ ਹੋਈ ਸਿੱਧੀ ਗੱਲਬਾਤ ਦੇ ਪਹਿਲੇ ਦੌਰ ਵਿੱਚ ਵੀ ਵਿਚੋਲਗੀ ਕੀਤੀ ਸੀ। ਹਾਲਾਂਕਿ, ਟਰੰਪ ਨੇ ਕਿਹਾ ਕਿ ਉਹ ਇਸ ਨਵੇਂ ਪ੍ਰਸਤਾਵ ਤੋਂ ਸੰਤੁਸ਼ਟ ਨਹੀਂ ਹਨ। ਇਰਾਨ ਦੀ ਇਸ ਯੋਜਨਾ ਦੀ ਖ਼ਬਰ ਸਾਹਮਣੇ ਆਉਂਦੇ ਹੀ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਤੁਰੰਤ ਗਿਰਾਵਟ ਦਰਜ ਕੀਤੀ ਗਈ।

ਟਰੰਪ ਪ੍ਰਸ਼ਾਸਨ ਦਾ ਦਾਵਾ ਹੈ ਕਿ ਅਪ੍ਰੈਲ ਵਿੱਚ ਹੋਈ ਜੰਗਬੰਦੀ ਤੋਂ ਬਾਅਦ ਜੰਗ ਖ਼ਤਮ ਹੋ ਗਈ ਹੈ। ਇਸ ਵਿਆਖਿਆ ਨਾਲ ਵ੍ਹਾਈਟ ਹਾਊਸ ਨੂੰ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਲੈਣ ਦੀ ਲੋੜ ਤੋਂ ਬਚਣ ਦਾ ਮੌਕਾ ਮਿਲ ਸਕਦਾ ਹੈ। ਹਾਲਾਂਕਿ ਟਰੰਪ ਨੇ ਸਪੱਸ਼ਟ ਕੀਤਾ ਕਿ ਇਰਾਨ 'ਤੇ ਸਮੁੰਦਰੀ ਨਾਕਾਬੰਦੀ ਜਾਰੀ ਰਹੇਗੀ। ਦੂਜੇ ਪਾਸੇ ਇਰਾਨ ਨੇ ਵੀ ਕਿਹਾ ਹੈ ਕਿ ਹੋਰਮੁਜ਼ ਜਲਡਮਰੂ ਮੱਧ ਵਿੱਚ ਆਵਾਜਾਈ 'ਤੇ ਲਗਾਈਆਂ ਪਾਬੰਦੀਆਂ ਬਰਕਰਾਰ ਰਹਿਣਗੀਆਂ।

ਨਿਊਜ਼ ਏਜੰਸੀ ਅਨੁਸਾਰ, ਇਰਾਨ ਦੇ ਨਵੇਂ ਪ੍ਰਸਤਾਵ ਦਾ ਖਰੜਾ ਪਾਕਿਸਤਾਨ ਨੂੰ ਸੌਂਪ ਦਿੱਤਾ ਗਿਆ।



ਏਜੰਸੀ ਨੇ ਹੋਰਮੁਜ਼ ਦੀ ਨਾਕਾਬੰਦੀ ਜਾਂ ਇਰਾਨ ਦੀਆਂ ਪ੍ਰਮਾਣੂ ਗਤੀਵਿਧੀਆਂ ਵਰਗੇ ਅਹਿਮ ਮੁੱਦਿਆਂ 'ਤੇ ਕੋਈ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਨਹੀਂ ਕੀਤੀ।

**ਆਰਥਿਕ ਜੰਗ ਦਾ ਸੱਦਾ**

ਇਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਘਰ ਗਾਲੀਬਾਫ ਨੇ ਸੋਸ਼ਲ ਮੀਡੀਆ 'ਤੇ ਅਮਰੀਕਾ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਇੰਨੀ ਵੱਡੀ ਸਰਹੱਦ ਵਾਲੇ ਦੇਸ਼ ਦੀ ਘੇਰਾਬੰਦੀ ਕਰਨ ਦੀ ਕੋਸ਼ਿਸ਼ ਲਈ 'ਤੁਹਾਨੂੰ ਸ਼ੁਭਕਾਮਨਾਵਾਂ'। ਇਰਾਨ ਦੇ ਹੋਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਘੇਰਾਬੰਦੀ ਤੇਲ ਦੀਆਂ ਕੀਮਤਾਂ ਨੂੰ ਹੋਰ ਵਧਾ ਦੇਵੇਗੀ।

ਇਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਮੁਜਤਬਾ ਖ਼ਾਮੇਨੇਈ ਨੇ ਆਪਣੇ ਲੋਕਾਂ ਨੂੰ 'ਆਰਥਿਕ ਜੰਗ' ਲੜਨ ਅਤੇ ਦੁਸ਼ਮਣਾਂ ਨੂੰ ਨਿਰਾਸ਼ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਇੱਕ ਲਿਖਤੀ ਬਿਆਨ ਵਿੱਚ ਕਿਹਾ: "ਇਸਲਾਮੀ ਗਣਰਾਜ ਨੇ ਫ਼ੌਜੀ ਜੰਗ ਵਿੱਚ ਦੁਨੀਆ ਨੂੰ ਆਪਣੀ ਤਾਕਤ ਸਾਬਤ ਕਰ ਦਿੱਤੀ ਹੈ, ਪਰ ਹੁਣ ਆਰਥਿਕ ਅਤੇ ਸੱਭਿਆਚਾਰਕ ਜਿਹਾਦ ਦੇ ਪੜਾਅ ਵਿੱਚ ਵੀ ਦੁਸ਼ਮਣਾਂ ਨੂੰ ਹਰਾਉਣਾ ਹੋਵੇਗਾ।" ਉਹਨਾਂ ਨੇ ਦੇਸ਼ ਵਿੱਚ ਬਣੀਆਂ ਵਸਤੂਆਂ ਦੀ ਵਰਤੋਂ ਕਰਨ 'ਤੇ ਜ਼ੋਰ ਦਿੱਤਾ ਅਤੇ ਕਾਰੋਬਾਰੀਆਂ ਨੂੰ ਅਪੀਲ ਕੀਤੀ ਕਿ ਉਹ ਮੁਸ਼ਕਲ ਸਮੇਂ ਵਿੱਚ ਆਪਣੇ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਨਾ ਕੱਢਣ।

ਐਕਸੀਓਸ ਦੀ ਰਿਪੋਰਟ ਅਨੁਸਾਰ, ਸੈਂਟਕਾਮ ਨੇ ਗੱਲਬਾਤ ਵਿੱਚ ਆਏ ਖੜੋਤ ਨੂੰ ਤੋੜਨ ਲਈ ਹਮਲਿਆਂ ਦੀ ਇੱਕ ਛੋਟੀ ਯੋਜਨਾ ਵੀ ਤਿਆਰ ਕੀਤੀ ਸੀ, ਜਿਸ ਬਾਰੇ ਟਰੰਪ ਨੂੰ ਵ੍ਹਾਈਟ ਹਾਊਸ ਵਿੱਚ ਜਾਣਕਾਰੀ ਦਿੱਤੀ ਗਈ ਹੈ।

# ਲੰਬਾ ਸਮਾਂ ਚੱਲ ਸਕਦਾ ਹੈ ਅਮਰੀਕਾ ਅਤੇ ਇਰਾਨ ਵਿਚਾਲੇ ਟਕਰਾਅ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਰਾਨ ਖ਼ਿਲਾਫ਼ ਪਿਛਲੇ ਦੋ ਮਹੀਨਿਆਂ ਤੋਂ ਜਾਰੀ ਟਕਰਾਅ ਦੌਰਾਨ ਨਾ ਤਾਂ ਕੋਈ ਫ਼ੈਸਲਾਕੁਨ ਫ਼ੌਜੀ ਜਿੱਤ ਅਤੇ ਨਾ ਕੋਈ ਕੂਟਨੀਤਕ ਸਫਲਤਾ ਮਿਲੀ ਹੈ। ਟਰੰਪ ਅੱਗੇ ਹੁਣ ਇਹ ਜੋਖ਼ਮ ਹੈ ਕਿ ਇਰਾਨ ਨਾਲ ਟਕਰਾਅ ਅਣਮਿੱਥੇ ਸਮੇਂ ਤੱਕ ਖਿੱਚ ਸਕਦਾ ਹੈ। ਇਸ ਨਾਲ ਨਾ ਸਿਰਫ਼ ਅਮਰੀਕਾ ਬਲਕਿ ਕੁਲ ਆਲਮ ਲਈ, ਜੰਗ ਸ਼ੁਰੂ ਹੋਣ ਤੋਂ ਪਹਿਲਾਂ ਦੇ ਹਾਲਾਤ ਮੁਕਾਬਲੇ, ਕਿਤੇ ਜ਼ਿਆਦਾ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਹੈ।



ਦੋਵੇਂ ਧਿਰਾਂ ਹਾਲਾਂਕਿ ਦਾਅਵਾ ਕਰਦੀਆਂ ਹਨ ਕਿ ਉਨ੍ਹਾਂ ਦਾ ਹੱਥ ਉੱਤੇ ਹੈ; ਲਿਹਾਜ਼ਾ ਅਜਿਹੇ ਮਾਹੌਲ ਵਿੱਚ ਗੱਲਬਾਤ ਮੁੜ ਸ਼ੁਰੂ ਹੋਣ ਦਾ ਕੋਈ ਸਾਫ਼ ਰਾਹ ਨਜ਼ਰ ਨਹੀਂ ਆਉਂਦਾ, ਹਾਲਾਂਕਿ ਇਰਾਨ ਨੇ ਗੱਲਬਾਤ ਮੁੜ ਸ਼ੁਰੂ ਕਰਨ ਦੀ ਨਵੀਂ ਤਜਵੀਜ਼ ਪੇਸ਼ ਕੀਤੀ ਹੈ, ਜਿਸ ਨੂੰ ਟਰੰਪ ਨੇ ਫ਼ੌਰੀ ਖ਼ਾਰਜ ਕਰ ਦਿੱਤਾ ਸੀ। ਅਮਰੀਕੀ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਲਈ ਇਸ ਟਕਰਾਅ ਦੇ ਸਿੱਟੇ ਬੇਹੱਦ ਗੰਭੀਰ ਹੋ ਸਕਦੇ ਹਨ। ਇਸ ਅਣਸੁਲਝੇ ਟਕਰਾਅ ਦਾ ਆਲਮੀ ਅਰਥਚਾਰੇ 'ਤੇ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ। ਅਮਰੀਕਾ ਵਿੱਚ ਤੇਲ ਕੀਮਤਾਂ ਦੇ ਸ਼ੂਟ ਵੱਟਣ ਨਾਲ ਨਾ ਸਿਰਫ਼ ਟਰੰਪ 'ਤੇ ਦਬਾਅ ਵਧੇਗਾ ਬਲਕਿ ਇਹ ਨਵੰਬਰ ਵਿੱਚ ਹੋਣ ਵਾਲੀਆਂ ਮੱਧਕਾਲੀ ਸੰਸਦੀ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਉਮੀਦਵਾਰਾਂ ਦੀਆਂ ਸੰਭਾਵਨਾਵਾਂ ਨੂੰ ਵੀ ਮੱਧਮ ਕਰੇਗਾ। ਇਹ ਜੰਗ ਟਰੰਪ ਵੱਲੋਂ ਦੱਸੇ ਬਹੁਤ ਸਾਰੇ ਟੀਚੇ ਹਾਸਲ ਕਰਨ ਵਿੱਚ ਅਸਫਲ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਮਰੀਕਾ ਤੇ ਇਜ਼ਰਾਇਲੀ ਹਮਲਿਆਂ ਨਾਲ ਇਰਾਨ ਦੀ ਫ਼ੌਜੀ ਸਮਰੱਥਾ ਨੂੰ ਵੱਡੀ ਸੱਟ ਵੱਜੀ ਹੈ। ਟਰੰਪ ਦੇ ਬਹੁਤ ਸਾਰੇ ਟੀਚੇ (ਜੋ ਅਕਸਰ ਬਦਲਦੇ ਰਹੇ ਹਨ) ਜਿਵੇਂ ਇਰਾਨ 'ਚ ਨਿਜ਼ਾਮ ਦੀ ਤਬਦੀਲੀ ਤੋਂ ਲੈ ਕੇ ਪਰਮਾਣੂ ਹਥਿਆਰ ਵਿਕਸਤ ਕਰਨ ਦਾ ਰਾਹ ਰੋਕਣ ਤੱਕ, ਅਧੂਰੇ ਰਹੇ ਹਨ।

# ਰਾਸ਼ਟਰਪਤੀ ਭਵਨ ਪਹੁੰਚ ਗਈ ਹੈ ਦਲ ਬਦਲੀ ਦੀ ਲੜਾਈ

## ਭਗਵੰਤ ਮਾਨ ਵੱਲੋਂ ਰਾਸ਼ਟਰਪਤੀ ਤੋਂ ਬਾਗ਼ੀ ਰਾਜ ਸਭਾ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਮੰਗ

ਨਵੀਂ ਦਿੱਲੀ/ਏ.ਟੀ.ਨਿਊਜ਼: ਦਲ ਬਦਲੀ ਦੀ ਲੜਾਈ ਰਾਸ਼ਟਰਪਤੀ ਭਵਨ ਪਹੁੰਚ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ 'ਆਪ' ਵਿਧਾਇਕਾਂ ਨਾਲ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲੇ। ਉਨ੍ਹਾਂ ਬਾਗ਼ੀ ਰਾਜ ਸਭਾ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਵਾਲਾ ਪੱਤਰ ਰਾਸ਼ਟਰਪਤੀ ਨੂੰ ਸੌਂਪਿਆ, ਜਿਸ 'ਤੇ ਪੰਜਾਬ ਦੇ 'ਆਪ' ਵਿਧਾਇਕਾਂ ਦੇ ਦਸਤਖ਼ਤ ਸਨ। ਮੁੱਖ ਮੰਤਰੀ ਮੁਤਾਬਕ ਰਾਸ਼ਟਰਪਤੀ ਮੁਰਮੂ ਨੇ ਇਸ ਬਾਰੇ ਸੰਵਿਧਾਨਿਕ ਮਾਹਿਰਾਂ ਨਾਲ ਮਸ਼ਵਰਾ ਕਰਨ ਦਾ ਭਰੋਸਾ ਦਿੱਤਾ ਹੈ; ਹਾਲਾਂਕਿ ਇਸ ਤਜਵੀਜ਼ਤ ਮਿਲਣੀ ਤੋਂ ਐਨ ਪਹਿਲਾਂ ਚਾਰ ਨਵੇਂ ਭਾਜਪਾ ਸੰਸਦ ਮੈਂਬਰਾਂ ਨੇ ਰਾਘਵ ਚੱਢਾ ਦੀ ਅਗਵਾਈ ਹੇਠ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਸਨਮੁੱਖ ਪੰਜਾਬ ਦੀ 'ਆਪ' ਸਰਕਾਰ ਦੀ ਬਦਲਾਖ਼ੋਰੀ ਦਾ ਮੁੱਦਾ ਰੱਖਿਆ।

ਮੁੱਖ ਮੰਤਰੀ ਮਾਨ ਨੇ ਚਾਰ ਸੂਬਿਆਂ ਤੇ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਚੋਣ ਨਤੀਜਿਆਂ ਤੋਂ ਪਹਿਲਾਂ ਹੀ ਰਾਸ਼ਟਰਪਤੀ ਤੋਂ ਮਿਲਣ ਲਈ ਸਮਾਂ ਲੈ ਲਿਆ ਸੀ ਪਰ ਪੱਛਮੀ ਬੰਗਾਲ, ਅਸਾਮ ਤੇ ਪੁੱਡੂਚੇਰੀ 'ਚ ਭਾਜਪਾ ਦੀ ਜਿੱਤ ਮਗਰੋਂ 'ਆਪ' ਤੇ ਭਗਵਾਂ ਪਾਰਟੀ ਵਿਚਾਲੇ ਟਕਰਾਅ ਦਾ ਨਵਾਂ ਮੁੱਢ ਬੱਝ ਗਿਆ ਹੈ। ਬੰਗਾਲ ਦੀ ਜਿੱਤ ਤੋਂ ਬਾਗ਼ੋ-ਬਾਗ਼ ਭਾਜਪਾਈ ਅਗਲਾ ਨਿਸ਼ਾਨਾ ਪੰਜਾਬ ਨੂੰ ਦੱਸ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨੂੰ ਮੰਗ ਪੱਤਰ ਵਿੱਚ ਰੱਖੇ ਪੱਖਾਂ ਬਾਰੇ ਖ਼ੁਦ ਜਾਣਕਾਰੀ ਦਿੱਤੀ। ਉਨ੍ਹਾਂ ਸੱਤ ਸੰਸਦ ਮੈਂਬਰਾਂ ਦੀ ਦਲ ਬਦਲੀ ਨੂੰ ਗ਼ੈਰ-ਸੰਵਿਧਾਨਿਕ ਦੱਸਦਿਆਂ ਮੈਂਬਰਸ਼ਿਪ ਰੱਦ ਕਰਨ ਦੀ ਮੰਗ ਕੀਤੀ ਕਿਉਂਕਿ ਇਸ ਸਬੰਧੀ ਜਾਂ ਤਾਂ ਪੂਰੀ ਪਾਰਟੀ ਨੂੰ ਮਤਾ ਪਾਸ ਕਰਨਾ ਚਾਹੀਦਾ ਸੀ ਪਰ ਸਿਰਫ਼ ਰਾਜ ਸਭਾ ਦੇ ਸੱਤ ਸੰਸਦ ਮੈਂਬਰਾਂ ਨੇ ਹੀ ਵਫ਼ਾਦਾਰੀ ਬਦਲੀ। ਉਨ੍ਹਾਂ ਕਿਹਾ ਕਿ ਭਾਜਪਾ ਕੋਲ ਪੰਜਾਬ 'ਚ ਦੋ ਵਿਧਾਇਕ ਹਨ ਪਰ ਰਾਜ ਸਭਾ ਮੈਂਬਰ ਛੇ ਹਨ ਜੋ ਲੋਕ ਰਾਜ ਨਾਲ ਮਜ਼ਾਕ ਹੈ।



ਮੁੱਖ ਮੰਤਰੀ ਨੇ ਰਾਘਵ ਚੱਢਾ ਦੇ ਅਗਾਊਂ ਬਿਆਨਾਂ ਦੇ ਹਵਾਲੇ ਨਾਲ ਕਿਹਾ ਕਿ ਸੰਵਿਧਾਨ 'ਚ ਸੋਧ ਕਰ ਕੇ ਸੰਸਦ ਮੈਂਬਰਾਂ ਨੂੰ ਵਾਪਸ ਬੁਲਾਉਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰਪਤੀ ਨੇ ਇਸ ਬਾਰੇ ਸੰਵਿਧਾਨਿਕ ਮਾਹਿਰਾਂ ਨਾਲ ਮਸ਼ਵਰਾ ਕਰਨ ਦਾ ਭਰੋਸਾ ਦਿੱਤਾ ਹੈ। 'ਆਪ' ਵਿਧਾਇਕਾਂ ਨੇ ਬਾਗ਼ੀ ਸੰਸਦ ਮੈਂਬਰਾਂ ਖ਼ਿਲਾਫ਼ ਹੱਥਾਂ 'ਚ ਤਖ਼ਤੀਆਂ ਫੜੀਆਂ ਹੋਈਆਂ ਸਨ। ਮੁੱਖ ਮੰਤਰੀ ਨੇ ਬਾਗ਼ੀ ਸੰਸਦ ਮੈਂਬਰਾਂ ਨੂੰ ਗ਼ੱਦਾਰ ਕਰਾਰ ਦਿੰਦਿਆਂ ਦਲ ਬਦਲੀ ਦੇ ਐਕਸ਼ਨ ਨੂੰ ਪੰਜਾਬ ਨਾਲ ਵਿਸ਼ਵਾਸਘਾਤ ਦੱਸਿਆ। ਉਨ੍ਹਾਂ ਚੁਣੌਤੀ ਦਿੱਤੀ ਕਿ ਇਹ ਸੰਸਦ ਮੈਂਬਰ ਅਸਤੀਫ਼ੇ ਦੇ ਕੇ ਨਵੇਂ ਸਿਰਿਓਂ ਫ਼ਤਵਾ ਲੈਣ। ਮੁੱਖ ਮੰਤਰੀ ਨੇ ਕਿਹਾ ਕਿ ਉਹ ਲੋਕ ਫ਼ਤਵੇ ਦੀ ਰਾਖੀ ਅਤੇ ਸੰਵਿਧਾਨਿਕ ਕਦਰਾਂ ਕੀਮਤਾਂ ਕਾਇਮ ਰੱਖਣ ਲਈ ਆਖ਼ਰੀ ਸਾਹ ਤੱਕ ਲੜਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦੇ ਪੰਜਾਬ ਜਿੱਤਣ ਦੇ ਸੁਫਨੇ ਨੂੰ ਪੰਜਾਬੀ ਪੂਰਾ ਨਹੀਂ ਹੋਣ ਦੇਣਗੇ ਅਤੇ ਭਾਜਪਾ ਨੂੰ ਸਬਕ ਸਿਖਾਉਣਗੇ। ਕਦੇ ਕੇਂਦਰ ਨੇ ਪੰਜਾਬ ਦੇ ਫ਼ੰਡ ਰੋਕੇ ਅਤੇ ਕਦੇ ਭਾਖੜਾ ਡੈਮ ਸਮੇਤ ਹੋਰਨਾਂ ਹੱਕਾਂ ਤੋਂ ਵਾਂਝਾ ਕਰਨ ਦੀ ਚਾਲ ਚੱਲੀ ਜਿਸ ਕਰ ਕੇ ਭਾਜਪਾ ਨੂੰ ਪੰਜਾਬ ਦੀ ਸੱਤਾ ਸੰਭਾਲਣ ਲਈ ਹਵਾਈ ਕਿਲੇ ਉਸਾਰਨੇ ਬੰਦ ਕਰਨੇ ਚਾਹੀਦੇ ਹਨ। ਪੰਜਾਬ 'ਚ ਭਾਜਪਾ ਦੇ ਦੋ ਵਿਧਾਇਕ ਹਨ ਅਤੇ ਅਗਲੀਆਂ ਚੋਣਾਂ 'ਚ ਗਿਣਤੀ ਜ਼ੀਰੋ ਵੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਈ ਟਰੱਕ ਨਹੀਂ ਜਿਸ ਨੂੰ ਕੋਈ ਵੀ ਵਾਰੋ ਵਾਰੀ ਚਲਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪੰਜਾਬ 'ਚ ਅਪਰੇਸ਼ਨ ਲੋਟਸ ਵਰਗੀ ਕੋਈ ਵੀ ਕੋਸ਼ਿਸ਼ ਕਦੇ ਸਫਲ ਨਹੀਂ ਹੋਵੇਗੀ।

## ਬਦਲਾਖੋਰੀ ਦੀ ਭਾਵਨਾ ਨਾਲ ਭਰੀ ਹੋਈ ਹੈ 'ਆਪ': ਰਾਘਵ ਚੱਢਾ

### ਭਾਜਪਾ ਵਿੱਚ ਸ਼ਾਮਿਲ ਹੋਏ ਰਾਜ ਸਭਾ ਮੈਂਬਰਾਂ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ (ਆਪ) ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋਏ ਰਾਜ ਸਭਾ ਮੈਂਬਰਾਂ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਰਾਘਵ ਚੱਢਾ, ਸੰਦੀਪ ਪਾਠਕ, ਰਾਜਿੰਦਰ ਗੁਪਤਾ ਅਤੇ ਅਸ਼ੋਕ ਮਿੱਤਲ 'ਤੇ ਆਧਾਰਿਤ ਇਸ ਵਫ਼ਦ ਨੇ ਰਾਸ਼ਟਰਪਤੀ ਨੂੰ ਦੱਸਿਆ ਕਿ ਪੰਜਾਬ ਦੀ 'ਆਪ' ਸਰਕਾਰ ਉਨ੍ਹਾਂ ਨੂੰ ਸਿਆਸੀ ਬਦਲਾਖੋਰੀ ਦਾ ਨਿਸ਼ਾਨਾ ਬਣਾਉਣ ਲਈ ਸਰਕਾਰੀ ਤੰਤਰ ਦੀ ਨਾਜਾਇਜ਼ ਵਰਤੋਂ ਕਰ ਰਹੀ ਹੈ।

ਮੁਲਾਕਾਤ ਤੋਂ ਬਾਅਦ ਰਾਘਵ ਚੱਢਾ ਨੇ ਸੋਸ਼ਲ ਮੀਡੀਆ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਅੱਜਕੱਲ੍ਹ ਇੱਕ ਸਿਆਸੀ ਪਾਰਟੀ ਵਾਂਗ ਨਹੀਂ, ਸਗੋਂ ਇੱਕ 'ਜਿਲਟਡ ਐਕਸ' (ਜਿਸ ਦਾ ਦਿਲ ਟੁੱਟਿਆ ਹੋਵੇ ਜਾਂ ਧੋਖਾ ਖਾਧਾ ਹੋਵੇ) ਵਾਂਗ ਵਿਵਹਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਬੇਹੱਦ ਕੌੜੀ, ਬਦਲਾਖੋਰੀ ਦੀ ਭਾਵਨਾ ਨਾਲ ਭਰੀ ਹੋਈ ਹੈ ਅਤੇ ਸੱਚਾਈ ਨੂੰ ਸਵੀਕਾਰ ਕਰਨ ਵਿੱਚ ਅਸਮਰੱਥ ਹੈ।

ਚੱਢਾ ਨੇ ਅੱਗੇ ਕਿਹਾ, ਜਿਹੜੀ ਪਾਰਟੀ ਕਦੇ ਖ਼ੁਦ ਸਿਆਸੀ ਬਦਲਾਖੋਰੀ ਦਾ ਰੋਣਾ ਰੋਂਦੀ ਸੀ, ਅੱਜ ਉਹ ਖ਼ੁਦ ਇਸ ਦੇ ਸਭ ਤੋਂ ਜ਼ਹਿਰੀਲੇ ਰੂਪ ਦੀ ਵਰਤੋਂ ਕਰ ਰਹੀ ਹੈ। ਅਸੀਂ ਰਾਸ਼ਟਰਪਤੀ ਨੂੰ ਜਾਣੂ ਕਰਵਾਇਆ ਹੈ ਕਿ ਕਿਵੇਂ ਦੋ-ਤਿਹਾਈ ਬਹੁਮਤ ਨਾਲ ਭਾਜਪਾ ਵਿੱਚ ਰਲੇਵੇਂ ਦੇ ਸੰਵਿਧਾਨਕ ਫ਼ੈਸਲੇ ਤੋਂ ਬਾਅਦ ਸਾਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਸੰਵਿਧਾਨਕ ਅਧਿਕਾਰਾਂ ਅਤੇ ਲੋਕਤੰਤਰੀ ਚੋਣਾਂ ਦਾ ਸਤਿਕਾਰ ਕੀਤਾ ਜਾਵੇਗਾ।

## ਬੇਅਦਬੀ ਵਿਰੁੱਧ ਹੋਈ ਪੰਥਕ ਇਕੱਤਰਤਾ

# ਸਰਕਾਰੀ ਦਖਲਅੰਦਾਜ਼ੀ ਵਿਰੁੱਧ ਜਥੇਦਾਰ ਦਾ ਸਖ਼ਤ ਰੁਖ਼

### ਸਤਿਕਾਰ ਸੋਧ ਐਕਟ ਰੱਦ, ਜਥੇਦਾਰ ਬੋਲੇ ਸਰਕਾਰ ਪੰਥਕ ਸੰਸਥਾਵਾਂ ਨੂੰ ਅਣਗੌਲਿਆ ਕਰ ਰਹੀ ਹੈ ?

### ਭਾਈ ਰਾਜੋਆਣਾ ਮਾਮਲੇ 'ਤੇ ਚੁੱਪ ਧਾਰੀ

ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੱਲੋਂ ਸੱਦੀ ਗਈ ਪੰਥਕ ਇਕੱਤਰਤਾ ਸਿੱਖ ਸਿਆਸਤ ਅਤੇ ਧਾਰਮਿਕ ਮਰਯਾਦਾ ਦੇ ਹਵਾਲੇ ਨਾਲ ਕਈ ਅਹਿਮ ਸਵਾਲ ਛੱਡ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਥਕ ਇਕੱਤਰਤਾ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026' ਨੂੰ ਨਾਮਨਜ਼ੂਰ ਕਰਕੇ ਸੂਬੇ ਦੀ ਸਿਆਸੀ ਅਤੇ ਧਾਰਮਿਕ ਹਲਕਿਆਂ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਹ ਮਾਮਲਾ ਸਿਰਫ਼ ਕਾਨੂੰਨ ਦੀਆਂ ਧਾਰਾਵਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਸਿੱਖ ਸੰਸਥਾਵਾਂ ਦੀ ਸਰਵਉੱਚਤਾ ਅਤੇ ਸਰਕਾਰੀ ਕਾਰਜਪ੍ਰਣਾਲੀ ਦੇ ਟਕਰਾਅ ਦਾ ਪ੍ਰਤੀਕ ਬਣ ਗਿਆ ਹੈ। ਇਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਵੱਖ-ਵੱਖ ਪੰਥਕ ਆਗੂਆਂ, ਨਿਹੰਗ ਸਿੰਘ ਜਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਸਿੱਖ ਕਾਨੂੰਨੀ ਮਾਹਿਰਾਂ ਨੇ ਸ਼ਮੂਲੀਅਤ ਕੀਤੀ, ਪਰ ਇਥੇ ਦੱਸਣਾ ਜ਼ਰੂਰੀ ਹੈ ਕਿ ਇਹ ਪੰਥਕ ਇਕੱਤਰਤਾ ਸ਼੍ਰੋਮਣੀ ਕਮੇਟੀ ਦੀ ਇਕੱਤਰਤਾ ਨਾਲੋਂ ਬਹੁਤ ਛੋਟੀ ਸਿੱਧ ਹੋਈ, ਜਿਸ ਕਾਰਨ ਪੰਥਕ ਆਗੂਆਂ ਦੀ ਸ਼ਮੂਲੀਅਤ ਪਿਛਲੀ ਇਕੱਤਰਤਾ ਨਾਲੋਂ ਘੱਟ ਹੋਣਾ ਮੰਨਿਆ ਜਾ ਰਿਹਾ ਹੈ।

ਇਸ ਇਕੱਤਰਤਾ ਦਾ ਮੁੱਖ ਏਜੰਡਾ 'ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ' ਅਤੇ 'ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ' ਵਰਗੇ ਗੰਭੀਰ ਮੁੱਦੇ ਸਨ। ਹਾਲਾਂਕਿ, ਇਕੱਤਰਤਾ ਦੀ ਕਾਰਵਾਈ ਦੌਰਾਨ ਸਤਿਕਾਰ ਸੋਧ ਐਕਟ ਦਾ ਮੁੱਦਾ ਪੂਰੀ ਤਰ੍ਹਾਂ ਹਾਵੀ ਰਿਹਾ, ਜਦਕਿ ਭਾਈ ਰਾਜੋਆਣਾ ਦੇ ਮਾਮਲੇ 'ਤੇ ਕਿਸੇ ਠੋਸ ਫ਼ੈਸਲੇ ਤੱਕ ਨਾ ਪਹੁੰਚ ਸਕਣਾ ਪੰਥਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਸੂਬਾ ਸਰਕਾਰ ਵੱਲੋਂ ਬੇਅਦਬੀ ਮਾਮਲਿਆਂ ਸਬੰਧੀ ਪਾਸ ਕੀਤਾ ਗਿਆ 'ਸਤਿਕਾਰ ਸੋਧ ਐਕਟ' ਪੰਥਕ ਵਿਦਵਾਨਾਂ ਅਤੇ ਆਗੂਆਂ ਦੇ ਨਿਸ਼ਾਨੇ 'ਤੇ ਰਿਹਾ। ਜਥੇਦਾਰ ਦਾ ਇਹ ਤਰਕ ਵਜ਼ਨਦਾਰ ਸੀ ਕਿ ਗੁਰੂ ਸਾਹਿਬ ਦੇ ਅਦਬ-ਸਤਿਕਾਰ ਨਾਲ ਜੁੜੇ ਫ਼ੈਸਲੇ ਪੰਥਕ ਅਧਾਰ 'ਤੇ ਹੋਣੇ ਚਾਹੀਦੇ ਹਨ। ਸਭ ਤੋਂ ਵੱਡਾ ਇਤਰਾਜ਼ ਇਸ ਗੱਲ 'ਤੇ ਹੈ ਕਿ ਕਾਨੂੰਨ ਬਣਾਉਣ ਵੇਲੇ ਸਿੱਖ ਜਥੇਬੰਦੀਆਂ ਜਾਂ ਵਿਦਵਾਨਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ। ਇਕੱਤਰਤਾ ਵਿੱਚ ਉੱਭਰ ਕੇ ਸਾਹਮਣੇ ਆਇਆ ਮੁੱਖ



ਇਤਰਾਜ਼ ਇਹ ਹੈ ਕਿ ਸਰਕਾਰ ਨੇ ਇੰਨਾ ਅਹਿਮ ਧਾਰਮਿਕ ਕਾਨੂੰਨ ਬਣਾਉਣ ਵੇਲੇ ਸਿੱਖ ਕੌਮ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਪੰਥ ਨੂੰ ਭਰੋਸੇ ਵਿੱਚ ਨਹੀਂ ਲਿਆ। ਹਾਲਾਂਕਿ ਇਸ ਕਾਨੂੰਨ ਵਿੱਚ ਉਮਰ ਕੈਦ ਅਤੇ ਭਾਰੀ ਜੁਰਮਾਨੇ ਵਰਗੀਆਂ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪਹਿਲਾਂ ਸਵਾਗਤ ਵੀ ਕੀਤਾ ਸੀ, ਪਰ ਹੁਣ ਇਸ ਦੇ ਦੂਜੇ ਪੱਖ 'ਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ। ਪੰਥਕ ਇਕੱਤਰਤਾ ਦਾ ਮੰਨਣਾ ਸੀ ਕਿ ਕਾਨੂੰਨ ਵਿੱਚ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਦੀ ਜ਼ਿੰਮੇਵਾਰੀ ਨੂੰ ਸਪੱਸ਼ਟ ਨਹੀਂ ਕੀਤਾ ਗਿਆ। ਡਰ ਹੈ ਕਿ ਕਿਤੇ ਬੇਅਦਬੀ ਦੀਆਂ ਅਸਲ ਸਾਜ਼ਿਸ਼ਾਂ ਘੜਨ ਵਾਲਿਆਂ ਦੀ ਬਜਾਏ, ਸੇਵਾਦਾਰਾਂ ਨੂੰ ਹੀ ਨਿਸ਼ਾਨਾ ਨਾ ਬਣਾਇਆ ਜਾਵੇ। ਸਿਰਫ਼ ਸਖ਼ਤ ਕਾਨੂੰਨ ਹੋਣਾ ਕਾਫ਼ੀ ਨਹੀਂ, ਸਗੋਂ ਸਾਜ਼ਿਸ਼ਾਂ ਨੂੰ ਬੇਪਰਦਾ ਕਰਨ ਦੀ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ।

ਇਸ ਦੌਰਾਨ ਕੁਝ ਪੰਥਕ ਆਗੂਆਂ, ਜਿਨ੍ਹਾਂ ਵਿੱਚ ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਦੇ ਤੇਵਰ ਕੁਝ ਤਿੱਖੇ ਰਹੇ ਅਤੇ ਉਨ੍ਹਾਂ ਨੇ ਆਪਣੇ ਵਿਚਾਰਾਂ ਦੌਰਾਨ ਪੰਜਾਬ ਸਰਕਾਰ ਦੇ ਉਪਰੋਕਤ ਕਾਨੂੰਨ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਭੂਮਿਕਾ 'ਤੇ ਵੀ ਸਵਾਲ ਚੁੱਕੇ । ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ 6 ਅਪ੍ਰੈਲ ਨੂੰ ਸੱਦੇ ਪੰਥਕ ਇਕੱਠ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਭੂਮਿਕਾ ਅਤੇ ਉਨ੍ਹਾਂ ਵੱਲੋਂ ਪਹਿਲਾਂ ਹੀ ਇਸ ਕਾਨੂੰਨ 'ਤੇ ਤਸੱਲੀ ਪ੍ਰਗਟ ਕਰਕੇ ਇਸ ਦਾ ਸਵਾਗਤ ਕਰਨ ਨੂੰ ਗਲਤ ਕਰਾਰ ਦਿੱਤਾ ਅਤੇ ਉਨ੍ਹਾਂ ਨੇ ਹੀ ਪੰਜਾਬ ਸਰਕਾਰ ਦੇ ਸਪੀਕਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਸੱਦਣ ਦੀ ਗੱਲ ਕੀਤੀ । ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਵਲੋਂ ਪੰਜਾਬ ਸਰਕਾਰ ਵਲੋਂ ਲਿਆਂਦੇ ਕਾਨੂੰਨ ਬਾਰੇ ਸਵਾਗਤ ਕਰਕੇ ਗਲਤੀ ਹੋਈ ਹੈ ਪਰ ਉਹ ਪੰਥਕ ਤੌਰ 'ਤੇ ਦੋਸ਼ੀ ਨਾ ਸਮਝਿਆ ਜਾਵੇ ।

ਬੀਬੀ ਕਿਰਨਜੋਤ ਕੌਰ ,ਬਲਦੀਪ ਸਿੰਘ ਰਾਮੂਵਾਲੀਆ ਅਤੇ ਹੋਰ ਵਿਦਵਾਨਾਂ ਦਾ ਇਹ ਤਰਕ ਵਜ਼ਨਦਾਰ ਹੈ ਕਿ ਗੁਰੂ ਸਾਹਿਬ ਦੀ ਪਹਿਰੇਦਾਰੀ ਦਾ ਜ਼ਿੰਮਾ ਖ਼ਾਲਸਾ ਪੰਥ ਦਾ ਹੈ, ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਕਾਰੀ ਕਾਨੂੰਨੀ ਬੰਧਨਾਂ ਵਿੱਚ ਬੰਨ੍ਹਣਾ ਸਿੱਖ ਰਵਾਇਤਾਂ ਦੇ ਉਲਟ ਹੋ ਸਕਦਾ ਹੈ। ਉਨ੍ਹਾਂ ਨੇ ਪੰਥਕ ਮਾਮਲਿਆਂ ਨੂੰ ਸਰਕਾਰਾਂ ਤੱਕ ਨਾ ਲੈ ਕੇ ਜਾਣ ਦੀ ਗੱਲ ਕੀਤੀ। ਇਸ ਦੌਰਾਨ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਮਦਮੀ ਟਕਸਾਲ ਤਰਫ਼ੋਂ ਸ਼ਮਸ਼ੇਰ ਸਿੰਘ ਜੇਠੂਵਾਲ, ਐਡ: ਪੂਰਨ ਸਿੰਘ ਹੁੰਦਲ, ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਸਿਮਰਨਜੀਤ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਤੋਂ ਗੁਰਪ੍ਰੀਤ ਸਿੰਘ, ਐਡ: ਬਰਜਿੰਦਰ ਸਿੰਘ ਲੂੰਬਾ, ਡਾ: ਐੱਮ. ਐੱਸ. ਰੰਧਾਵਾ, ਗੰਗਵੀਰ ਸਿੰਘ ਰਾਠੌਰ ਤੇ ਬਾਬਾ ਬਖਸ਼ੀਸ਼ ਸਿੰਘ ਨੇ ਸੰਬੋਧਨ ਕੀਤਾ । ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਪੱਸ਼ਟੀਕਰਨ ਲਈ ਬੁਲਾਉਣਾ ਇਹ ਦਰਸਾਉਂਦਾਹੈ ਕਿ ਸਿੱਖ ਸੰਸਥਾਵਾਂ ਇਸ ਮਾਮਲੇ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਹੀਆਂ ਹਨ। ਸਪੀਕਰ ਵਜੋਂ ਉਨ੍ਹਾਂ ਦੀ ਭੂਮਿਕਾ ਵਿਧਾਨ ਸਭਾ ਵਿੱਚ ਬਿੱਲ ਪਾਸ ਕਰਵਾਉਣ ਸਮੇਂ ਅਹਿਮ ਰਹੀ ਹੈ ਅਤੇ ਹੁਣ ਉਨ੍ਹਾਂ ਨੂੰ ਪੰਥਕ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ ਕਿ ਪੰਥਕ ਪ੍ਰਵਾਨਗੀ ਤੋਂ ਬਿਨਾਂ ਇਹ ਕਦਮ ਕਿਉਂ ਚੁੱਕਿਆ ਗਿਆ। ਇਹ ਜਥੇਦਾਰ ਵੱਲੋਂ ਇੱਕ ਸਖ਼ਤ ਸੁਨੇਹਾ ਹੈ ਕਿ ਪੰਥਕ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

(ਬਾਕੀ ਸਫ਼ਾ 26 'ਤੇ)

# ਟਰੰਪ ਵੱਲੋਂ ਯੂਰਪੀਅਨ ਯੂਨੀਅਨ ਦੀਆਂ ਕਾਰਾਂ ’ਤੇ 25 ਫ਼ੀਸਦੀ ਟੈਰਿਫ਼ ਲਗਾਉਣ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਗਲੇ ਹਫ਼ਤੇ ਤੋਂ ਯੂਰਪੀਅਨ ਯੂਨੀਅਨ ਤੋਂ ਆਉਣ ਵਾਲੀਆਂ ਕਾਰਾਂ ਅਤੇ ਟਰੱਕਾਂ ’ਤੇ ਟੈਰਿਫ਼ ਵਧਾ ਕੇ 25 ਫ਼ੀਸਦੀ ਕਰ ਦਿੱਤਾ ਜਾਵੇਗਾ। ਟਰੰਪ ਨੇ ਦੋਸ਼ ਲਾਇਆ ਕਿ ਯੂਰਪੀਅਨ ਯੂਨੀਅਨ ਇੱਕ ਵਪਾਰਕ ਸਮਝੌਤੇ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰ ਰਿਹਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ’ਤੇ ਇੱਕ ਪੋਸਟ ਰਾਹੀਂ ਦੱਸਿਆ ਕਿ ਅਮਰੀਕਾ ਵਿੱਚ ਬਣਨ ਵਾਲੇ ਵਾਹਨਾਂ ’ਤੇ ਅਜਿਹਾ ਕੋਈ ਟੈਕਸ ਨਹੀਂ ਲੱਗੇਗਾ, ਜਿਸ ਨਾਲ ਕੰਪਨੀਆਂ ਨੂੰ ਅਮਰੀਕਾ ਦੇ ਅੰਦਰ ਉਤਪਾਦਨ ਵਧਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, ‘ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਯੂਰਪੀਅਨ ਯੂਨੀਅਨ ਵਪਾਰਕ ਸਮਝੌਤੇ ਦੀ ਪਾਲਣਾ ਨਹੀਂ ਕਰ ਰਿਹਾ, ਇਸ ਲਈ ਅਗਲੇ ਹਫ਼ਤੇ ਮੈਂ ਯੂਰਪੀਅਨ ਯੂਨੀਅਨ ਤੋਂ ਅਮਰੀਕਾ ਆਉਣ ਵਾਲੀਆਂ ਕਾਰਾਂ ਅਤੇ ਟਰੱਕਾਂ ’ਤੇ ਲੱਗਣ ਵਾਲੇ ਟੈਰਿਫ਼ ਨੂੰ ਵਧਾ ਕੇ 25 ਫੀਸਦੀ ਕਰ ਰਿਹਾ ਹਾਂ।’



ਉਨ੍ਹਾਂ ਅੱਗੇ ਕਿਹਾ ਕਿ ਜੇਕਰ ਇਹ ਕੰਪਨੀਆਂ ਅਮਰੀਕਾ ਵਿੱਚ ਸਥਿਤ ਪਲਾਂਟਾਂ ਵਿੱਚ ਗੱਡੀਆਂ ਬਣਾਉਂਦੀਆਂ ਹਨ, ਤਾਂ ਉਨ੍ਹਾਂ ’ਤੇ ਕੋਈ ਟੈਰਿਫ਼ ਨਹੀਂ ਲੱਗੇਗਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਮੇਂ ਕਈ ਆਟੋਮੋਬਾਈਲ ਪਲਾਂਟਾਂ ਦਾ ਨਿਰਮਾਣ ਚੱਲ ਰਿਹਾ ਹੈ ਅਤੇ 100 ਅਰਬ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜੋ ਕਿ ਇਤਿਹਾਸ ਵਿੱਚ ਇੱਕ ਰਿਕਾਰਡ ਹੈ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕੀ ਕਾਮਿਆਂ ਨਾਲ ਲੈਸ ਇਹ ਨਵੇਂ ਪਲਾਂਟ ਜਲਦੀ ਹੀ ਖੁੱਲ੍ਹਣਗੇ। ਉਨ੍ਹਾਂ ਮੁਤਾਬਕ ਅਮਰੀਕਾ ਵਿੱਚ ਅੱਜ ਜੋ ਹੋ ਰਿਹਾ ਹੈ, ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਜ਼ਿਕਰਯੋਗ ਹੈ ਕਿ ਜੁਲਾਈ 2025 ਵਿੱਚ ਅਮਰੀਕਾ ਅਤੇ 27 ਮੈਂਬਰ ਦੇਸ਼ਾਂ ਵਾਲੇ ਯੂਰਪੀਅਨ ਯੂਨੀਅਨ ਵਿਚਾਲੇ ਇੱਕ ਦੁਵੱਲੇ ਵਪਾਰਕ ਸਮਝੌਤੇ ਦਾ ਐਲਾਨ ਹੋਇਆ ਸੀ। ਟਰੰਪ ਅਤੇ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਇਸ ਸਮਝੌਤੇ ਦਾ ਐਲਾਨ ਕੀਤਾ ਸੀ, ਜਿਸ ਤਹਿਤ ਯੂਰਪੀਅਨ ਵਸਤੂਆਂ ’ਤੇ ਟੈਰਿਫ਼ 15 ਫੀਸਦੀ ਤੈਅ ਕੀਤਾ ਗਿਆ ਸੀ। ਇਸ ਦੇ ਬਦਲੇ ਯੂਰਪੀਅਨ ਯੂਨੀਅਨ ਨੇ ਅਮਰੀਕਾ ਤੋਂ 750 ਅਰਬ ਡਾਲਰ ਦੀ ਊਰਜਾ ਖਰੀਦਣ ਦਾ ਵਾਅਦਾ ਕੀਤਾ ਸੀ।

# ਅਮਰੀਕਾ ਵਿੱਚ ਸ਼ਰਨ ਮੰਗਣ ਵਾਲਿਆਂ ਲਈ ਮੁਸ਼ਕਿਲਾਂ ਵਧੀਆਂ

## ਵੀਜ਼ਾ ਨਿਯਮਾਂ ਵਿੱਚ ਹੋਏ ਵੱਡੇ ਬਦਲਾਅ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਜਾਣ ਦੇ ਚਾਹਵਾਨਾਂ ਅਤੇ ਉੱਥੇ ਸ਼ਰਨ ਮੰਗਣ ਵਾਲਿਆਂ ਲਈ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਵੀਜ਼ਾ ਪ੍ਰਣਾਲੀ ਵਿੱਚ ਸਖ਼ਤ ਬਦਲਾਅ ਕੀਤੇ ਹਨ, ਜਿਸ ਦਾ ਮੁੱਖ ਉਦੇਸ਼ ਗਲਤ ਜਾਣਕਾਰੀ ਦੇ ਕੇ ਸ਼ਰਨ ਪ੍ਰਾਪਤ ਕਰਨ ਵਾਲਿਆਂ ਨੂੰ ਰੋਕਣਾ ਹੈ। ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਹੁਣ ਕੌਂਸਲਰ ਅਫ਼ਸਰਾਂ ਨੂੰ ਵੀਜ਼ਾ ਇੰਟਰਵਿਊ ਦੌਰਾਨ ਵਧੇਰੇ ਸਾਵਧਾਨੀ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਬਿਨੈਕਾਰ ਆਪਣੇ ਦੇਸ਼ ਵਾਪਸ ਜਾਣ ’ਤੇ ਖ਼ਤਰੇ ਜਾਂ ਦੁਰਵਿਵਹਾਰ ਦਾ ਡਰ ਜ਼ਾਹਰ ਕਰਦਾ ਹੈ, ਤਾਂ ਉਸ ਦੀ ਅਰਜ਼ੀ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਹੁਣ ਵੀਜ਼ਾ ਇੰਟਰਵਿਊ ਦੌਰਾਨ ਦੋ ਸਵਾਲ ਪੁੱਛਣੇ ਲਾਜ਼ਮੀ ਕਰ ਦਿੱਤੇ ਗਏ ਹਨ, ਜੋ ਇਹ ਤੈਅ ਕਰਨਗੇ ਕਿ ਬਿਨੈਕਾਰ ਨੂੰ ਵੀਜ਼ਾ ਮਿਲੇਗਾ ਜਾਂ ਨਹੀਂ। ਕੀ ਤੁਹਾਨੂੰ ਪਹਿਲਾਂ ਆਪਣੇ ਦੇਸ਼ ਵਿੱਚ ਕਦੇ ਕੋਈ ਸਰੀਰਕ ਨੁਕਸਾਨ ਜਾਂ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ ਹੈ? ਕੀ ਤੁਹਾਨੂੰ ਆਪਣੇ ਦੇਸ਼ ਵਾਪਸ ਪਰਤਣ ’ਤੇ ਕਿਸੇ ਕਿਸਮ ਦੇ ਨੁਕਸਾਨ ਜਾਂ ਦੁਰਵਿਵਹਾਰ ਦਾ ਡਰ ਹੈ।




ਜੇਕਰ ਬਿਨੈਕਾਰ ਇਹ ਸਾਬਤ ਨਹੀਂ ਕਰ ਸਕਦਾ ਕਿ ਉਹ ਅਸਲ ਵਿੱਚ ਖ਼ਤਰੇ ਵਿੱਚ ਹੈ, ਤਾਂ ਉਸ ਦੀ ਵੀਜ਼ਾ ਅਰਜ਼ੀ ਤੁਰੰਤ ਰੱਦ ਕੀਤੀ ਜਾ ਸਕਦੀ ਹੈ।

ਜੇਕਰ ਕੋਈ ਵਿਅਕਤੀ ਵੀਜ਼ਾ ਲੈਣ ਵੇਲੇ ਕਹਿੰਦਾ ਹੈ ਕਿ ਉਸਨੂੰ ਕੋਈ ਖ਼ਤਰਾ ਨਹੀਂ ਹੈ, ਪਰ ਅਮਰੀਕਾ ਪਹੁੰਚ ਕੇ ਉੱਥੇ ਸ਼ਰਨ ਫ਼ਾਈਲ ਕਰਦਾ ਹੈ, ਤਾਂ ਉਸ ’ਤੇ ਧੋਖਾਧੜੀ ਦਾ ਕੇਸ ਚੱਲ ਸਕਦਾ ਹੈ ਅਤੇ ਉਸਨੂੰ ਡਿਪੋਰਟ (ਦੇਸ਼ ਨਿਕਾਲਾ) ਕੀਤਾ ਜਾ ਸਕਦਾ ਹੈ।

2026 ਦੇ ਨਵੇਂ ਨਿਯਮਾਂ ਮੁਤਾਬਕ ਅਮਰੀਕੀ ਅਧਿਕਾਰੀ ਵੀਜ਼ਾ ਦੇਣ ਤੋਂ ਪਹਿਲਾਂ ਬਿਨੈਕਾਰ ਦੇ ਸੋਸ਼ਲ ਮੀਡੀਆ ਖਾਤਿਆਂ ਅਤੇ ‘ਆਨਲਾਈਨ ਮੌਜੂਦਗੀ’ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਜੇਕਰ ਕਿਸੇ ਦੀਆਂ ਗਤੀਵਿਧੀਆਂ ਸ਼ੱਕੀ ਜਾਂ ਕੱਟੜਪੰਥੀ ਪਾਈਆਂ ਜਾਂਦੀਆਂ ਹਨ, ਤਾਂ ਵੀਜ਼ਾ ਮਿਲਣਾ ਲਗਭਗ ਅਸੰਭਵ ਹੋਵੇਗਾ।

ਅਮਰੀਕਾ ਵਿੱਚ ਪਹਿਲਾਂ ਤੋਂ ਰਹਿ ਰਹੇ ਲੋਕਾਂ ਲਈ ਇਹ ਨਵੇਂ ਨਿਯਮ ਕਾਫ਼ੀ ਚਿੰਤਾਜਨਕ ਹੋ ਸਕਦੇ ਹਨ, ਖਾਸ ਕਰਕੇ ਉਨ੍ਹਾਂ ਲਈ ਜਿਨ੍ਹਾਂ ਦੇ ਕੇਸ ਅਜੇ ਅਦਾਲਤਾਂ ਵਿੱਚ ਲੰਬਿਤ ਹਨ।ਜੇਕਰ ਕੋਈ ਵਿਅਕਤੀ ਪਹਿਲਾਂ ਹੀ ਅਮਰੀਕਾ ਵਿੱਚ ਹੈ ਅਤੇ ਉਸਨੇ ਸ਼ਰਨ ਲਈ ਅਰਜ਼ੀ ਦਿੱਤੀ ਹੋਈ ਹੈ, ਤਾਂ ਹੁਣ ਉਨ੍ਹਾਂ ਦੀਆਂ ਇੰਟਰਵਿਊਆਂ ਵਧੇਰੇ ਸਖ਼ਤ ਹੋਣਗੀਆਂ।ਅਧਿਕਾਰੀ ਪੁਰਾਣੇ ਰਿਕਾਰਡਾਂ ਦੀ ਜਾਂਚ ਕਰਨਗੇ ਕਿ ਵੀਜ਼ਾ ਲੈਂਦੇ ਸਮੇਂ ਬਿਨੈਕਾਰ ਨੇ ਕੀ ਜਾਣਕਾਰੀ ਦਿੱਤੀ ਸੀ। ਜੇਕਰ ਉਸ ਸਮੇਂ ਦਿੱਤੀ ਜਾਣਕਾਰੀ ਅਤੇ ਹੁਣ ਦੇ ਦਾਅਵਿਆਂ ਵਿੱਚ ਕੋਈ ਫ਼ਰਕ ਪਾਇਆ ਜਾਂਦਾ ਹੈ, ਤਾਂ ਕੇਸ ਸਿੱਧਾ ਰੱਦ ਹੋ ਸਕਦਾ ਹੈ।

(**ਬਾਕੀ ਸਫ਼ਾ 26** ’ਤੇ)

# ਐਟਲਾਂਟਾ ਤੋਂ ਆ ਰਹੇ ਜਹਾਜ਼ ਵਿੱਚ ਔਰਤ ਨੇ ਦਿੱਤਾ ਬੱਚੇ ਨੂੰ ਜਨਮ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਡੈਲਟਾ ਏਅਰਲਾਈਨਜ ਦੇ ਐਟਲਾਂਟਾ ਤੋਂ ਓਰੇਗੋਨ ਆ ਰਹੇ ਜਹਾਜ਼ ਵਿੱਚ ਇੱਕ ਔਰਤ ਵੱਲੋਂ ਬੱਚੀ ਨੂੰ ਜਨਮ ਦਿੱਤਾ ਗਿਆ। ਜਹਾਜ਼ ਨੇ ਐਟਲਾਂਟਾ ਤੋਂ ਪੋਰਟਲੈਂਡ ਇੰਟਰਨੈਸ਼ਨਲ ਹਵਾਈ ਅੱਡੇ ਲਈ ਉਡਾਣ ਭਰੀ ਸੀ। ਉਡਾਣ ਦੌਰਾਨ ਹੀ ਔਰਤ ਨੂੰ ਜਣੇਪਾ ਪੀੜਾਂ ਸ਼ੁਰੂ ਹੋ ਗਈਆਂ।

ਵਧੀਆ ਗੱਲ ਇਹ ਰਹੀ ਕਿ ਜਹਾਜ਼ ਵਿੱਚ ਦੋ ਨਰਸਾਂ ਵੀ ਸਫ਼ਰ ਕਰ ਰਹੀਆਂ ਸਨ ਜੋ ਡੋਮੀਨੀਕਨ ਰਿਪਬਲਿਕ ਵਿੱਚ ਛੁੱਟੀਆਂ ਕਟ ਕੇ ਵਾਪਿਸ ਆ ਰਹੀਆਂ ਸਨ। ਟੀਨੀ ਫ਼ਰਿਟਜ਼ ਤੇ ਕਾਰੀਨ ਪਾਵਲ ਨਾਮੀ ਇਨਾਂ ਨਰਸਾਂ ਨੇ ਬੱਚੀ ਦੀ ਪੈਦਾਇਸ਼ ਵਿੱਚ ਮੱਦਦ ਕੀਤੀ। ਜਹਾਜ਼ ਦੇ ਪਿਛਲੇ ਹਿੱਸੇ ਵਿੱਚ ਜਦੋਂ ਬੱਚੇ ਦੇ ਰੋਣ ਦੀ ਆਵਾਜ਼ ਆਈ ਤਾਂ ਜਹਾਜ਼ ਵਿੱਚ ਸਵਾਰ ਸਵਾਰੀਆਂ ਦੇ ਚਿਹਰਿਆਂ ’ਤੇ ਮੁਸਕਰਾਹਟ ਆ ਗਈ। ਸਾਢੇ ਪੰਜ ਪੌਂਡ ਭਾਰੀ ਬੱਚੀ ਤੇ ਟੈਨੇਸੀ ਵਾਸੀ ਮਾਂ ਐਸ਼ਲੇ ਬਲੇਅਰ ਬਿਲਕੁੱਲ ਠੀਕ ਠਾਕ ਹਨ। ਮਾਂ ਦਾ ਕਹਿਣਾ ਹੈ ਕਿ ਬੱਚੀ ਦਾ ਜਨਮ ਦੋ ਹਫ਼ਤੇ ਪਹਿਲਾਂ ਹੋ ਗਿਆ ਹੈ।

ਜਹਾਜ਼ ਵੀ ਆਪਣੇ ਨਿਸ਼ਚਤ ਸਮੇਂ ਤੋਂ ਤਕਰੀਬਨ 20 ਮਿੰਟ ਪਹਿਲਾਂ ਪਹੁੰਚ ਗਿਆ। ਜਹਾਜ਼ ਦੇ ਪਾਇਲਟ ਨੇ ਕਿਹਾ ਕਿ ਜਹਾਜ਼ ਵਿੱਚ 153 ਯਾਤਰੀ ਸਵਾਰ ਹੋਏ ਸਨ ਪਰੰਤੂ ਉਤਰੇ 154 ਹਨ।

# ਆਪਣੇ ਮਿੱਤਰ ਦੇਸ਼ਾਂ ਨੂੰ ਅਮਰੀਕਾ ਵੇਚੇਗਾ ਹਥਿਆਰ, ਟਰੰਪ ਪ੍ਰਸ਼ਾਸਨ ਨੇ ਦਿੱਤੀ ਮਨਜ਼ੂਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਇਰਾਨ ਨਾਲ ਚੱਲ ਰਹੇ ਤਣਾਅ ਅਤੇ ਇਜ਼ਰਾਇਲ-ਇਰਾਨ ਸੰਘਰਸ਼ ਦੇ ਵਿਚਕਾਰ ਅਮਰੀਕਾ ਨੇ ਆਪਣੇ ਮਿਡਲ ਈਸਟ (ਮੱਧ ਪੂਰਬ) ਦੇ ਸਹਿਯੋਗੀ ਦੇਸ਼ਾਂ ਨੂੰ 8.6 ਬਿਲੀਅਨ ਡਾਲਰ ਦੇ ਹਥਿਆਰ ਵੇਚਣ ਦੀ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਐਮਰਜੈਂਸੀ ਹਾਲਾਤਾਂ ਦਾ ਹਵਾਲਾ ਦਿੰਦੇ ਹੋਏ ਕਾਂਗਰਸ ਦੀ ਅਗਾਊਂ ਸਮੀਖਿਆ ਤੋਂ ਬਿਨਾਂ ਹੀ ਇਸ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ। ਫਰਵਰੀ ਦੇ ਅਖੀਰ ਵਿੱਚ ਜੰਗ ਸ਼ੁਰੂ ਹੋਣ ਤੋਂ ਬਾਅਦ ਇਜ਼ਰਾਇਲ ਅਤੇ ਖਾੜੀ ਦੇਸ਼ਾਂ ’ਤੇ ਇਰਾਨ ਵੱਲੋਂ ਲਗਾਤਾਰ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ ਗਏ ਹਨ। ਇਸ ਕਾਰਨ ਇਨ੍ਹਾਂ ਦੇਸ਼ਾਂ ਕੋਲ ਅਮਰੀਕੀ ਹਥਿਆਰਾਂ ਦਾ ਸਟਾਕ ਕਾਫ਼ੀ ਘੱਟ ਗਿਆ ਹੈ ਅਤੇ ਉਨ੍ਹਾਂ ਦੇ ਹਵਾਈ ਰੱਖਿਆ ਪ੍ਰਣਾਲੀਆਂ ’ਤੇ ਭਾਰੀ ਦਬਾਅ ਪੈ ਰਿਹਾ ਹੈ। ਅਮਰੀਕਾ ਵੱਲੋਂ ਦਿੱਤੀ ਗਈ ਮਨਜ਼ੂਰੀ ਵਿੱਚ ਹੇਠ ਲਿਖੇ ਦੇਸ਼ ਸ਼ਾਮਲ ਹਨ:

**ਇਜ਼ਰਾਇਲ:** 992 ਮਿਲੀਅਨ ਡਾਲਰ ਦੀ ਲਾਗਤ ਨਾਲ ਉੱਨਤ ਸਟੀਕ ਮਾਰਕ ਹਥਿਆਰ ਪ੍ਰਣਾਲੀ ਅਤੇ ਸਬੰਧਤ ਉਪਕਰਣ ਦਿੱਤੇ ਜਾਣਗੇ।

**ਕੁਵੈਤ:** 2.5 ਬਿਲੀਅਨ ਡਾਲਰ ਦੀ ਲਾਗਤ ਨਾਲ ਯੁੱਧ ਕਮਾਂਡ ਪ੍ਰਣਾਲੀਆਂ ਵੇਚੀਆਂ ਜਾ ਰਹੀਆਂ ਹਨ, ਜੋ ਰਡਾਰ ਦੀ ਮਦਦ ਨਾਲ

(**ਬਾਕੀ ਸਫ਼ਾ 26** ’ਤੇ)

# ‘ਜਲਡਮਰੂ ਮਾਰਗ’ ਖੁੱਲ੍ਹਵਾਉਣ ਲਈ ਅਮਰੀਕਾ ਵੱਲੋਂ ਯਤਨ ਤੇਜ਼

ਵਾਸ਼ਿੰਗਟਨ/ਏ.ਟੀ.ਨਿਊਜ਼: ਵਾਲ ਸਟਰੀਟ ਜਰਨਲ ਨੇ ਰਿਪੋਰਟ ਦਿੱਤੀ ਕਿ ਸੰਯੁਕਤ ਰਾਜ ਅਮਰੀਕਾ ਦੂਜੇ ਦੇਸ਼ਾਂ ਨੂੰ ਇੱਕ ਨਵੇਂ ਅੰਤਰਰਾਸ਼ਟਰੀ ਗੱਠਜੋੜ ਵਿੱਚ ਸ਼ਾਮਲ ਹੋਣ ਲਈ ਸੱਦਾ ਦੇ ਰਿਹਾ ਹੈ ਜੋ ਜਲਮਾਰਗ ਰਾਹੀਂ ਆਵਾਜਾਈ ਰੁਕਣ ਤੋਂ ਬਾਅਦ ਜਹਾਜ਼ਾਂ ਨੂੰ ਹੋਰਮੁਜ਼ ਜਲਮਾਰਗ ਵਿੱਚ ਨੈਵੀਗੇਟ ਕਰਨ ਦੇ ਯੋਗ ਬਣਾਏਗਾ।




ਜਰਨਲ ਨੇ ਸਟੇਟ ਡਿਪਾਰਟਮੈਂਟ ਦੇ ਇੱਕ ਅੰਦਰੂਨੀ ਕੇਬਲ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪ੍ਰਸਤਾਵਿਤ ਗੱਠਜੋੜ, ਜਿਸਦਾ ਨਾਮ ‘ਮੈਰੀਟਾਈਮ ਫ੍ਰੀਡਮ ਕੰਸਟਰੱਕਟ’ ਰੱਖਿਆ ਗਿਆ ਹੈ, ਜਾਣਕਾਰੀ ਸਾਂਝੀ ਕਰੇਗਾ, ਕੂਟਨੀਤਕ ਤੌਰ ’ਤੇ ਤਾਲਮੇਲ ਕਰੇਗਾ ਅਤੇ ਪਾਬੰਦੀਆਂ ਨੂੰ ਲਾਗੂ ਕਰਨ ਵਿੱਚ ਮਦਦ ਕਰੇਗਾ। ਇਰਾਨ ਨੇ ਜਦੋਂ ਤੱਕ ਖ਼ਤਰਾ ਬਣੇ ਰਹਿਣ ਤੱਕ ਜਲਮਾਰਗ ਰਾਹੀਂ ਆਵਾਜਾਈ ਵਿੱਚ ਵਿਘਨ ਪਾਉਣਾ ਜਾਰੀ ਰੱਖਣ ਦਾ ਸੰਕਲਪ ਲਿਆ ਹੈ, ਜਿਸ ਤੋਂ ਭਾਵ ਸੰਘਰਸ਼ ਤੋਂ ਮੱਧ ਪੂਰਬੀ ਤੇਲ ਦੀ ਸਪਲਾਈ ਵਿੱਚ ਹੋਰ ਵਿਘਨ ਹੋ ਸਕਦਾ ਹੈ।

ਤਹਿਰਾਨ ਨੇ ਇਰਾਨ ਨਾਲ ਸਬੰਧਿਤ ਜਹਾਜ਼ਾਂ ਦੀ ਅਮਰੀਕਾ ਵੱਲੋਂ ਜਾਰੀ ਘੇਰਾਬੰਦੀ ਦੇ ਵਿਰੁੱਧ ‘ਬੇਮਿਸਾਲ ਫ਼ੌਜੀ ਕਾਰਵਾਈ’ ਦੀ ਚਿਤਾਵਨੀ ਦਿੱਤੀ ਹੈ।

ਟਰੰਪ ਨੇ ਕਿਹਾ ਹੈ ਕਿ ਇਰਾਨ ਕੋਲ ਪ੍ਰਮਾਣੂ ਹਥਿਆਰ ਨਹੀਂ ਹੋ ਸਕਦੇ, ਜਦੋਂ ਕਿ ਤਹਿਰਾਨ ਦਾ ਕਹਿਣਾ ਹੈ ਕਿ ਉਸ ਦੀਆਂ ਪ੍ਰਮਾਣੂ ਇੱਛਾਵਾਂ ਸ਼ਾਂਤੀਪੂਰਨ ਹਨ। ਟਰੰਪ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, ‘ਉਹ ਨਹੀਂ ਜਾਣਦੇ ਕਿ ਗੈਰ-ਪਰਮਾਣੂ ਸਮਝੌਤੇ ’ਤੇ ਦਸਤਖ਼ਤ ਕਿਵੇਂ ਕਰਨੇ ਹਨ। ਉਨ੍ਹਾਂ ਲਈ ਜਲਦੀ ਸਮਝਦਾਰ ਬਣਨਾ ਬਿਹਤਰ ਹੋਵੇਗਾ!’ ਹਾਲਾਂਕਿ ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਅਜਿਹੇ ਸਮਝੌਤੇ ਵਿੱਚ ਕੀ ਸ਼ਾਮਲ ਹੋਵੇਗਾ।

(**ਬਾਕੀ ਸਫ਼ਾ 26** ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਭਾਈਚਾਰੇ ਲਈ ਮਾਣ ਬਣੀ ਪਰਬੀਨ ਕੌਰ ਮਾਨ

## ਐਬਟਸਫੋਰਡ ਸੂਬਾਈ ਅਦਾਲਤ ਦੀ ਜੱਜ ਹੋਈ ਨਿਯੁਕਤ

ਐਬਟਸਫੋਰਡ/ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪੰਜਾਬੀ ਮੂਲ ਦੀਆਂ ਔਰਤਾਂ ਦੀ ਸਫਲਤਾ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ ਅਟਾਰਨੀ ਜਨਰਲ ਮੰਤਰਾਲੇ ਨੇ ਸੀਨੀਅਰ ਪੰਜਾਬਣ ਵਕੀਲ ਪਰਬੀਨ ਕੌਰ ਮਾਨ ਨੂੰ ਐਬਟਸਫੋਰਡ ਦੀ ਸੂਬਾਈ ਅਦਾਲਤ ਦਾ ਜੱਜ ਨਿਯੁਕਤ ਕਰਕੇ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਪਰਬੀਨ ਮਾਨ ਦਾ ਕਾਨੂੰਨੀ ਖੇਤਰ ਵਿੱਚ ਲਗਭਗ ਦੋ ਦਹਾਕਿਆਂ ਦਾ ਲੰਬਾ ਅਤੇ ਪ੍ਰਭਾਵਸ਼ਾਲੀ ਤਜ਼ਰਬਾ ਹੈ। ਉਨ੍ਹਾਂ ਨੇ ਸੰਨ 2001 ਵਿੱਚ ਵਕਾਲਤ ਦੀ ਸ਼ੁਰੂਆਤ ਕੀਤੀ। 2004 ਤੋਂ ਉਹ ਕੇਂਦਰੀ ਸਰਕਾਰੀ ਵਕੀਲ ਵਜੋਂ ਸੇਵਾਵਾਂ ਨਿਭਾਅ ਰਹੀ ਸੀ। 2007 ਵਿੱਚ ਉਹ ਪਬਲਿਕ ਪ੍ਰੋਸਕਿਊਸ਼ਨ ਸਰਵਿਸ ਆਫ਼ ਕੈਨੇਡਾ ਨਾਲ ਜੁੜੀ। 2009 ਵਿੱਚ ਉਨ੍ਹਾਂ ਨੂੰ ਸੰਗਠਿਤ ਅਪਰਾਧਿਕ ਕੇਸਾਂ ਦੀ ਪ੍ਰੋਸਕਿਊਟਰ ਬਣਾਇਆ ਗਿਆ। 2022 ਵਿੱਚ ਉਹ ਪਬਲਿਕ ਪ੍ਰੋਸਕਿਊਸ਼ਨ ਸਰਵਿਸ ਆਫ਼ ਕੈਨੇਡਾ ਦੇ ਸਰੀ ਦਫ਼ਤਰ ਦੀ ਟੀਮ ਮੁਖੀ ਬਣੀ।



ਵਕਾਲਤ ਦੇ ਨਾਲ-ਨਾਲ ਉਨ੍ਹਾਂ ਨੇ ਅਕਾਦਮਿਕ ਖੇਤਰ ਵਿੱਚ ਵੀ ਯੋਗਦਾਨ ਪਾਇਆ ਹੈ। ਉਹ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਪੀਟਰ 'ਏ' ਅਲਰਡ ਸਕੂਲ ਆਫ ਲਾਅ ਵਿੱਚ ਸਹਾਇਕ ਪ੍ਰੋਫੈਸਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੀ ਹੈ।

**ਬ੍ਰਿਟਿਸ਼ ਕੋਲੰਬੀਆ: ਪੰਜਾਬਣ ਜੱਜਾਂ ਦਾ ਗੜ੍ਹ**

ਇਹ ਇੱਕ ਇਤਿਹਾਸਕ ਤੱਥ ਹੈ ਕਿ ਬ੍ਰਿਟਿਸ਼ ਕੋਲੰਬੀਆ ਕੈਨੇਡਾ ਦਾ ਇੱਕੋ-ਇੱਕ ਅਜਿਹਾ ਸੂਬਾ ਬਣ ਗਿਆ ਹੈ ਜਿੱਥੇ ਹੁਣ 9 ਪੰਜਾਬਣਾਂ ਜੱਜ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੀਆਂ ਹਨ। ਜਸਟਿਸ ਪਲਬਿੰਦਰ ਕੌਰ ਸ਼ੇਰਗਿੱਲ, ਜਸਟਿਸ ਬਲਜਿੰਦਰ ਕੌਰ ਗਿਰਨ, ਜਸਟਿਸ ਨੀਨਾ ਸ਼ਰਮਾ ਸੁਪਰੀਮ ਕੋਰਟ ਦੀਆਂ ਜੱਜ ਬਣੀਆਂ ਹਨ। ਹਰਬੰਸ ਢਿੱਲੋਂ, ਸਤਿੰਦਰ ਸਿੱਧੂ, ਨੀਨਾ ਪੁਰੇਵਾਲ, ਸੁਜਨ ਸੰਘਾ, ਪਰਵੀਨ ਨਿੱਜਰ, ਪਰਬੀਨ ਮਾਨ ਸੂਬਾਈ ਅਦਾਲਤਾਂ ਦੀਆਂ ਜੱਜ ਬਣੀਆਂ ਹਨ। ਪਰਬੀਨ ਮਾਨ ਦੀ ਇਸ ਨਿਯੁਕਤੀ ਨਾਲ ਨਾ ਸਿਰਫ਼ ਨਿਆਂ ਪ੍ਰਣਾਲੀ ਮਜ਼ਬੂਤ ਹੋਵੇਗੀ, ਸਗੋਂ ਇਹ ਕੈਨੇਡਾ ਵਿੱਚ ਵੱਸਦੀਆਂ ਨੌਜਵਾਨ ਪੰਜਾਬੀ ਕੁੜੀਆਂ ਲਈ ਪ੍ਰੇਰਨਾ ਦਾ ਸਰੋਤ ਵੀ ਬਣੇਗੀ।

# ਕੈਨੇਡਾ 'ਚ ਸਾਬਤ ਸੂਰਤ 'ਪਹਿਲਾ ਸਿੱਖ ਮਰੀਨ ਇੰਜੀਨੀਅਰ' ਬਣਿਆ ਕਰਮਬੀਰ ਸਿੰਘ

ਟੋਰਾਂਟੋ/ਏ.ਟੀ.ਨਿਊਜ਼: ਗੁਰਦਾਸਪੁਰ ਜ਼ਿਲ੍ਹੇ ਦੇ ਧਾਰੀਵਾਲ ਕਸਬੇ ਦੇ ਕੰਗ ਪਿੰਡ ਦਾ ਵਸਨੀਕ ਕਰਮਬੀਰ ਸਿੰਘ ਕੈਨੇਡਾ 'ਚ ਪੂਰੀ ਦਾੜ੍ਹੀ ਨਾਲ ਨੌਕਰੀ ਕਰਨ ਵਾਲਾ ਪਹਿਲਾ ਸਿੱਖ ਮਰੀਨ ਇੰਜੀਨੀਅਰ ਬਣ ਗਿਆ ਹੈ। ਲਗਭਗ ਚਾਰ ਸਾਲਾਂ ਦੇ ਲਗਾਤਾਰ ਯਤਨਾਂ ਤੋਂ ਬਾਅਦ ਇਸਨੂੰ ਕੰਮ ਵਾਲੀ ਥਾਂ 'ਤੇ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਲਈ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਤੇ ਬੀਸੀ ਫੈਰੀ ਐਂਡ ਮਰੀਨ ਵਰਕਰਜ਼ ਯੂਨੀਅਨ ਨੇ ਸਿੱਖ ਕਰਮਚਾਰੀਆਂ 'ਤੇ ਅਸਰ ਪਾਉਣ ਵਾਲੀਆਂ ਵਿਤਕਰੇ ਭਰੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਇੱਕ ਅਹਿਮ ਸਮਝੌਤਾ ਕੀਤਾ ਹੈ। ਨਤੀਜੇ ਵਜੋਂ ਕਰਮਬੀਰ ਸਿੰਘ ਬੀਸੀ ਫੈਰੀਜ਼ 'ਚ ਪੂਰੀ ਦਾੜ੍ਹੀ ਨਾਲ ਨੌਕਰੀ ਕਰਨ ਵਾਲਾ ਪਹਿਲਾ ਸਿੱਖ ਮਰੀਨ ਇੰਜੀਨੀਅਰ ਬਣ ਗਿਆ ਹੈ, ਜਦਕਿ ਗੁਰਪ੍ਰੀਤ ਸਿੰਘ ਬਾਜਵਾ ਸੰਗਠਨ ਦਾ ਪਹਿਲਾ ਦਸਤਾਰਧਾਰੀ ਸਿੱਖ ਡੈੱਕ ਅਫ਼ਸਰ ਤੇ ਕੈਪਟਨ ਬਣ ਗਿਆ ਹੈ। ਇਹ ਪ੍ਰਾਪਤੀ ਸਿੱਖ ਕੈਨੇਡੀਅਨਾਂ ਨੂੰ ਆਪਣੀ ਧਾਰਮਿਕ ਪਛਾਣ ਨਾਲ ਸਮਝੌਤਾ ਕੀਤੇ ਬਿਨਾਂ ਸਮੁੰਦਰੀ ਪੇਸ਼ਿਆਂ 'ਚ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਡਬਲਿਊਐੱਸਓਦੇ ਪ੍ਰਧਾਨ ਦਾਨਿਸ਼ ਸਿੰਘ ਨੇ ਇਸ ਜਿੱਤ 'ਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਸਮਾਨਤਾ ਵੱਲ ਇੱਕ ਵੱਡਾ ਕਦਮ ਹੈ।



# ਆਸਟ੍ਰੇਲੀਆ ਵਿੱਚ ਵਧੀ ਭਾਰਤੀਆਂ ਦੀ ਗਿਣਤੀ



ਸਿਡਨੀ/ਮੈਲਬਰਨ/ਏ.ਟੀ. ਨਿਊਜ਼: ਆਸਟ੍ਰੇਲੀਆ ਦੇ ਆਬਾਦੀ ਦੇ ਇਤਿਹਾਸ ਵਿੱਚ ਭਾਰਤ ਹੁਣ ਇੰਗਲੈਂਡ ਨੂੰ ਪਿੱਛੇ ਛੱਡ ਕੇ ਦੇਸ਼ ਵਿੱਚ ਵਿਦੇਸ਼ੀ ਮੂਲ ਦੇ ਵਸਨੀਕਾਂ ਦਾ ਸਭ ਤੋਂ ਵੱਡਾ ਸਰੋਤ ਮੁਲਕ ਬਣ ਗਿਆ ਹੈ। ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ (ਏ ਬੀ ਐੱਸ) ਵੱਲੋਂ ਜਾਰੀ ਕੀਤੇ ਗਏ 2026 ਦੇ ਤਾਜ਼ਾ ਅੰਕੜਿਆਂ ਅਨੁਸਾਰ, ਆਸਟ੍ਰੇਲੀਆ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 9,71,020 ਤੱਕ ਪਹੁੰਚ ਗਈ ਹੈ, ਜੋ ਕਿ ਇੰਗਲੈਂਡ ਦੇ 9,70,950 ਦੇ ਅੰਕੜੇ ਤੋਂ ਮਾਮੂਲੀ ਜਿਹੀ ਵੱਧ ਹੈ ਪਰ ਇਤਿਹਾਸਕ ਤੌਰ 'ਤੇ ਇਹ ਅਹਿਮ ਵਾਧਾ ਹੈ। ਜ਼ਿਕਰਯੋਗ ਹੈ ਕਿ 1891 ਵਿੱਚ ਰਿਕਾਰਡ ਰੱਖਣ ਦੀ ਸ਼ੁਰੂਆਤ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਇੰਗਲੈਂਡ ਪਹਿਲੇ ਸਥਾਨ ਤੋਂ ਹੇਠਾਂ ਖਿਸਕਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਤਬਦੀਲੀ ਇੰਗਲੈਂਡ ਮੂਲ ਦੀ ਵੱਸੋਂ ਦੇ ਉਮਰ ਦਰਾਜ਼ ਹੋਣ ਕਾਰਨ ਦੇਖਣ ਨੂੰ ਮਿਲੀ ਹੈ।

# ਆਟੋਮੇਸ਼ਨ ਨੂੰ ਨੌਕਰੀ ਖ਼ਤਮ ਕਰਨ ਦਾ ਜਾਇਜ਼ ਆਧਾਰ ਨਹੀਂ ਮੰਨਿਆ ਜਾ ਸਕਦਾ: ਚੀਨੀ ਅਦਾਲਤ

ਬੀਜਿੰਗ/ਏ.ਟੀ.ਨਿਊਜ਼: ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਆਟੋਮੇਸ਼ਨ ਦੇ ਦੌਰ ਵਿੱਚ ਇੱਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ, ਚੀਨ ਦੀ ਇੱਕ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਕੰਪਨੀਆਂ ਆਪਣੇ ਕਰਮਚਾਰੀਆਂ ਨੂੰ ਸਿਰਫ਼ ਇਸ ਲਈ ਨੌਕਰੀ ਤੋਂ ਨਹੀਂ ਕੱਢ ਸਕਦੀਆਂ ਕਿਉਂਕਿ ਉਨ੍ਹਾਂ ਦਾ ਕੰਮ ਹੁਣ ਏ.ਆਈ. ਕਰ ਸਕਦਾ ਹੈ। ਅਦਾਲਤ ਨੇ ਕਿਹਾ ਕਿ ਆਟੋਮੇਸ਼ਨ ਨੂੰ ਨੌਕਰੀ ਖ਼ਤਮ ਕਰਨ ਦਾ ਜਾਇਜ਼ ਆਧਾਰ ਨਹੀਂ ਮੰਨਿਆ ਜਾ ਸਕਦਾ।




ਇਹ ਮਾਮਲਾ 'ਹਾਂਗਜ਼ੂ ਇੰਟਰਮੀਡੀਏਟ ਪੀਪਲਜ਼ ਕੋਰਟ' ਵਿੱਚ ਆਇਆ ਸੀ। ਰਿਪੋਰਟਾਂ ਅਨੁਸਾਰ ਇੱਕ ਵਿਅਕਤੀ 2022 ਵਿੱਚ ਇੱਕ ਕੰਪਨੀ ਵਿੱਚ ਕੁਆਲਿਟੀ ਐਸ਼ੋਰੈਂਸ ਸੁਪਰਵਾਈਜ਼ਰ ਵਜੋਂ ਭਰਤੀ ਹੋਇਆ ਸੀ। ਉਸ ਦੀ ਮਹੀਨਾਵਾਰ ਤਨਖ਼ਾਹ 25,000 ਯੁਆਨ ਸੀ। ਉਸ ਦਾ ਕੰਮ ਏ.ਆਈ. ਦੀ ਮਦਦ ਨਾਲ ਤਿਆਰ ਕੀਤੇ ਗਏ ਆਊਟਪੁੱਟ ਦੀ ਸਮੀਖਿਆ ਕਰਨਾ ਅਤੇ ਗਲਤ ਸਮੱਗਰੀ ਨੂੰ ਫਿਲਟਰ ਕਰਨਾ ਸੀ।

ਕੁਝ ਸਮੇਂ ਬਾਅਦ, ਕੰਪਨੀ ਨੇ ਉਸ ਦੇ ਕੰਮ ਦੇ ਹਿੱਸੇ ਨੂੰ ਆਟੋਮੇਟਿਡ (ਏ.ਆਈ. ਰਾਹੀਂ) ਕਰ ਦਿੱਤਾ। ਇਸ ਤੋਂ ਬਾਅਦ ਕੰਪਨੀ ਨੇ ਉਸ ਨੂੰ ਇੱਕ ਘੱਟ ਤਨਖ਼ਾਹ ਵਾਲੀ (15,000 ਯੁਆਨ) ਨੌਕਰੀ 'ਤੇ ਜਾਣ ਲਈ ਕਿਹਾ। ਉਸ ਨੇ ਇਸ ਪੇਸ਼ਕਸ਼ ਨੂੰ ਗੈਰ-ਵਾਜਬ ਦੱਸਦਿਆਂ ਠੁਕਰਾ ਦਿੱਤਾ। ਕੰਪਨੀ ਨੇ 'ਸੰਗਠਨਾਤਮਕ ਬਦਲਾਅ' ਦਾ ਹਵਾਲਾ ਦੇ ਕੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ।

ਅਦਾਲਤ ਨੇ ਕਰਮਚਾਰੀ ਦੇ ਹੱਕ ਵਿੱਚ ਫੈਸਲਾ ਸੁਣਾਉਂਦੇ ਹੋਏ ਕੰਪਨੀ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ। ਅਦਾਲਤ ਮੁਤਾਬਿਕ ਏ.ਆਈ. ਬਦਲਾਅ ਕੋਈ 'ਵੱਡੀ ਤਬਦੀਲੀ' ਨਹੀਂ ਹੈ। ਚੀਨ ਦੇ ਲੇਬਰ ਕਾਨੂੰਨ ਅਨੁਸਾਰ ਨੌਕਰੀ ਤੋਂ ਕੱਢਣ ਲਈ ਹਾਲਾਤ ਵਿੱਚ ਕੋਈ ਬਹੁਤ ਵੱਡੀ ਤਬਦੀਲੀ ਹੋਣੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਏ.ਆਈ. ਦਾ ਆਉਣਾ ਅਜਿਹੀ ਕੋਈ ਤਬਦੀਲੀ ਨਹੀਂ ਹੈ ਜੋ ਨੌਕਰੀ ਖਤਮ ਕਰਨ ਨੂੰ ਸਹੀ ਠਹਿਰਾ ਸਕੇ। ਕੰਪਨੀ ਇਹ ਸਾਬਤ ਨਹੀਂ ਕਰ ਸਕੀ ਕਿ ਕਰਮਚਾਰੀ ਦੀ ਭੂਮਿਕਾ ਪੂਰੀ ਤਰ੍ਹਾਂ ਅਸੰਭਵ ਹੋ ਗਈ ਸੀ ਜਾਂ ਉਸ ਨੂੰ ਦਿੱਤੀ ਗਈ ਨਵੀਂ ਭੂਮਿਕਾ ਵਾਜਬ ਸੀ।

**ਇਹ ਫੈਸਲਾ ਅਹਿਮ ਕਿਉਂ ਹੈ ?**

ਇਹ ਫੈਸਲਾ ਦੁਨੀਆ ਭਰ ਦੇ ਕਰਮਚਾਰੀਆਂ ਲਈ ਇੱਕ ਉਮੀਦ ਦੀ ਕਿਰਨ ਹੈ। ਇਹ ਸੈੱਟ ਕਰਦਾ ਹੈ ਕਿ ਤਕਨਾਲੋਜੀ ਦੀ ਵਰਤੋਂ ਕਰਮਚਾਰੀਆਂ ਦੇ ਸ਼ੋਸ਼ਣ ਜਾਂ ਉਨ੍ਹਾਂ ਨੂੰ ਬਿਨਾਂ ਕਾਰਨ ਕੱਢਣ ਲਈ ਨਹੀਂ ਕੀਤੀ ਜਾ ਸਕਦੀ। ਚੀਨ ਵਿੱਚ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਅਦਾਲਤਾਂ ਨੇ 19 ਆਟੋਮੇਸ਼ਨ ਦੇ ਨਾਮ 'ਤੇ ਕੀਤੀਆਂ ਗਈਆਂ ਛਾਂਟੀਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਹੈ।

# ਅਦਾਲਤ ਵੱਲੋਂ ਮੀਨੂ ਬੱਤਰਾ ਨੂੰ ਤੁਰੰਤ ਇਮੀਗ੍ਰੇਸ਼ਨ ਹਿਰਾਸਤ 'ਚੋਂ ਰਿਹਾਅ ਕਰਨ ਦੇ ਆਦੇਸ਼

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਟੈਕਸਾਸ ਦੀ ਇੱਕ ਅਦਾਲਤ ਨੇ ਪਿਛਲੇ 3 ਦਹਾਕਿਆਂ ਦੇ ਵਧ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੀ ਭਾਰਤੀ ਮੂਲ ਦੀ ਮੀਨੂ ਬੱਤਰਾ ਨੂੰ ਤੁਰੰਤ ਸੰਘੀ ਇਮੀਗ੍ਰੇਸ਼ਨ ਵਿੱਚੋਂ ਰਿਹਾਅ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਆਪਣੇ ਆਦੇਸ਼ ਵਿੱਚ ਕਿਹਾ ਹੈ ਕਿ ਉਸ ਦੀ ਗ੍ਰਿਫ਼ਤਾਰੀ ਵੇਲੇ ਨਿਯਮਾਂ ਤੇ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਟੈਕਸਾਸ ਵਿੱਚ ਬੱਤਰਾ ਇਕ ਇਕ ਲਾਇਸੰਸਸ਼ੁਦਾ ਦੁਭਾਸ਼ੀਆ ਹੈ ਜੋ ਅੰਗਰੇਜੀ ਦਾ ਪੰਜਾਬੀ, ਹਿੰਦੀ ਤੇ ਉਰਦੂ ਵਿੱਚ ਅਨੁਵਾਦ ਕਰ ਸਕਦੀ ਹੈ। ਉਸ ਦੇ ਵਕੀਲ ਦੀਪਕ ਆਹਲੂਵਾਲੀਆ ਨੇ ਉਸ ਦੀ ਰਿਹਾਈ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਬੱਤਰਾ 4 ਬੱਚਿਆਂ ਦੀ ਮਾਂ ਹੈ ਜੋ ਅਮਰੀਕੀ ਨਾਗਰਿਕ ਹਨ। ਉਸ ਨੂੰ ਹਰਲੀਨਗਨ ਵਿੱਚ ਵੈਲੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ 17 ਮਾਰਚ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦੋਂ ਉਹ ਮਿਲਵੌਕੀ ਵਿੱਚ ਕੰਮ 'ਤੇ ਜਾ ਰਹੀ ਸੀ। ਆਹਲੂਵਾਲੀਆ ਨੇ ਕਿਹਾ ਕਿ ਬੱਤਰਾ ਦੀ ਪੀ ਆਰ ਲੈਣ ਲਈ ਕਾਨੂੰਨੀ ਪ੍ਰਕ੍ਰਿਆ ਜਾਰੀ ਹੈ। ਉਨ੍ਹਾਂ ਕਿਹਾ ਕਿ ਉਸ ਦੇ ਸਭ ਤੋਂ ਛੋਟੇ ਪੁੱਤਰ ਜਸਪਰ, ਜਿਸ ਨੇ ਅਮਰੀਕੀ ਫ਼ੌਜ ਵਿੱਚ ਨੌਕਰੀ ਕੀਤੀ ਹੈ, ਦੇ ਆਧਾਰ 'ਤੇ ਬੱਤਰਾ ਲਈ ਗਰੀਨ ਕਾਰਡ ਲੈਣ ਦੀ ਯੋਜਨਾ ਹੈ। ਵਕੀਲ ਅਨੁਸਾਰ ਕਾਨੂੰਨੀ ਲੜਾਈ ਅਜੇ ਖਤਮ ਨਹੀਂ ਹੋਈ ਤੇ ਇਸ ਨੂੰ ਅੰਜਾਮ ਤੱਕ ਲਿਜਾਣ ਲਈ ਸਮਾਂ ਲੱਗ ਸਕਦਾ ਹੈ।



# ਬਹੁਤੇ ਕਿਰਤੀ ਰੋਜ਼ੀ-ਰੋਟੀ ਲਈ ਸੰਘਰਸ਼ ਕਰਨ ਵਾਸਤੇ ਮਜਬੂਰ

ਪੈਰਿਸ/ਏ.ਟੀ.ਨਿਊਜ਼: ਮਈ ਦਿਵਸ ਮੌਕੇ ਦੁਨੀਆ ਭਰ 'ਚ ਕਿਰਤੀਆਂ ਅਤੇ ਕਾਰਕੁਨਾਂ ਨੇ ਰੈਲੀਆਂ ਅਤੇ ਮਾਰਚ ਕੀਤੇ। ਉਨ੍ਹਾਂ ਸੰਸਾਰ 'ਚ ਸ਼ਾਂਤੀ, ਵੱਧ ਉਜਰਤਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਬਿਹਤਰ ਹਾਲਾਤ ਦਾ ਹੋਕਾ ਦਿੱਤਾ। ਪੱਛਮੀ ਏਸ਼ੀਆ ਸੰਕਟ ਕਾਰਨ ਈਂਧਨ ਦੀਆਂ ਵਧ ਰਹੀਆਂ ਕੀਮਤਾਂ ਕਾਰਨ ਬਹੁਤੇ ਕਿਰਤੀ ਰੋਜ਼ੀ-ਰੋਟੀ ਲਈ ਸੰਘਰਸ਼ ਕਰਨ ਵਾਸਤੇ ਮਜਬੂਰ ਹੋ ਗਏ ਹਨ। ਪਹਿਲੀ ਮਈ ਨੂੰ ਕਈ ਮੁਲਕਾਂ 'ਚ ਜਨਤਕ ਛੁੱਟੀ ਹੋਣ ਦੇ ਬਾਵਜੂਦ ਮਜ਼ਦੂਰਾਂ ਨੇ ਇਕਜੁੱਟ ਹੋ ਕੇ ਮੁਜ਼ਾਹਰੇ ਕੀਤੇ।

ਯੂਰੋਪੀਅਨ ਟਰੇਡ ਯੂਨੀਅਨ ਕਨਫੈਡਰੇਸ਼ਨ, ਜੋ 41 ਯੂਰੋਪੀਅਨ ਮੁਲਕਾਂ 'ਚ 93 ਟਰੇਡ ਯੂਨੀਅਨ ਜਥੇਬੰਦੀਆਂ ਦੀ ਨੁਮਾਇੰਦਗੀ ਕਰਦੀ ਹੈ, ਨੇ ਕਿਹਾ ਕਿ ਕੰਮਕਾਜੀ ਲੋਕ ਮੱਧ ਪੂਰਬ ਵਿੱਚ ਡੋਨਲਡ ਟਰੰਪ ਦੀ ਜੰਗ ਦੀ ਕੀਮਤ ਚੁਕਾਉਣ ਤੋਂ ਇਨਕਾਰ ਕਰਦੇ ਹਨ।



ਅਮਰੀਕਾ 'ਚ ਕਾਰਕੁਨਾਂ ਨੇ ਕਿਹਾ ਕਿ ਉਹ ਅਮਰੀਕੀ ਰਾਸ਼ਟਰਪਤੀ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹਨ। ਫਿਲਪੀਨਜ਼ ਦੀ ਰਾਜਧਾਨੀ ਮਨੀਲਾ 'ਚ ਖੱਬੇ-ਪੱਖੀ ਸਿਆਸੀ ਧੜੇ ਬਾਯਾਨ ਦੇ ਆਗੂ ਰੇਨਾਟੋ ਰੇਯੇਜ਼ ਨੇ ਕਿਹਾ ਕਿ ਈਂਧਨ ਦੀਆਂ ਕੀਮਤਾਂ ਵਧਣ ਕਾਰਨ ਉਹ ਉਜਰਤਾਂ 'ਚ ਵਾਧੇ ਅਤੇ ਆਰਥਿਕ ਰਾਹਤ ਦੀ ਮੰਗ ਕਰਦੇ ਹਨ। ਇੰਡੋਨੇਸ਼ੀਆ 'ਚ ਕਿਰਤੀ ਯੂਨੀਅਨਾਂ ਨੇ ਚਿਤਾਵਨੀ ਦਿੱਤੀ ਕਿ ਆਉਂਦੇਸਮੇਂ 'ਚ ਆਰਥਿਕ ਹਾਲਾਤ ਹੋਰ ਵਿਗੜਨਗੇ। ਪਾਕਿਸਤਾਨ 'ਚ ਇਸਲਾਮਾਬਾਦ ਨੇੜੇ ਦਿਹਾੜੀਦਾਰ ਮੁਹੰਮਦ ਮਸਕੀਨ ਨੇ ਕਿਹਾ ਕਿ ਜੇ ਉਸ ਨੂੰ ਕੰਮ ਨਾ ਮਿਲਿਆ ਤਾਂ ਉਹ ਸਬਜ਼ੀਆਂ ਅਤੇ ਹੋਰ ਜ਼ਰੂਰੀ ਵਸਤਾਂ ਕਿਵੇਂ ਖ਼ਰੀਦੇਗਾ। ਸਿਓਲ, ਜਕਾਰਤਾ ਅਤੇ ਇਸਤਾਂਬੁਲ ਸਮੇਤ ਕਈ ਯੂਰੋਪੀਅਨ ਮੁਲਕਾਂ ਦੀਆਂ ਰਾਜਧਾਨੀਆਂ 'ਚ ਕਿਰਤੀਆਂ ਨੇ ਪ੍ਰਦਰਸ਼ਨ ਕੀਤੇ।

## ਕੈਲਗਰੀ ਕੰਸਰਟ ’ਚ ਹੋਏ ਹੰਗਾਮੇ ਦਾ ਦਿਲਜੀਤ ਦੋਸਾਂਝ ਨੇ ਸਟੇਜ ਤੋਂ ਆਲੋਚਕਾਂ ਨੂੰ ਦਿੱਤਾ ਕਰਾਰਾ ਜਵਾਬ

# ‘ਮੇਰਾ ਕੰਮ ਪੰਜਾਬ ਨੂੰ ਦੁਨੀਆ ਦੇ ਨਕਸ਼ੇ ’ਤੇ ਲਿਆਉਣਾ’

### ਕੈਨੇਡਾ ’ਚ ਦਿਲਜੀਤ ਦਾ ਸ਼ੋਅ ਰੋਕ ਕੇ ਸਪੱਸ਼ਟ ਜਵਾਬ ‘ਕੇਬੀਸੀ ’ਤੇ ਵੀ ਪੰਜਾਬ ਦੇ ਮੁੱਦਿਆਂ ਲਈ ਹੀ ਗਿਆ ਸੀ’

ਪਿਛਲੇ ਕੁਝ ਦਿਨਾਂ ਤੋਂ ਕੈਨੇਡਾ ਦੇ ਕੈਲਗਰੀ ਵਿੱਚ ਹੋਏ ਗਾਇਕ ਦਿਲਜੀਤ ਦੋਸਾਂਝ ਦੇ ਕੰਸਰਟ ਅਤੇ ਉੱਥੇ ਹੋਏ ਵਿਰੋਧ ਦੀਆਂ ਚਰਚਾਵਾਂ ਗਰਮ ਹਨ। ਇੱਕ ਪਾਸੇ ਕੁਝ ਲੋਕਾਂ ਵੱਲੋਂ ਖ਼ਾਲਿਸਤਾਨੀ ਝੰਡੇ ਲਹਿਰਾ ਕੇ ਵਿਰੋਧ ਦਰਜ ਕਰਵਾਇਆ ਗਿਆ ਤੇ ਦੂਜੇ ਪਾਸੇ ਦਿਲਜੀਤ ਨੇ ਸਟੇਜ ਤੋਂ ਬੇਬਾਕ ਹੋ ਕੇ ਆਪਣਾ ਪੱਖ ਰੱਖਿਆ। ਜੇਕਰ ਨਿਰਪੱਖ ਹੋ ਕੇ ਦੇਖਿਆ ਜਾਵੇ, ਤਾਂ ਅੱਜ ਦੇ ਸਮੇਂ ਵਿੱਚ ਜਿਸ ਤਰ੍ਹਾਂ ਦਿਲਜੀਤ ਦੋਸਾਂਝ ਵਿਸ਼ਵ ਪੱਧਰ ’ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰ ਰਹੇ ਹਨ, ਉਸ ਉੱਤੇ ਸਵਾਲ ਚੁੱਕਣੇ ਜਾਇਜ਼ ਨਹੀਂ ਲੱਗਦੇ।





ਦਿਲਜੀਤ ਸਿਰਫ਼ ਇੱਕ ਗਾਇਕ ਨਹੀਂ, ਸਗੋਂ ਵਿਸ਼ਵ ਮੰਚ ’ਤੇ ਪੰਜਾਬ ਦੇ ਸੱਭਿਆਚਾਰਕ ਰਾਜਦੂਤ ਬਣ ਕੇ ਉਭਰੇ ਹਨ। ਚਾਹੇ ਉਹ ਕੋਚੈਲਾ ਦਾ ਮੰਚ ਹੋਵੇ ਜਾਂ ਜਿਮੀ ਫੈਲਨ ਦਾ ‘ਦਿ ਟੂਨਾਈਟ ਸ਼ੋਅ’, ਉਨ੍ਹਾਂ ਨੇ ਹਮੇਸ਼ਾ ਆਪਣੀ ਪਛਾਣ ‘ਪੰਜਾਬੀ’ ਵਜੋਂ ਪੇਸ਼ ਕੀਤੀ ਹੈ। ਜਿਮੀ ਫੈਲਨ ਦੇ ਸ਼ੋਅ ’ਤੇ 1914 ਦੀ ‘ਕੋਮਾਗਾਟਾਮਾਰੂ’ (ਗੁਰੂ ਨਾਨਕ ਜਹਾਜ਼) ਦੀ ਘਟਨਾ ਦਾ ਜ਼ਿਕਰ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਇੱਕ ਅਜਿਹੇ ਮੰਚ ’ਤੇ, ਜਿੱਥੇ ਦੁਨੀਆ ਦੇ ਵੱਡੇ-ਵੱਡੇ ਸਿਤਾਰੇ ਸਿਰਫ਼ ਆਪਣੀਆਂ ਫ਼ਿਲਮਾਂ ਦਾ ਪ੍ਰਚਾਰ ਕਰਨ ਆਉਂਦੇ ਹਨ, ਉੱਥੇ ਦਿਲਜੀਤ ਨੇ ਪੰਜਾਬੀਆਂ ਦੇ ਸਦੀਆਂ ਪੁਰਾਣੇ ਇਤਿਹਾਸਕ ਦਰਦ ਨੂੰ ਬਿਆਨ ਕੀਤਾ। ਇਹ ਸਾਬਤ ਕਰਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਪੰਜਾਬ ਲਈ ਕਿੰਨੀ ਡੂੰਘੀ ਜਗ੍ਹਾ ਹੈ।

ਵਿਰੋਧ ਕਰਨ ਵਾਲਿਆਂ ਦਾ ਮੁੱਖ ਇਤਰਾਜ਼ ਦਿਲਜੀਤ ਦੇ ‘ਕੌਣ ਬਣੇਗਾ ਕਰੋੜਪਤੀ’ ਵਿੱਚ ਜਾਣ ਅਤੇ ਅਮਿਤਾਭ ਬੱਚਨ ਪ੍ਰਤੀ ਸਤਿਕਾਰ ਦਿਖਾਉਣ ’ਤੇ ਸੀ। ਉਨ੍ਹਾਂ ਦਾ ਤਰਕ ਇਹ ਸੀ ਕਿ 1984 ਦੇ ਸਿੱਖ ਕਤਲੇਆਮ ਦੇ ਜ਼ਖ਼ਮ ਅਜੇ ਵੀ ਤਾਜ਼ਾ ਹਨ। ਉਨ੍ਹਾਂ ਅਨੁਸਾਰ ਅਮਿਤਾਭ ਬੱਚਨ ਵਰਗੀਆਂ ਸ਼ਖ਼ਸੀਅਤਾਂ ਨਾਲ ਸਾਂਝ ਦਿਖਾਉਣਾ ਉਨ੍ਹਾਂ ਪੀੜਤਾਂ ਦਾ ਅਪਮਾਨ ਹੈ। ਉਨ੍ਹਾਂ ਲਈ ਇਹ ਸਿਆਸੀ ਵਿਰੋਧ ਦਰਜ ਕਰਵਾਉਣ ਦਾ ਇੱਕ ਤਰੀਕਾ ਸੀ।

ਪਰ ਦਿਲਜੀਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੇ ਰਾਸ਼ਟਰੀ ਮੰਚਾਂ ਦੀ ਵਰਤੋਂ ਪੰਜਾਬ ਦੇ ਮੁੱਦਿਆਂ ਨੂੰ ਉਭਾਰਨ ਲਈ ਕਰਦੇ ਹਨ। ਉਨ੍ਹਾਂ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਅਸੀਂ ਅਕਸਰ ਸ਼ਿਕਾਇਤ ਕਰਦੇ ਹਾਂ ਕਿ ਨੈਸ਼ਨਲ ਮੀਡੀਆ ਪੰਜਾਬ ਨੂੰ ਨਜ਼ਰਅੰਦਾਜ਼ ਕਰਦਾ ਹੈ। ਜੇਕਰ ਕੋਈ ਕਲਾਕਾਰ ਉੱਥੇ ਜਾ ਕੇ ਆਪਣੀ ਹੋਂਦ ਅਤੇ ਮੁੱਦਿਆਂ ਦੀ ਗੱਲ ਕਰਦਾ ਹੈ, ਤਾਂ ਉਸ ਨੂੰ ‘ਗ਼ਦਾਰ’ ਜਾਂ ‘ਸਮਝੌਤਾਵਾਦੀ’ ਕਹਿਣਾ ਗਲਤ ਹੈ। ਦਿਲਜੀਤ ਨੇ ਕਿਹਾ, ‘ਮੇਰਾ ਕੰਮ ਚੈਰਿਟੀ ਕਰਨਾ ਨਹੀਂ ਹੈ, ਪਰ ਮੈਂ ਜਿਸ ਵੀ ਪਲੇਟਫਾਰਮ ’ਤੇ ਜਾਂਦਾ ਹਾਂ, ਪੰਜਾਬ ਦੀ ਗੱਲ ਜ਼ਰੂਰ ਕਰਦਾ ਹਾਂ। ਅਸੀਂ ਅਕਸਰ ਕਹਿੰਦੇ ਹਾਂ ਕਿ ਨੈਸ਼ਨਲ ਮੀਡੀਆ ਪੰਜਾਬ ਬਾਰੇ ਗੱਲ ਨਹੀਂ ਕਰਦਾ, ਇਸੇ ਲਈ ਮੈਂ ਕੇਬੀਸੀ ਵਰਗੇ ਵੱਡੇ ਸ਼ੋਅ ’ਤੇ ਗਿਆ ਤਾਂ ਜੋ ਪੰਜਾਬ ਦੇ ਮੁੱਦਿਆਂ ਨੂੰ ਦੇਸ਼ ਸਾਹਮਣੇ ਰੱਖ ਸਕਾਂ।’

ਦਿਲਜੀਤ ਦੋਸਾਂਝ ਨੇ ਕੈਲਗਰੀ ਦੀ ਸਟੇਜ ਤੋਂ ਜੋ ਕਿਹਾ— ‘ਜਿੰਨੇ ਝੰਡੇ ਦਿਖਾਉਣੇ ਦਿਖਾਈ ਚੱਲੋ’—ਉਹ ਉਨ੍ਹਾਂ ਦੀ ਨਾਰਾਜ਼ਗੀ ਨਹੀਂ, ਸਗੋਂ ਉਨ੍ਹਾਂ ਦਾ ਸਿਦਕ (ਧੀਰਜ) ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਕਲਾ ਸਭ ਨੂੰ ਜੋੜਨ ਲਈ ਹੁੰਦੀ ਹੈ, ਨਾ ਕਿ ਵੰਡਣ ਲਈ। ਪੰਜਾਬ ਪਹਿਲਾਂ ਹੀ ਬਹੁਤ ਸੰਤਾਪ ਹੰਢਾ ਚੁੱਕਾ ਹੈ। ਅੱਜ ਜਦੋਂ ਇੱਕ ਪੰਜਾਬੀ ਗੱਭਰੂ ਦੁਨੀਆ ਦੇ ਸਭ ਤੋਂ ਵੱਡੇ ਸਟੇਡੀਅਮਾਂ ਨੂੰ ਭਰ ਰਿਹਾ ਹੈ, ਤਾਂ ਸਾਨੂੰ ਉਸ ਦੀਆਂ ਲੱਤਾਂ ਖਿੱਚਣ ਦੀ ਬਜਾਏ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨਾ ਚਾਹੀਦਾ ਹੈ। ਦੂਜੇ ਪਾਸੇ, ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਕਲਾਕਾਰ ਨੂੰ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ। ਪ੍ਰਸ਼ੰਸਕਾਂ ਅਨੁਸਾਰ, ਇੱਕ ਸੱਭਿਆਚਾਰਕ ਸ਼ੋਅ (ਕੰਸਰਟ) ਵਿੱਚ ਸਿਆਸੀ ਝੰਡੇ ਲਹਿਰਾਉਣੇ ਅਤੇ ਵਿਘਨ ਪਾਉਣਾ ਠੀਕ ਨਹੀਂ ਹੈ, ਕਿਉਂਕਿ ਲੋਕ ਉੱਥੇ ਮਨੋਰੰਜਨ ਅਤੇ ਸੰਗੀਤ ਲਈ ਆਉਂਦੇ ਹਨ। ਦਿਲਜੀਤ ਦਾ ਸ਼ੋਅ ਰੋਕ ਕੇ ਆਪਣਾ ਪੱਖ ਰੱਖਣਾ ਇਹ ਸਾਬਤ ਕਰਦਾ ਹੈ ਕਿ ਉਹ ਇਨ੍ਹਾਂ ਸਵਾਲਾਂ ਤੋਂ ਭੱਜ ਨਹੀਂ ਰਿਹਾ, ਬਲਕਿ ਆਪਣੀ ਸਫ਼ਾਈ ਦੇ ਰਿਹਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਵਿਰੋਧ ਕਰਨਾ ਹਰ ਕਿਸੇ ਦਾ ਹੱਕ ਹੋ ਸਕਦਾ ਹੈ, ਪਰ ਇੱਕ ਕਲਾਕਾਰ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਨੂੰ ਸਿਰਫ਼ ਇੱਕ ਮੁਲਾਕਾਤ ਜਾਂ ਇੱਕ ਟੀਵੀ ਸ਼ੋਅ ਦੇ ਆਧਾਰ ’ਤੇ ਤੋਲਣਾ ਸੰਤੁਲਿਤ ਸੋਚ ਨਹੀਂ ਹੈ। ਦਿਲਜੀਤ ਨੂੰ ਇੱਕ ‘ਪੰਜਾਬੀ ਅੰਬੈਸਡਰ’ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਇੱਕ ‘ਸਿਆਸੀ ਆਗੂ’ ਵਜੋਂ। ਉਸ ਦੀਆਂ ਪੇਸ਼ੇਵਰ ਮੁਲਾਕਾਤਾਂ (ਜਿਵੇਂ ਅਮਿਤਾਭ ਬੱਚਨ ਨਾਲ) ਨੂੰ ਉਸਦੇ ਨਿੱਜੀ ਅਕੀਦੇ ਜਾਂ ਪੰਜਾਬ ਨਾਲ ਗ਼ੱਦਾਰੀ ਵਜੋਂ ਦੇਖਣਾ ਸ਼ਾਇਦ ਜ਼ਿਆਦਾ ਸਖ਼ਤ ਨਜ਼ਰੀਆ ਹੈ।ਦਿਲਜੀਤ ਦੀ ਅਸਲੀ ਸੇਵਾ ਉਸ ਦਾ ਸੰਗੀਤ ਅਤੇ ਉਸ ਦੀ ਉਹ ਆਵਾਜ਼ ਹੈ, ਜੋ ਅੱਜ ਪੂਰੀ ਦੁਨੀਆ ਵਿੱਚ ‘ਪੰਜਾਬੀ ਆ ਗਏ ਓਏ’ ਦੇ ਨਾਅਰੇ ਨਾਲ ਗੂੰਜ ਰਹੀ ਹੈ।

# ਹੈਨਲੀ ਪਾਸਪੋਰਟ ਇੰਡੈਕਸ-2026 ’ਚ ਭਾਰਤੀ ਪਾਸਪੋਰਟ ਦੀ ਵੱਡੀ ਪ੍ਰਾਪਤੀ

### ਭਾਰਤ ਨੇ ਸਿੱਧਾ 10 ਅੰਕਾਂ ਦਾ ਸੁਧਾਰ ਕੀਤਾ,75ਵੇਂ ਸਥਾਨ ’ਤੇ ਪਹੁੰਚਿਆ

ਨਵੀਂ ਦਿੱਲੀ/ਏ.ਟੀ.ਨਿਊਜ਼: ਸਾਲ 2026 ਦੀ ਤਾਜ਼ਾ ਹੈਨਲੀ ਪਾਸਪੋਰਟ ਇੰਡੈਕਸ ਰਿਪੋਰਟ ਭਾਰਤ ਲਈ ਬਹੁਤ ਵੱਡੀ ਖੁਸ਼ਖਬਰੀ ਲੈ ਕੇ ਆਈ ਹੈ। ਭਾਰਤੀ ਪਾਸਪੋਰਟ ਨੇ ਆਪਣੀ ਤਾਕਤ ਦਿਖਾਉਂਦੇ ਹੋਏ ਵਿਸ਼ਵ ਰੈਂਕਿੰਗ ਵਿੱਚ ਲੰਮੀ ਛਾਲ ਮਾਰੀ ਹੈ। ਜਿੱਥੇ ਭਾਰਤ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ, ਉੱਥੇ ਹੀ ਦੁਨੀਆ ਦੇ ਕਈ ਅਮੀਰ ਅਤੇ ਵਿਕਸਤ ਦੇਸ਼ਾਂ ਦੀ ਰੈਂਕਿੰਗ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ।

ਤਾਜ਼ਾ ਅੰਕੜਿਆਂ ਮੁਤਾਬਕ ਭਾਰਤੀ ਪਾਸਪੋਰਟ ਹੁਣ 75ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਭਾਰਤ 85ਵੇਂ ਸਥਾਨ ’ਤੇ ਸੀ, ਜਿਸਦਾ ਮਤਲਬ ਹੈ ਕਿ ਭਾਰਤ ਨੇ ਸਿੱਧਾ 10 ਅੰਕਾਂ ਦਾ ਸੁਧਾਰ ਕੀਤਾ ਹੈ। ਹੁਣ ਭਾਰਤੀ ਨਾਗਰਿਕ ਵਿਸ਼ਵ ਦੇ 56 ਦੇਸ਼ਾਂ ਥਾਈਲੈਂਡ (ਵੀਜ਼ਾ-ਮੁਕਤ - ਸੀਮਤ ਸਮੇਂ ਲਈ), ਮਲੇਸ਼ੀਆ : (ਵੀਜ਼ਾ-ਮੁਕਤ), ਇੰਡੋਨੇਸ਼ੀਆ : (ਵੀਜ਼ਾ-ਆਨ-ਅਰਾਈਵਲ), ਭੂਟਾਨ : (ਵੀਜ਼ਾ-ਮੁਕਤ), ਨੇਪਾਲ : (ਵੀਜ਼ਾ-ਮੁਕਤ - ਕੋਈ ਰੋਕ ਨਹੀਂ), ਸ਼੍ਰੀਲੰਕਾ : (ਵੀਜ਼ਾ-ਆਨ-ਅਰਾਈਵਲ,), ਮਾਲਦੀਵ: (ਵੀਜ਼ਾ-ਆਨ-ਅਰਾਈਵਲ) ਕਜ਼ਾਕਿਸਤਾਨ (ਵੀਜ਼ਾ-ਮੁਕਤ),ਵੀਅਤਨਾਮ : (ਈ-ਵੀਜ਼ਾ ਜਾਂ ਵਿਸ਼ੇਸ਼ ਸ਼ਰਤਾਂ ਅਧੀਨ),ਮਕਾਊ: (ਵੀਜ਼ਾ-ਮੁਕਤ),ਅਫਰੀਕਾ ਦੇਸ਼ ਪ੍ਰਮੁੱਖ ਹਨ: ਮਾਰੀਸ਼ਸ : (ਵੀਜ਼ਾ-ਮੁਕਤ),ਸੇਸ਼ੇਲਸ : (ਪਰਮਿਟ-ਆਨ-ਅਰਾਈਵਲ), ਕੇਨੀਆ (ਵੀਜ਼ਾ-ਮੁਕਤ ਲੋੜੀਂਦਾ ਹੋ ਸਕਦਾ ਹੈ) ਰਵਾਂਡਾ: (ਵੀਜ਼ਾ-ਆਨ-ਅਰਾਈਵਲ), ਇਥੋਪੀਆ : (ਵੀਜ਼ਾ-ਆਨ-ਅਰਾਈਵਲ) ਜ਼ਿੰਬਾਬਵੇ: (ਵੀਜ਼ਾ-ਆਨ-ਅਰਾਈਵਲ),ਸੁੰਦਰ ਟਾਪੂਆਂ ਦੀ ਸੈਰ ਲਈ: ਜਮੈਕਾ ,(ਵੀਜ਼ਾ-ਮੁਕਤ), ਬਾਰਬਾਡੋਸ : (ਵੀਜ਼ਾ-ਮੁਕਤ), ਡੋਮਿਨਿਕਾ: (ਵੀਜ਼ਾ-ਮੁਕਤ), ਗ੍ਰੇਨਾਡਾ : (ਵੀਜ਼ਾ-ਮੁਕਤ), ਹੈਤੀ : (ਵੀਜ਼ਾ-ਮੁਕਤ) ਤ੍ਰਿਨੀਦਾਦ ਅਤੇ ਟੋਬੈਗੋ : (ਵੀਜ਼ਾ-ਮੁਕਤ,), ਫਿਜੀ : (ਵੀਜ਼ਾ-ਮੁਕਤ), ਕੁੱਕ ਟਾਪੂ : (ਵੀਜ਼ਾ-ਮੁਕਤ) ਵੈਨੂਆਟੂ : (ਵੀਜ਼ਾ-ਮੁਕਤ),ਕਤਰ : (ਵੀਜ਼ਾ-ਆਨ-ਅਰਾਈਵਲ), ਜਾਰਡਨ: (ਵੀਜ਼ਾ-ਆਨ-ਅਰਾਈਵਲ),ਓਮਾਨ: (ਵੀਜ਼ਾ-ਮੁਕਤ - ਸੀਮਤ ਸ਼ਰਤਾਂ ਅਧੀਨ)

ਵਿੱਚ ਬਿਨਾਂ ਵੀਜ਼ਾ ਜਾਂ ਵੀਜ਼ਾ-ਆਨ-ਅਰਾਈਵਲ ਦੀ ਸਹੂਲਤ ਨਾਲ ਸਫ਼ਰ ਕਰ ਸਕਦੇ ਹਨ। ਮਾਹਿਰਾਂ ਅਨੁਸਾਰ ਭਾਰਤ ਦੇ ਵਧਦੇ ਕੂਟਨੀਤਕ ਸਬੰਧ ਅਤੇ ਨਵੇਂ ਦੁਵੱਲੇ ਸਮਝੌਤੇ ਇਸ ਮਜ਼ਬੂਤੀ ਦਾ ਮੁੱਖ ਕਾਰਨ ਹਨ।

**ਪਾਕਿਸਤਾਨ ਦੀ ਹਾਲਤ ਅਜੇ ਵੀ ਪਤਲੀ**

ਗੁਆਂਢੀ ਦੇਸ਼ ਪਾਕਿਸਤਾਨ ਦੀ ਰੈਂਕਿੰਗ ਵਿੱਚ ਮਾਮੂਲੀ ਸੁਧਾਰ ਹੋਇਆ ਹੈ, ਪਰ ਉਹ ਅਜੇ ਵੀ ਭਾਰਤ ਤੋਂ ਬਹੁਤ ਪਿੱਛੇ ਹੈ। ਪਾਕਿਸਤਾਨ 103ਵੇਂ ਸਥਾਨ ਤੋਂ ਉੱਠ ਕੇ 98ਵੇਂ ਸਥਾਨ ’ਤੇ ਆਇਆ ਹੈ, ਜਿੱਥੇ ਇਸਦੇ ਨਾਗਰਿਕਾਂ ਨੂੰ ਸਿਰਫ 31 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਪ੍ਰਾਪਤ ਹੈ। ਪਾਕਿਸਤਾਨ ਅਜੇ ਵੀ ਅਫਗਾਨਿਸਤਾਨ ਅਤੇ ਇਰਾਕ ਵਰਗੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਬਣਿਆ ਹੋਇਆ ਹੈ।

**ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ**

ਨੰਬਰ 1: ਸਿੰਗਾਪੁਰ ਨੇ ਇੱਕ ਵਾਰ ਫਿਰ ਆਪਣੀ ਬਾਦਸ਼ਾਹਤ ਕਾਇਮ



ਰੱਖੀ ਹੈ। ਸਿੰਗਾਪੁਰ ਦੇ ਨਾਗਰਿਕ 192 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਜਾ ਸਕਦੇ ਹਨ।

ਨੰਬਰ 2: ਜਾਪਾਨ, ਦੱਖਣੀ ਕੋਰੀਆ ਅਤੇ ਸੰਯੁਕਤ ਅਰਬ ਅਮੀਰਾਤ ਸਾਂਝੇ ਤੌਰ ’ਤੇ ਦੂਜੇ ਸਥਾਨ ’ਤੇ ਹਨ ।

**ਅਮੀਰ ਦੇਸ਼ਾਂ ਦੀ ਰੈਂਕਿੰਗ ਕਿਉਂ ਡਿੱਗੀ ?**

ਇਸ ਰਿਪੋਰਟ ਵਿੱਚ ਸਭ ਤੋਂ ਹੈਰਾਨੀਜਨਕ ਗੱਲ ਅਮਰੀਕਾ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਦੀ ਰੈਂਕਿੰਗ ਵਿੱਚ ਆਈ ਗਿਰਾਵਟ ਆਈ ਹੈ। ਕਦੇ ਚੋਟੀ ’ਤੇ ਰਹਿਣ ਵਾਲਾ ਅਮਰੀਕਾ ਹੁਣ 10ਵੇਂ ਸਥਾਨ ’ਤੇ ਖਿਸਕ ਗਿਆ ਹੈ। ਬ੍ਰਿਟੇਨ ਵੀ ਚੋਟੀ ਦੇ 3 ਵਿੱਚੋਂ ਬਾਹਰ ਹੋ ਕੇ 6ਵੇਂ ਸਥਾਨ ’ਤੇ ਆ ਗਿਆ। ਕੈਨੇਡਾ ਤੇ ਆਸਟ੍ਰੇਲੀਆ ਦੇਸ਼ ਵੀ ਕ੍ਰਮਵਾਰ 7ਵੇਂ ਅਤੇ 8ਵੇਂ ਸਥਾਨ ’ਤੇ ਆ ਗਏ ਹਨ। ਸਖ਼ਤ ਇਮੀਗ੍ਰੇਸ਼ਨ ਨੀਤੀਆਂ, ਸੁਰੱਖਿਆ ਨਿਯਮਾਂ ਵਿੱਚ ਸਖ਼ਤੀ ਅਤੇ ਦੂਜੇ ਦੇਸ਼ਾਂ ਨਾਲ ਵੀਜ਼ਾ ਸਬੰਧਾਂ ਵਿੱਚ ਆਪਸੀ ਤਾਲਮੇਲ ਦੀ ਕਮੀ ਇਨ੍ਹਾਂ ਦੇਸ਼ਾਂ ਦੀ ਰੈਂਕਿੰਗ ਡਿੱਗਣ ਦਾ ਵੱਡਾ ਕਾਰਨ ਬਣੀ ਹੈ।

**ਸਭ ਤੋਂ ਕਮਜ਼ੋਰ ਪਾਸਪੋਰਟ**

ਸੂਚੀ ਵਿੱਚ ਸਭ ਤੋਂ ਹੇਠਲੇ ਪੱਧਰ ’ਤੇ ਅਫਗਾਨਿਸਤਾਨ ਹੈ (ਸਿਰਫ਼ 23 ਦੇਸ਼ਾਂ ਤੱਕ ਪਹੁੰਚ)। ਇਸ ਤੋਂ ਇਲਾਵਾ ਸੀਰੀਆ, ਇਰਾਕ, ਉੱਤਰੀ ਕੋਰੀਆ ਅਤੇ ਬੰਗਲਾਦੇਸ਼ ਦੇ ਪਾਸਪੋਰਟ ਵੀ ਸਭ ਤੋਂ ਕਮਜ਼ੋਰ ਮੰਨੇ ਗਏ ਹਨ।

2026 ਦੀ ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਵਿਸ਼ਵ ਪੱਧਰ ’ਤੇ ਭਾਰਤ ਦਾ ਪ੍ਰਭਾਵ ਵਧ ਰਿਹਾ ਹੈ। ਭਾਰਤੀ ਪਾਸਪੋਰਟ ਦੀ ਵਧਦੀ ਤਾਕਤ ਨਾਗਰਿਕਾਂ ਲਈ ਅੰਤਰਰਾਸ਼ਟਰੀ ਯਾਤਰਾ ਨੂੰ ਹੋਰ ਸੁਖਾਲਾ ਬਣਾਏਗੀ।

# ਹੁਣ ਇੰਟਰਨੈੱਟ ਦੀ ਵੀ ਹੋਣ ਲੱਗੀ ਤਸਕਰੀ

### ਇਰਾਨ ’ਚ ਪਾਬੰਦੀਆਂ ਵਿਚਾਲੇ ਸਟਾਰਲਿੰਕ ਮੁਹੱਈਆ ਕਰਵਾ ਰਿਹਾ ਨੈਟਵਰਕ

ਤਹਿਰਾਨ/ਏ.ਟੀ.ਨਿਊਜ਼: ਇਰਾਨ ਦੇ ਚੱਲ ਰਹੇ ਇੰਟਰਨੈੱਟ ਪਾਬੰਦੀ ਦੇ ਵਿਚਕਾਰ, ਇੱਕ ਨਵਾਂ ਅਤੇ ਜੋਖਮ ਭਰਿਆ ਭੂਮੀਗਤ ਕਾਰਜ ਸਾਹਮਣੇ ਆਇਆ ਹੈ। ਜਿੱਥੇ ਸਰਕਾਰ ਨੇ ਸੈਟੇਲਾਈਟ ਇੰਟਰਨੈੱਟ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕੀਤਾ ਹੈ ਅਤੇ ਸਖ਼ਤ ਸਜ਼ਾਵਾਂ ਦਿੱਤੀਆਂ ਹਨ, ਉੱਥੇ ਹੀ ਤਸਕਰਾਂ ਦਾ ਇੱਕ ਗੁਪਤ ਨੈੱਟਵਰਕ ਦੇਸ਼ ਵਿੱਚ ਸਰਹੱਦਾਂ ਪਾਰ ਸਟਾਰਲਿੰਕ ਟਰਮੀਨਲਾਂ ਨੂੰ ਪਹੁੰਚਾਉਣ ਲਈ ਆਪਣੀਆਂ ਜਾਨਾਂ ਜੋਖਮ ਵਿੱਚ ਪਾ ਰਿਹਾ ਹੈ। ਇੱਕ ਰਿਪੋਰਟ ਦੇ ਅਨੁਸਾਰ, ਇੱਕ ਗੁਪਤ ਨੈੱਟਵਰਕ ਚੁੱਪ-ਚਾਪ ਇਰਾਨ ਵਿੱਚ ਆਪਣੇ ਪੈਰ ਫੈਲਾ ਰਿਹਾ ਹੈ, ਜਿਸ ਨਾਲ ਯੁੱਧ ਪ੍ਰਭਾਵਿਤ ਦੇਸ਼ ਤੱਕ ਗਲੋਬਲ ਇੰਟਰਨੈੱਟ ਪਹੁੰਚ ਆ ਰਹੀ ਹੈ, ਕਿਉਂਕਿ ਇਹ ਤਕਨਾਲੋਜੀ ਅਜੇ ਵੀ ਗ਼ੈਰ-ਕਾਨੂੰਨੀ ਹੈ।

ਜਨਵਰੀ ਵਿੱਚ ਵਿਆਪਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਇਰਾਨ ਵਿੱਚ ਅਧਿਕਾਰੀਆਂ ਨੇ ਪੂਰੀ ਤਰ੍ਹਾਂ ਇੰਟਰਨੈੱਟ ਬਲਾਕ ਕਰ ਦਿੱਤਾ ਹੈ। ਥੋੜ੍ਹੀ ਜਿਹੀ ਰਾਹਤ ਤੋਂ ਬਾਅਦ, ਫਰਵਰੀ ਵਿੱਚ ਪਾਬੰਦੀਆਂ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਸੀ, ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਇਲ ਦੁਆਰਾ ਕੀਤੇ ਗਏ ਹਮਲਿਆਂ ਤੋਂ ਬਾਅਦ ਜਿਸ ਵਿੱਚ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਸਮੇਤ ਸੈਂਕੜੇ ਲੋਕ ਮਾਰੇ ਗਏ ਸਨ।

**ਇੰਟਰਨੈੱਟ ਤਸਕਰੀ**

ਇਰਾਨ ਵਿੱਚ ਇੰਟਰਨੈੱਟ ਲਗਪਗ ਪੂਰੀ ਤਰ੍ਹਾਂ ਪਾਬੰਦੀਸ਼ੁਦਾ ਹੈ। ਲੰਬੇ ਸਮੇਂ ਤੋਂ ਲੱਗੀ ਪਾਬੰਦੀ ਨੇ ਮੰਗ ਨੂੰ ਵਧਾ ਦਿੱਤਾ ਹੈ। ਇਸ ਦੌਰਾਨ, ਇਰਾਨ ਵਿੱਚ ਇੰਟਰਨੈੱਟ ਤਸਕਰੀ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਸਮੂਹ ਡਿਜੀਟਲ ਸੇਵਾਵਾਂ ਨੂੰ ਚਾਲੂ ਰੱਖਣ ਲਈ ਸਟਾਰਲਿੰਕ ਉਪਕਰਣਾਂ ਦੀ ਦੇਸ਼ ਵਿੱਚ ਤਸਕਰੀ ਕਰ ਰਹੇ ਹਨ।

**ਸਟਾਰਲਿੰਕ ਡਿਵਾਈਸ ਕਿਵੇਂ ਕੰਮ ਕਰਦੀ ਹੈ ?**

ਸਟਾਰਲਿੰਕ ਡਿਵਾਈਸ ਇੰਟਰਨੈੱਟ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਟਾਲਣ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੈ, ਜਿਸ ਨਾਲ ਉਪਭੋਗਤਾ ਅਧਿਕਾਰੀਆਂ ਦੀ ਸਖ਼ਤ (ਬਾਕੀ ਸਫ਼ਾ 26 ’ਤੇ)

# ਨਹੀਂ ਬਦਲੇਗੀ ਕੇਜਰੀਵਾਲ ਦੀ ਸਿਆਸਤ

## ਰਾਜ ਸਭਾ ਮੈਂਬਰਾਂ ਦੇ ਜਾਣ ਅਤੇ ਵਿਵਾਦਾਂ ਦੇ ਬਾਵਜੂਦ ਆਪਣੇ ਰਾਹ 'ਤੇ ਕਾਇਮ

## ਵਿਚਾਰਧਾਰਾ ਨੂੰ ਛਿੱਕੇ ਟੰਗ ਕੇਜਰੀਵਾਲ ਦੀ 'ਸੁਪਰ ਫਾਸਟ' ਸਿਆਸਤ: ਕੀ ਸਿਰਫ਼ ਜਿੱਤ ਹੀ ਸਭ ਕੁਝ ਹੈ ?

## ਕੀ ਮਾਨ ਬਣਨਗੇ ਪੰਜਾਬ ਦੇ 'ਸੁਲਤਾਨ' ਜਾਂ ਕੇਜਰੀਵਾਲ ਦੀ ਰਣਨੀਤੀ ਅੱਗੇ ਹੋਣਗੇ ਢੇਰ ?



ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅੱਜਕੱਲ੍ਹ ਕਈ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਪਰ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਉਹ ਆਪਣੀ ਸਿਆਸਤ ਦਾ ਅੰਦਾਜ਼ ਬਦਲਣ ਦੇ ਮੂਡ ਵਿੱਚ ਨਹੀਂ ਹਨ। ਪੰਜਾਬ ਦੇ 6 ਰਾਜ ਸਭਾ ਮੈਂਬਰਾਂ ਅਤੇ ਦਿੱਲੀ ਤੋਂ ਸਵਾਤੀ ਮਾਲੀਵਾਲ ਦੇ ਪਾਰਟੀ ਛੱਡਣ ਵਰਗੀਆਂ ਘਟਨਾਵਾਂ ਦੇ ਬਾਵਜੂਦ ਕੇਜਰੀਵਾਲ ਇਸ ਨੂੰ ਭਾਜਪਾ ਦੇ 'ਅਪਰੇਸ਼ਨ ਲੋਟਸ' ਵਿਰੁੱਧ ਇੱਕ ਨਵੇਂ ਨੈਰੇਟਿਵ (ਬਿਰਤਾਂਤ) ਵਜੋਂ ਵਰਤ ਰਹੇ ਹਨ। ਜੇਕਰ ਪੰਜਾਬ ਦੇ ਆਮ ਘਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਮਿਲਦੀ ਰਹੀ ਅਤੇ 'ਆਮ ਆਦਮੀ ਕਲੀਨਿਕ' ਸਫਲਤਾਪੂਰਵਕ ਚੱਲਦੇ ਰਹੇ, ਤਾਂ ਇੱਕ ਵੱਡਾ ਵਰਗ (ਖਾਸ ਕਰਕੇ ਗਰੀਬ ਅਤੇ ਮੱਧ ਵਰਗ) ਇਸ ਨੈਰੇਟਿਵ 'ਤੇ ਭਰੋਸਾ ਕਰੇਗਾ ਕਿ ਕੰਮ ਤਾਂ ਹੋ ਰਿਹਾ ਹੈ। ਕੇਜਰੀਵਾਲ ਦਾ ਇਹ ਕਹਿਣਾ ਕਿ ਮੈਨੂੰ ਇਸ ਲਈ ਤੰਗ ਕੀਤਾ ਜਾ ਰਿਹਾ ਹੈ ਕਿਉਂਕਿ ਮੈਂ ਤੁਹਾਡੇ ਬੱਚਿਆਂ ਲਈ ਸਕੂਲ ਬਣਾ ਰਿਹਾ ਹਾਂ, ਪੰਜਾਬ ਦੇ ਭਾਵੁਕ ਵੋਟਰਾਂ 'ਤੇ ਅਸਰ ਪਾ ਸਕਦਾ ਹੈ, ਬਸ਼ਰਤੇ ਵਿਰੋਧੀ ਧਿਰਾਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਨੂੰ ਸਾਬਤ ਨਾ ਕਰ ਸਕਣ।ਜੇਕਰ ਅਕਾਲੀ ਦਲ ਅਤੇ ਕਾਂਗਰਸ ਆਪਣਾ ਗੁਆਚਿਆ ਹੋਇਆ ਭਰੋਸਾ ਮੁੜ ਬਹਾਲ ਨਹੀਂ ਕਰ ਪਾਉਂਦੇ,ਤਾਂ ਲੋਕਾਂ ਕੋਲ 'ਆਪ' 'ਤੇ ਦੁਬਾਰਾ ਭਰੋਸਾ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਬਚੇਗਾ।

ਕੇਜਰੀਵਾਲ ਦਾ ਮੰਨਣਾ ਹੈ ਕਿ ਉਨ੍ਹਾਂ ਦੀ 'ਵਿਚਾਰਧਾਰਾ ਵਿਹੀਨ' ਪਰ ਨਤੀਜਾ-ਮੁਖੀ ਰਾਜਨੀਤੀ ਨੇ ਉਨ੍ਹਾਂ ਨੂੰ ਦਿੱਲੀ ਵਿੱਚ ਤਿੰਨ ਵਾਰ ਸੱਤਾ ਅਤੇ ਪੰਜਾਬ ਵਿੱਚ ਪ੍ਰਚੰਡ ਬਹੁਮਤ ਦਿਵਾਇਆ ਸੀ। ਰਿਕਾਰਡ ਸਮੇਂ ਵਿੱਚ ਰਾਸ਼ਟਰੀ ਪਾਰਟੀ ਬਣਨ ਕਾਰਨ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਤਰੀਕਾ ਬਿਲਕੁਲ ਸਹੀ ਹੈ। ਗੁਜਰਾਤ ਅਤੇ ਗੋਆ ਵਰਗੇ ਰਾਜਾਂ ਵਿੱਚ ਕਾਂਗਰਸ ਨੂੰ ਨੁਕਸਾਨ ਪਹੁੰਚਾ ਕੇ ਖੁਦ ਨੂੰ ਇੱਕ ਵੱਡੀ ਤਾਕਤ ਵਜੋਂ ਪੇਸ਼ ਕਰਨਾ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਰਿਹਾ ਹੈ।

ਪੰਜਾਬ ਵਿੱਚ ਜਿੱਥੇ ਮੁਕਾਬਲਾ ਮੁੱਖ ਤੌਰ 'ਤੇ ਕਾਂਗਰਸ, ਅਕਾਲੀ ਦਲ ਅਤੇ 'ਵਾਰਿਸ ਪੰਜਾਬ ਦੇ' ਵਰਗੇ ਗਰੁੱਪਾਂ ਨਾਲ ਹੈ, ਉੱਥੇ ਕੇਜਰੀਵਾਲ ਭਾਜਪਾ ਵੱਲੋਂ ਰਾਜ ਸਭਾ ਮੈਂਬਰਾਂ ਨੂੰ ਤੋੜਨ ਦੀ ਕੋਸ਼ਿਸ਼ ਨੂੰ ਪੰਜਾਬ ਵਿੱਚ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਵਜੋਂ ਪੇਸ਼ ਕਰ ਰਹੇ ਹਨ। ਭਾਵੇਂ ਭਾਜਪਾ ਪੰਜਾਬ ਵਿੱਚ ਹਿੰਦੂ ਵੋਟਾਂ ਦੇ ਸਹਾਰੇ ਆਪਣਾ ਪ੍ਰਯੋਗ ਕਰ ਰਹੀ ਹੈ, ਪਰ ਕੇਜਰੀਵਾਲ ਇਸ ਨੂੰ 'ਆਪ' ਦੀ ਵਧਦੀ ਤਾਕਤ ਤੋਂ ਭਾਜਪਾ ਦਾ ਡਰ ਦੱਸ ਰਹੇ ਹਨ।

ਕੇਜਰੀਵਾਲ ਇਹ ਪ੍ਰਭਾਵ ਦੇ ਰਹੇ ਹਨ ਕਿ ਭਾਜਪਾ ਉਨ੍ਹਾਂ ਦੀ ਵਧਦੀ ਲੋਕਪ੍ਰਿਯਤਾ ਤੋਂ ਡਰਦੀ ਹੈ, ਇਸੇ ਲਈ ਉਨ੍ਹਾਂ ਦੇ ਨੇਤਾਵਾਂ ਨੂੰ ਜੇਲ੍ਹ ਭੇਜਿਆ ਜਾ ਰਿਹਾ ਹੈ ਜਾਂ ਪਾਰਟੀ ਤੋੜੀ ਜਾ ਰਹੀ ਹੈ। ਹਾਲ ਹੀ ਵਿੱਚ ਤਾਮਿਲਨਾਡੂ ਅਤੇ ਹੋਰ ਰਾਜਾਂ ਵਿੱਚ ਕੇਜਰੀਵਾਲ ਨੇ ਰਾਜਾਂ ਦੇ ਅਧਿਕਾਰਾਂ ਦੀ ਗੱਲ ਕਰਕੇ ਭਾਜਪਾ ਨੂੰ ਇੱਕ ਕੇਂਦਰੀ ਤਾਨਾਸ਼ਾਹ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸੁਆਲ ਇਹ ਹੈ ਕਿ ਕੀ ਭਗਵੰਤ ਮਾਨ ਕੇਜਰੀਵਾਲ ਤੋਂ ਅਲੱਗ ਹੋਣਗੇ ? ਫਿਲਹਾਲ ਭਗਵੰਤ ਮਾਨ ਲਈ ਕੇਜਰੀਵਾਲ ਤੋਂ ਅਲੱਗ ਹੋਣਾ ਜੋਖਮ ਭਰਿਆ ਹੋ ਸਕਦਾ ਹੈ ਕਿਉਂਕਿ ਪੰਜਾਬ ਵਿੱਚ 'ਆਪ' ਦੀ ਪਛਾਣ ਹਾਲੇ ਵੀ ਕੇਜਰੀਵਾਲ ਦੇ ਨਾਮ ਨਾਲ ਜੁੜੀ ਹੋਈ ਹੈ। ਹਾਲਾਂਕਿ, ਜੇਕਰ ਕੇਂਦਰੀ 'ਆਪ' ਲੀਡਰਸ਼ਿਪ ਪੰਜਾਬ ਦੇ ਫੈਸਲਿਆਂ ਵਿੱਚ ਜ਼ਿਆਦਾ ਦਖ਼ਲ ਦਿੰਦੀ ਹੈ, ਤਾਂ ਭਵਿੱਖ ਵਿੱਚ ਮਾਨ ਆਪਣੀ ਇੱਕ ਸੁਤੰਤਰ ਪਛਾਣ ਬਣਾਉਣ ਦੀ ਕੋਸ਼ਿਸ਼ ਜ਼ਰੂਰ ਕਰ ਸਕਦੇ ਹਨ।

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕੇਜਰੀਵਾਲ ਦੀਆਂ ਮੁੱਖ ਨੀਤੀਆਂ ਇਹ ਹੋ ਸਕਦੀਆਂ ਹਨ।

ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ ਅਤੇ ਸਕੂਲ ਆਫ਼ ਐਮੀਨੈਂਸ ਵਰਗੀਆਂ ਸਹੂਲਤਾਂ ਨੂੰ ਗਰਾਊਂਡ ਪੱਧਰ 'ਤੇ ਮਜ਼ਬੂਤ ਕਰਨਾ ਤਾਂ ਜੋ ਲੋਕਾਂ ਦਾ ਭਰੋਸਾ ਬਣਿਆ ਰਹੇ।

ਕੇਜਰੀਵਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨਗੇ ਕਿ ਭਾਜਪਾ ਪੰਜਾਬ ਵਿਰੋਧੀ ਹੈ (ਜਿਵੇਂ ਕਿ ਕਿਸਾਨ ਅੰਦੋਲਨ ਜਾਂ ਫੰਡ ਰੋਕਣ ਦੇ ਮੁੱਦੇ)।

ਰਾਜ ਸਭਾ ਮੈਂਬਰਾਂ ਦੇ ਜਾਣ ਤੋਂ ਬਾਅਦ, ਉਨ੍ਹਾਂ ਦੀ ਪਹਿਲੀ ਕੋਸ਼ਿਸ਼ ਪੰਜਾਬ ਦੇ 92 ਵਿਧਾਇਕਾਂ ਨੂੰ ਇਕਜੁੱਟ ਰੱਖਣ ਦੀ ਹੋਵੇਗੀ ਤਾਂ ਜੋ ਪਾਰਟੀ ਵਿੱਚ ਕੋਈ ਵੱਡੀ ਬਗਾਵਤ ਨਾ ਹੋਵੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਲਈ ਨੇਤਾ ਕੇਵਲ ਇੱਕ 'ਸੰਦ' (ਟੂਲ) ਵਾਂਗ ਹਨ। ਚਾਹੇ ਉਹ ਪਾਰਟੀ ਦੇ ਮੁੱਢਲੇ ਸਮੇਂ ਦੇ ਵਿਚਾਰਧਾਰਕ ਸਾਥੀ ਹੋਣ (ਜਿਵੇਂ ਅੰਨਾ ਹਜ਼ਾਰੇ ਜਾਂ ਪ੍ਰਸ਼ਾਂਤ ਕਿਸ਼ੋਰ) ਜਾਂ ਮੌਜੂਦਾ ਅਰਬਪਤੀ ਰਾਜ ਸਭਾ ਮੈਂਬਰ, ਕੇਜਰੀਵਾਲ ਨੂੰ ਕਿਸੇ ਦੇ ਜਾਣ ਨਾਲ ਫਰਕ ਪੈਂਦਾ ਨਹੀਂ ਦਿਸਦਾ। ਉਨ੍ਹਾਂ ਦਾ ਭਰੋਸਾ ਆਪਣੇ ਨਿੱਜੀ ਅਕਸ ਅਤੇ ਜ਼ੀਰੋ ਤੋਂ ਨਵਾਂ ਨੈਰੇਟਿਵ ਖੜ੍ਹਾ ਕਰਨ ਦੀ ਸਮਰੱਥਾ 'ਤੇ ਹੈ। ਕੇਜਰੀਵਾਲ ਜਾਣਦੇ ਹਨ ਕਿ ਜੇਕਰ ਪੰਜਾਬ ਹੱਥੋਂ ਨਿਕਲ ਗਿਆ, ਤਾਂ 'ਆਪ' ਦੀ ਕੌਮੀ ਪਛਾਣ ਖ਼ਤਰੇ ਵਿੱਚ ਪੈ ਸਕਦੀ ਹੈ। ਇਸ ਲਈ ਉਹ ਪੰਜਾਬ ਵਿੱਚ ਹੁਣ ਪਹਿਲਾਂ ਨਾਲੋਂ ਜ਼ਿਆਦਾ ਸਰਗਰਮ ਨਜ਼ਰ ਆਉਣਗੇ।

ਨਿਆਂਪਾਲਿਕਾ ਨਾਲ ਟਕਰਾਅ ਅਤੇ ਸਤਿਆਗ੍ਰਹਿ

ਹੁਣ ਕੇਜਰੀਵਾਲ ਨੇ ਨਿਆਂਪਾਲਿਕਾ ਨਾਲ ਵੀ ਟਕਰਾਅ ਦਾ ਮੋਰਚਾ ਖੋਲ੍ਹ ਦਿੱਤਾ ਹੈ। ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਨਕਾਂਤਾ ਸ਼ਰਮਾ ਦੀ ਬੈਂਚ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਕਾਨੂੰਨੀ ਤੌਰ 'ਤੇ ਸਹੀ ਠਹਿਰਾਇਆ ਸੀ ਅਤੇ ਕੁਝ ਸਖ਼ਤ ਟਿੱਪਣੀਆਂ ਕੀਤੀਆਂ ਸਨ। ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਨੂੰ ਲੱਗਦਾ ਹੈ ਕਿ ਇਹ ਟਿੱਪਣੀਆਂ ਪੱਖਪਾਤੀ ਹਨ, ਜਿਸ ਕਾਰਨ ਉਨ੍ਹਾਂ ਨੇ ਹੁਣ ਸਿੱਧਾ ਅਦਾਲਤੀ ਪ੍ਰਕਿਰਿਆ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਸ਼ਰਾਬ ਨੀਤੀ ਮਾਮਲੇ ਵਿੱਚ ਹਾਈ ਕੋਰਟ ਦੇ ਫੈਸਲਿਆਂ ਵਿਰੁੱਧ ਹੁਣ ਉਹ ਸਤਿਆਗ੍ਰਹਿ ਦੇ ਰਾਹ 'ਤੇ ਹਨ। ਸਤਿਆਗ੍ਰਹਿ ਰਾਹੀਂ ਕੇਜਰੀਵਾਲ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਨਹੀਂ, ਸਗੋਂ ਸਿਆਸੀ ਸਾਜ਼ਿਸ਼ ਤਹਿਤ ਫਸਾਇਆ ਗਿਆ ਹੈ। ਉਹ ਮੌਜੂਦਾ ਵਿਵਸਥਾ ਨੂੰ ਅੰਗਰੇਜ਼ਾਂ ਦੇ ਜ਼ਮਾਨੇ ਵਰਗੀ ਦੱਸ ਕੇ ਜਨਤਾ ਵਿੱਚ ਜਾਣ ਦੀ ਕੋਸ਼ਿਸ਼ ਕਰ ਰਹੇ ਹਨ। 'ਆਪ' ਦਾ ਕਹਿਣਾ ਹੈ ਕਿ ਕਰੋੜਾਂ ਦੇ ਘੁਟਾਲੇ ਦੇ ਇਲਜ਼ਾਮ ਲੱਗੇ ਹਨ, ਪਰ ਅਜੇ ਤੱਕ ਇੱਕ ਰੁਪਿਆ ਵੀ ਬਰਾਮਦ ਨਹੀਂ ਹੋਇਆ। ਉਹ ਦਲੀਲ ਦਿੰਦੇ ਹਨ ਕਿ ਗਵਾਹਾਂ 'ਤੇ ਦਬਾਅ ਪਾ ਕੇ ਜਾਂ ਉਨ੍ਹਾਂ ਨੂੰ ਲਾਲਚ (ਜ਼ਮਾਨਤ) ਦੇ ਕੇ ਕੇਜਰੀਵਾਲ ਦੇ ਖ਼ਿਲਾਫ਼ ਬਿਆਨ ਦਿਵਾਏ ਗਏ ਹਨ। ਚੋਣਾਂ ਦੇ ਨੇੜੇ ਹੋਈ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਉਹ ਸਿਆਸੀ ਬਦਲਾਖੋਰੀ ਮੰਨਦੇ ਹਨ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਸ਼ਰਾਬ ਨੀਤੀ ਨੂੰ ਜਾਣਬੁੱਝ ਕੇ ਅਜਿਹੇ ਤਰੀਕੇ ਨਾਲ ਬਦਲਿਆ ਗਿਆ ਸੀ ਜਿਸ ਨਾਲ ਖਾਸ ਕਾਰੋਬਾਰੀਆਂ ਨੂੰ ਫਾਇਦਾ ਹੋਵੇ ਅਤੇ ਬਦਲੇ ਵਿੱਚ ਰਿਸ਼ਵਤ ਲਈ ਜਾ ਸਕੇ। ਕਈ ਹੇਠਲੀਆਂ ਅਦਾਲਤਾਂ ਅਤੇ ਹਾਈ ਕੋਰਟ ਨੇ ਕੇਸ ਦੀ ਫਾਈਲ ਦੇਖਣ ਤੋਂ ਬਾਅਦ ਮੰਨਿਆ ਹੈ ਕਿ ਗ੍ਰਿਫ਼ਤਾਰੀ ਲਈ 'ਪੁਖ਼ਤਾ ਆਧਾਰ' ਮੌਜੂਦ ਹਨ। ਜੇਕਰ ਉਹ ਪੂਰੀ ਤਰ੍ਹਾਂ ਨਿਰਦੋਸ਼ ਹੁੰਦੇ, ਤਾਂ ਉੱਚ ਅਦਾਲਤਾਂ ਹੁਣ ਤੱਕ ਰਾਹਤ ਦੇ ਸਕਦੀਆਂ ਸਨ।

ਕੇਜਰੀਵਾਲ ਸੱਚੇ ਹਨ ਜਾਂ ਨਹੀਂ, ਇਸ ਦਾ ਅੰਤਿਮ ਫੈਸਲਾ ਅਦਾਲਤ ਹੀ ਕਰੇਗੀ ਜਦੋਂ ਮੁਕੱਦਮਾ ਪੂਰਾ ਹੋਵੇਗਾ। ਪਰ ਸਿਆਸੀ ਤੌਰ 'ਤੇ, ਕੇਜਰੀਵਾਲ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸੱਚਾਈ ਸਿਰਫ਼ ਕਾਨੂੰਨੀ ਕਾਗਜ਼ਾਂ ਵਿੱਚ ਨਹੀਂ, ਸਗੋਂ ਲੋਕਾਂ ਦੇ ਵਿਸ਼ਵਾਸ ਵਿੱਚ ਹੁੰਦੀ ਹੈ।ਅਰਵਿੰਦ ਕੇਜਰੀਵਾਲ ਰਵਾਇਤੀ ਰਾਜਨੀਤੀ ਦੇ ਰਸਤੇ 'ਤੇ ਚੱਲਣ ਵਾਲੇ ਨੇਤਾ ਨਹੀਂ ਹਨ। ਉਹ ਸਿਆਸੀ ਟਕਰਾਅ ਅਤੇ ਜੋਖਮ ਲੈਣ ਦੀ ਨੀਤੀ ਨੂੰ ਹੀ ਆਪਣੀ ਸਭ ਤੋਂ ਵੱਡੀ ਤਾਕਤ ਮੰਨਦੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਉਨ੍ਹਾਂ ਦੇ ਇਸੇ ਅੰਦਾਜ਼ ਵਿੱਚ ਬਣੇ ਰਹਿਣ ਦੀ ਸੰਭਾਵਨਾ ਹੈ।

# ਕੀ 2027 ਤੋਂ ਪਹਿਲਾਂ ਹੀ 'ਕਮਲ' ਖਿੜਾਉਣ ਦੀ ਤਿਆਰੀ 'ਚ ਹੈ ਭਾਜਪਾ ?

## ਕੀ ਰਾਘਵ ਚੱਢਾ ਦੀ 'ਉਡਾਣ' ਭਾਜਪਾ ਲਈ ਸੱਤਾ ਦਾ ਰਾਹ ਬਣੇਗੀ ?

## ਪੰਜਾਬ ਨੂੰ ਆਪਣੇ ਕਬਜ਼ੇ 'ਚ ਲੈਣ ਲਈ ਭਾਜਪਾ ਦਾ 'ਹਰਿਆਣਾ ਮਾਡਲ' ਮਾਸਟਰ ਪਲਾਨ !

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਇੱਕ ਵੱਡਾ ਭੂਚਾਲ ਆਇਆ ਹੋਇਆ ਹੈ। ਹਾਲ ਹੀ ਵਿੱਚ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਰਾਘਵ ਚੱਢਾ ਵਰਗੇ ਦਿੱਗਜ ਸ਼ਾਮਲ ਹਨ, ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਇਹ ਸਵਾਲ ਗੰਭੀਰ ਹੋ ਗਿਆ ਹੈ ਕਿ ਕੀ ਭਾਜਪਾ ਚੋਣਾਂ ਤੋਂ ਪਹਿਲਾਂ ਹੀ ਕੋਈ ਵੱਡਾ ਉਲਟਫੇਰ ਕਰ ਸਕਦੀ ਹੈ ? ਇਸੇ ਕਾਰਣ ਹਾਲ ਹੀ ਵਿੱਚ (1 ਮਈ 2026) ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਪੇਸ਼ ਕਰਨਾ ਪਿਆ ਸੀ। ਭਗਵੰਤ ਮਾਨ ਨੇ 88 ਵਿਧਾਇਕਾਂ ਦੇ ਸਮਰਥਨ ਨਾਲ ਭਰੋਸੇ ਦਾ ਵੋਟ ਜਿੱਤ ਲਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਇੱਕਜੁੱਟ ਹੈ। ਭਾਵੇਂ ਵਿਧਾਨ ਸਭਾ ਵਿੱਚ 'ਆਪ' ਕੋਲ 94 ਵਿਧਾਇਕ ਹਨ, ਪਰ ਰਾਜ ਸਭਾ ਮੈਂਬਰਾਂ ਦੇ ਦਲ-ਬਦਲ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅੰਦਰੂਨੀ ਤੌਰ 'ਤੇ ਸਭ ਕੁਝ ਠੀਕ ਨਹੀਂ ਹੈ। ਕਈ ਵਿਧਾਇਕ 'ਦਿੱਲੀ ਦੀ ਟੀਮ' ਦੇ ਦਖਲ ਤੋਂ ਦੁਖੀ ਹਨ। ਜੇਕਰ ਭਾਜਪਾ ਨੇ 'ਅਪਰੇਸ਼ਨ ਲੋਟਸ' ਨੂੰ ਤੇਜ਼ ਕੀਤਾ, ਤਾਂ ਕੁਝ ਹੋਰ ਵਿਧਾਇਕਾਂ ਦਾ ਟੁੱਟਣਾ ਅਸੰਭਵ ਨਹੀਂ ਹੈ।

ਸਿਆਸੀ ਮਾਹਿਰਾਂ ਅਨੁਸਾਰ, ਭਾਜਪਾ ਅੰਮ੍ਰਿਤ ਕਾਲ ਵਿੱਚ ਸੱਤਾ ਪ੍ਰਾਪਤੀ ਲਈ ਆਪਣੀ ਖਾਸ ਰਣਨੀਤੀ (ਬਲੂ ਬੁੱਕ) 'ਤੇ ਕੰਮ ਕਰ ਰਹੀ ਹੈ।

ਭਾਜਪਾ ਹਰ ਰਾਜ ਵਿੱਚ ਕੇਂਦਰ ਅਤੇ ਰਾਜ ਦੀ ਸਾਂਝੀ ਸਰਕਾਰ ਦਾ ਸੰਕਲਪ ਪੂਰਾ ਕਰਨਾ ਚਾਹੁੰਦੀ ਹੈ। ਰਾਜਪਾਲ ਦਾ ਸਹਿਯੋਗ, ਕੇਂਦਰੀ ਏਜੰਸੀਆਂ ਦੀ ਸਰਗਰਮੀ ਅਤੇ ਵਿਰੋਧੀ ਧਿਰਾਂ ਦੇ ਫੰਡਾਂ 'ਤੇ ਰੋਕ ਲਗਾਉਣਾ ਚਾਹੁੰਦੀ ਹੈ। ਦੂਜੀਆਂ ਪਾਰਟੀਆਂ ਦੇ ਅਭਿਲਾਸ਼ੀ ਆਗੂਆਂ ਨੂੰ ਆਪਣੇ ਵੱਲ ਖਿੱਚ ਕੇ ਵਿਰੋਧੀ ਧਿਰ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ 2022 ਵਿੱਚ ਅਰਵਿੰਦ ਕੇਜਰੀਵਾਲ ਵੱਲੋਂ ਕੀਤੀਆਂ ਗਈਆਂ ਗਾਰੰਟੀਆਂ ਧਰਾਤਲ 'ਤੇ ਪੂਰੀਆਂ ਹੁੰਦੀਆਂ ਨਹੀਂ ਦਿਖ ਰਹੀਆਂ।

ਸੂਬੇ ਵਿੱਚ ਵਧ ਰਹੀਆਂ ਹੱਤਿਆਵਾਂ ਅਤੇ ਗੈਂਗਸਟਰ ਕਲਚਰ ਕਾਰਨ ਜਨਤਾ ਦਾ ਵਿਸ਼ਵਾਸ ਡਗਮਗਾ ਰਿਹਾ ਹੈ।

ਪੰਜਾਬ ਦੇ ਪ੍ਰਸ਼ਾਸਨ ਵਿੱਚ ਦਿੱਲੀ ਦੀ ਟੀਮ ਦੇ ਕੰਟਰੋਲ ਕਾਰਨ ਸਥਾਨਕ ਵਿਧਾਇਕਾਂ ਅਤੇ ਅਧਿਕਾਰੀਆਂ ਵਿੱਚ ਭਾਰੀ ਰੋਸ ਹੈ।



ਨਵੀਂ ਖੇਤੀ ਨੀਤੀ ਦੀ ਘਾਟ ਅਤੇ ਫਸਲਾਂ ਦੀ ਖਰੀਦ ਵਿੱਚ ਸੁਧਾਰ ਨਾ ਹੋਣਾ ਕਿਸਾਨਾਂ ਵਿੱਚ ਨਿਰਾਸ਼ਾ ਪੈਦਾ ਕਰ ਰਿਹਾ ਹੈ।

ਭਾਜਪਾ ਲਈ ਰਾਹ ਕਿੰਨਾ ਆਸਾਨ ਜਾਂ ਮੁਸ਼ਕਿਲ ?

ਹਾਲਾਂਕਿ ਭਾਜਪਾ ਪੰਜਾਬ ਵਿੱਚ ਇੱਕ ਮਜ਼ਬੂਤ ਵਿਕਲਪ ਵਜੋਂ ਉਭਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਸ ਦੇ ਰਾਹ ਵਿੱਚ ਕੁਝ ਵੱਡੇ ਰੋੜੇ ਹਨ।

ਪੰਜਾਬ ਦਾ ਕਿਸਾਨ ਅਜੇ ਵੀ ਭਾਜਪਾ ਨੂੰ ਪੂਰੀ ਤਰ੍ਹਾਂ ਅਪਣਾਉਣ ਲਈ ਤਿਆਰ ਨਹੀਂ ਹੈ।

ਭਾਜਪਾ ਪੰਜਾਬ ਵਿੱਚ ਵੀ ਹਰਿਆਣਾ ਵਾਂਗ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਵਰਗੇ ਵਾਅਦੇ ਕਰਕੇ ਕਿਸਾਨਾਂ ਨੂੰ ਰੀਝਾਉਣ ਦੀ ਕੋਸ਼ਿਸ਼ ਕਰ ਸਕਦੀ ਹੈ।

ਰਾਘਵ ਚੱਢਾ ਅਤੇ ਰਵਨੀਤ ਬਿੱਟੂ ਵਰਗੇ ਆਗੂਆਂ ਦੇ ਆਉਣ ਨਾਲ ਭਾਜਪਾ ਕੋਲ ਹੁਣ ਪੰਜਾਬ ਵਿੱਚ ਜਾਣੇ-ਪਛਾਣੇ ਚਿਹਰੇ ਹਨ।

ਵਰਤਮਾਨ ਹਾਲਾਤ ਦੱਸਦੇ ਹਨ ਕਿ ਭਾਜਪਾ ਪੰਜਾਬ ਵਿੱਚ ਸਿਰਫ਼ 2027 ਦੀਆਂ ਚੋਣਾਂ ਦਾ ਇੰਤਜ਼ਾਰ ਨਹੀਂ ਕਰ ਰਹੀ, ਸਗੋਂ ਉਹ 'ਆਪ' ਸਰਕਾਰ ਦੇ ਅੰਦਰੂਨੀ ਕਲੇਸ਼ ਅਤੇ ਲੋਕਾਂ ਦੀ ਨਿਰਾਸ਼ਾ ਦਾ ਫਾਇਦਾ ਉਠਾ ਕੇ ਚੋਣਾਂ ਤੋਂ ਪਹਿਲਾਂ ਹੀ ਆਪਣੀ ਸਥਿਤੀ ਮਜ਼ਬੂਤ ਕਰਨ ਦੀ ਫਿਰਾਕ ਵਿੱਚ ਹੈ। ਜੇਕਰ 'ਆਪ' ਦੇ ਹੋਰ ਵਿਧਾਇਕ ਟੁੱਟਦੇ ਹਨ, ਤਾਂ ਪੰਜਾਬ ਵਿੱਚ ਸਿਆਸੀ ਤਖਤਾਪਲਟ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੀ ਭਾਜਪਾ ਅਕਾਲੀ ਦਲ (ਬਾਦਲ) ਨਾਲ ਸਮਝੌਤਾ ਕਰੇਗੀ ?

ਵਰਤਮਾਨ ਸਥਿਤੀ ਅਨੁਸਾਰ ਭਾਜਪਾ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਉਹ ਪੰਜਾਬ ਵਿੱਚ 'ਇਕੱਲੇ' ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਸ਼ਹਿਰੀ ਵੋਟਰ ਅਤੇ ਉਹ ਲੋਕ ਜੋ 'ਆਪ' ਜਾਂ ਕਾਂਗਰਸ ਤੋਂ ਨਿਰਾਸ਼ ਹਨ, ਉਹ ਇੱਕ 'ਮਜ਼ਬੂਤ ਕੇਂਦਰੀ ਬਦਲ' ਵਜੋਂ ਭਾਜਪਾ ਵੱਲ ਦੇਖ ਸਕਦੇ ਹਨ। 2024 ਦੀਆਂ ਚੋਣਾਂ ਵਿੱਚ ਭਾਜਪਾ ਦਾ ਵੋਟ ਪ੍ਰਤੀਸ਼ਤ (ਲਗਭਗ 19%) ਵਧਿਆ ਸੀ, ਜੋ ਦੱਸਦਾ ਹੈ ਕਿ ਉਸ ਦਾ ਅਧਾਰ ਵਧ ਰਿਹਾ ਹੈ।

ਭਾਜਪਾ ਹੁਣ ਅਕਾਲੀ ਦਲ ਦੇ ਛੋਟੇ ਭਰਾ ਵਜੋਂ 23 ਸੀਟਾਂ 'ਤੇ ਲੜਨ ਲਈ ਤਿਆਰ ਨਹੀਂ ਹੈ। ਅਮਿਤ ਸ਼ਾਹ ਅਤੇ ਭਾਜਪਾ ਦੇ ਸੂਬਾ ਪ੍ਰਧਾਨਾਂ ਨੇ ਵਾਰ-ਵਾਰ ਕਿਹਾ ਹੈ ਕਿ ਪਾਰਟੀ 2027 ਦੀਆਂ ਚੋਣਾਂ ਵਿੱਚ ਆਪਣੇ ਦਮ 'ਤੇ ਸਰਕਾਰ ਬਣਾਉਣ ਦਾ ਟੀਚਾ ਰੱਖ ਰਹੀ ਹੈ। ਅਕਾਲੀ ਦਲ ਇਸ ਵੇਲੇ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਹਾਲਾਂਕਿ ਰਾਜਨੀਤੀ ਵਿੱਚ 'ਕਦੇ ਵੀ ਨਾ' ਨਹੀਂ ਕਿਹਾ ਜਾ ਸਕਦਾ, ਪਰ ਫਿਲਹਾਲ ਭਾਜਪਾ, ਅਕਾਲੀ ਦਲ ਨਾਲ ਗੱਠਜੋੜ ਕਰਕੇ ਕਿਸਾਨੀ ਗੁੱਸੇ ਨੂੰ ਮੁੜ ਸਹੇੜਨ ਦੀ ਬਜਾਏ ਨਵੇਂ ਚਿਹਰਿਆਂ (ਜਿਵੇਂ ਰਵਨੀਤ ਬਿੱਟੂ, ਰਾਘਵ ਚੱਢਾ) ਰਾਹੀਂ ਆਪਣਾ ਆਧਾਰ ਵਧਾਉਣ 'ਤੇ ਜ਼ੋਰ ਦੇ ਰਹੀ ਹੈ। ਭਾਜਪਾ ਪੰਜਾਬ ਲਈ ਇੱਕ 'ਨਵਾਂ ਏਜੰਡਾ' ਪੇਸ਼ ਕਰ ਰਹੀ ਹੈ। (**ਬਾਕੀ ਸਫ਼ਾ 26 'ਤੇ**)

# ਸੜਕ ਹਾਦਸਿਆਂ ਦਾ ਦੈਂਤ



## ਪੰਜਾਬ 'ਚ ਹਰ ਸਾਲ ਸੜਕ ਹਾਦਸਿਆਂ ਕਾਰਨ ਹੁੰਦੀਆਂ ਨੇ ਤਿੰਨ ਹਜ਼ਾਰ ਤੋਂ ਵੱਧ ਮੌਤਾਂ ਅਤੇ ਛੇ ਹਜ਼ਾਰ ਤੋਂ ਵੱਧ ਲੋਕ ਹੁੰਦੇ ਨੇ ਜ਼ਖ਼ਮੀ

## 'ਕਾਹਲੇ' ਵਾਹਨ ਚਾਲਕਾਂ ਦੀ 'ਕਾਹਲੀ' ਕਰਵਾਉਂਦੀ ਹੈ ਹਾਦਸੇ

ਜਗਮੋਹਨ ਸਿੰਘ 'ਲੱਕੀ'

**ਲੰਘੇ ਦਿਨੀਂ ਪੰਜਾਬ ਦੇ ਸਰਹਿੰਦ ਸ਼ਹਿਰ ਨੇੜੇ ਅਤੇ ਜੰਮੂ- ਕਸ਼ਮੀਰ ਵਿੱਚ ਦੋ ਵੱਡੇ ਸੜਕ ਹਾਦਸੇ ਹੋਏ ਹਨ, ਜਿਨ੍ਹਾਂ ਵਿੱਚ ਕਈ ਵਿਅਕਤੀ ਮਾਰੇ ਗਏ ਅਤੇ ਦਰਜਨਾਂ ਹੀ ਜਖ਼ਮੀ ਹੋਏ ਹਨ। ਇਸ ਤੋਂ ਇਲਾਵਾ ਦੇਸ਼ ਵਿੱਚ ਹਰ ਦਿਨ ਅਨੇਕਾਂ ਸੜਕ ਹਾਦਸੇ ਵਾਪਰ ਰਹੇ ਹਨ, ਜੋ ਕਿ ਵੱਡੇ ਸਵਾਲ ਖੜੇ ਕਰ ਰਹੇ ਹਨ। ਸਭ ਤੋਂ ਵੱਡਾ ਸਵਾਲ ਤਾਂ ਇਹ ਪੈਦਾ ਹੋ ਰਿਹਾ ਹੈ ਕਿ ਹਰ ਪਾਸੇ ਨਵੀਂਆਂ ਸੜਕਾਂ ਅਤੇ ਐਕਸਪ੍ਰੈਸ ਹਾਈਵੇ ਦਾ ਜਾਲ ਵਿਛਿਆ ਹੋਇਆ ਹੈ, ਫ਼ੇਰ ਵੀ ਵਾਹਨਾਂ ਦੀ ਰਫ਼ਤਾਰ ਦੇ ਨਾਲ ਸੜਕ ਹਾਦਸਿਆਂ ਦੀ ਰਫ਼ਤਾਰ ਵਿੱਚ ਵੀ ਵਾਧਾ ਹੋ ਰਿਹਾ ਹੈ।**

ਸੜਕ ਹਾਦਸਾ ਵਿਸ਼ਵ ਦੇ ਕਿਸੇ ਵੀ ਹਿੱਸੇ ਵਿੱਚ ਹੋਵੇ, ਉਹ ਵੱਡਾ ਦੁਖਾਂਤ ਹੁੰਦਾ ਹੈ, ਜਿਸ ਦੇ ਜ਼ਖ਼ਮ ਲੰਬੇ ਸਮੇਂ ਤੱਕ ਰਿਸਦੇ ਰਹਿੰਦੇ ਹਨ। ਸੜਕ ਹਾਦਸੇ ਭਾਵੇਂ ਵਿਸ਼ਵ ਦੇ ਹਰ ਇਲਾਕੇ ਵਿੱਚ ਹੁੰਦੇ ਹਨ ਪਰ ਇਸ ਆਰਟੀਕਲ ਵਿੱਚ ਪੰਜਾਬ ਵਿੱਚ ਵਾਪਰ ਰਹੇ ਸੜਕ ਹਾਦਸਿਆਂ ਨੂੰ ਉਭਾਰਿਆ ਗਿਆ ਹੈ।

ਪੰਜਾਬ 'ਚ ਸੜਕ ਹਾਦਸਿਆਂ ਦਾ ਦੈਂਤ ਹੁਣ ਤੱਕ ਸੈਂਕੜੇ ਜ਼ਿੰਦਗੀਆਂ ਨਿਗਲ਼ ਚੁੱਕਿਆ ਹੈ ਅਤੇ ਅਨੇਕਾਂ ਜ਼ਿੰਦਗੀਆਂ ਜ਼ਖ਼ਮੀ ਹੋਣ ਕਾਰਨ ਉਸ ਦੇ ਸ਼ਿਕੰਜੇ ਵਿੱਚ ਫ਼ਸੀਆਂ ਹੋਈਆਂ ਹਨ। ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 12 ਹਜ਼ਾਰ ਦੇ ਕਰੀਬ ਸੜਕ ਹਾਦਸੇ ਵਾਪਰਦੇ ਹਨ, ਇਹਨਾਂ ਸੜਕ ਹਾਦਸਿਆਂ ਵਿੱਚ ਹਰ ਸਾਲ ਪੰਜਾਬ ਵਿੱਚ ਤਿੰਨ ਹਜ਼ਾਰ ਤੋਂ ਵੱਧ ਵਿਅਕਤੀਆਂ ਦੀ ਮੌਤ ਹੁੰਦੀ ਹੈ ਅਤੇ ਇਹਨਾਂ ਸੜਕ ਹਾਦਸਿਆਂ ਕਾਰਨ ਹਰ ਸਾਲ 6 ਹਜ਼ਾਰ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਜਾਂਦੇ ਹਨ। ਇੱਕ ਅੰਦਾਜ਼ੇ ਅਨੁਸਾਰ ਪੰਜਾਬ ਵਿੱਚ ਹਰ ਸਾਲ ਦੋ ਹਜ਼ਾਰ ਵਿਅਕਤੀ ਵੱਖ- ਵੱਖ ਸੜਕ ਹਾਦਸਿਆਂ ਵਿੱਚ ਆਪਣੇ ਸਰੀਰ ਦੇ ਅੰਗ ਗੁਆ ਬੈਠਦੇ ਹਨ ਅਤੇ ਸਦਾ ਲਈ ਨਕਾਰਾ ਤੇ ਅੰਗਹੀਣ ਹੋ ਜਾਂਦੇ ਹਨ। ਸੜਕ ਹਾਦਸਿਆਂ ਵਿੱਚ ਕਈ ਵਿਅਕਤੀ ਸਿਰ ਉਪਰ ਸੱਟ ਵੱਜਣ ਕਾਰਨ ਮਾਨਸਿਕ ਰੋਗੀ ਵੀ ਬਣ ਜਾਂਦੇ ਹਨ।

ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਸੜਕ ਹਾਦਸਿਆਂ ਮਰਨ ਵਾਲਿਆਂ ਦੀ ਗਿਣਤੀ ਵਿੱਚ 3.7 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ। ਸਾਲ 2020 ਵਿੱਚ 5203 ਸੜਕ ਹਾਦਸੇ ਵਾਪਰੇ ਸਨ ਜਿਨ੍ਹਾਂ ਵਿੱਚ 3898 ਕੀਮਤੀ ਜਾਨਾਂ ਚਲੀਆਂ ਗਈਆਂ ਸਨ, ਜਦੋਂ ਕਿ ਅਗਲੇ ਸਾਲ 2021 ਵਿੱਚ ਸੜਕ ਹਾਦਸਿਆਂ ਦੀ ਗਿਣਤੀ ਵਧ ਕੇ 5871 ਹੋ ਗਈ ਜਦੋਂ ਕਿ ਮ੍ਰਿਤਕਾਂ ਦੀ ਗਿਣਤੀ ਵਧ ਕੇ ਵੀ 4589 ਤੱਕ ਪਹੁੰਚ ਗਈ। ਸਾਲ 2022 ਵਿੱਚ ਪੰਜਾਬ ਅੰਦਰ ਕੁੱਲ 6042 ਸੜਕ ਹਾਦਸੇ ਵਾਪਰੇ ਸਨ ਜਿਨ੍ਹਾਂ ਵਿੱਚ 4655 ਲੋਕਾਂ ਦੀ ਜਾਨ ਚਲੀ ਗਈ। ਸਾਲ 2023 ਵਿੱਚ ਸੜਕ ਹਾਦਸਿਆਂ ਦੀ ਗਿਣਤੀ ਵਧ ਕੇ 6269 ਹੋ ਗਈ, ਜਿਸ ਵਿੱਚ 4829 ਲੋਕਾਂ ਦੀ ਜਾਨ ਚਲੀ ਗਈ।

ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2010 ਦੌਰਾਨ ਪੰਜਾਬ 'ਚ 6641 ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 3424 ਲੋਕਾਂ ਦੀ ਜਾਨ ਚਲੀ ਗਈ, ਜਦੋਂ ਕਿ 5854 ਜ਼ਖ਼ਮੀ ਹੋਏ ਸਨ। ਜੇ ਪਿਛਲੇ ਕੁਝ ਸਾਲਾਂ ਦੀ ਗੱਲ ਕੀਤੀ ਜਾਵੇ ਤਾਂ ਸਾਲ 2005 ਵਿੱਚ 4515 ਹਾਦਸੇ ਹੋਏ ਸਨ, ਜਿਨ੍ਹਾਂ ਵਿੱਚ 2777 ਵਿਅਕਤੀ ਮਾਰੇ ਗਏ ਸਨ ਤੇ 4120 ਜ਼ਖ਼ਮੀ





ਹੋਏ ਸਨ। ਸਾਲ 2006 ਵਿੱਚ 4737 ਸੜਕ ਹਾਦਸੇ ਹੋਏ ਸਨ, ਜਿਨ੍ਹਾਂ ਵਿੱਚ 2966 ਵਿਅਕਤੀ ਮਾਰੇ ਗਏ ਸਨ ਅਤੇ 4270 ਵਿਅਕਤੀ ਜ਼ਖ਼ਮੀ ਹੋਏ ਸਨ। ਸਾਲ 2007 ਵਿੱਚ ਵਾਪਰੇ 5208 ਹਾਦਸਿਆਂ ਵਿੱਚ 3363 ਵਿਅਕਤੀ ਮਾਰੇ ਗਏ ਸਨ ਅਤੇ 4430 ਵਿਅਕਤੀ ਜ਼ਖ਼ਮੀ ਹੋਏ ਸਨ। ਸਾਲ 2008 ਵਿੱਚ 5409 ਸੜਕ ਹਾਦਸੇ ਵਾਪਰੇ ਸਨ ਜਦੋਂ ਕਿ ਇਨ੍ਹਾਂ ਹਾਦਸਿਆਂ ਵਿੱਚ 3333 ਵਿਅਕਤੀ ਮਾਰੇ ਗਏ ਸਨ ਅਤੇ 4868 ਵਿਅਕਤੀ ਜ਼ਖ਼ਮੀ ਹੋਏ ਸਨ। ਇਸੇ ਤਰ੍ਹਾਂ ਸਾਲ 2009 ਵਿੱਚ 6425 ਸੜਕ ਹਾਦਸੇ ਵਾਪਰੇ ਸਨ, ਜਿਨ੍ਹਾਂ ਵਿੱਚ 3622 ਵਿਅਕਤੀ ਮਾਰੇ ਗਏ ਅਤੇ 5674 ਜ਼ਖ਼ਮੀ ਹੋ ਗਏ ਸਨ। ਰਿਪੋਰਟ ਅਨੁਸਾਰ ਸਾਲ 2017 ਦੌਰਾਨ ਪੰਜਾਬ ਵਿੱਚ ਵਾਪਰੇ ਸੜਕ ਹਾਦਸਿਆਂ ਵਿੱਚ ਕੁਲ 4278 ਵਿਅਕਤੀ ਮਾਰੇ ਗਏ ਸਨ ਜਦੋਂ ਕਿ ਇਹਨਾਂ ਹਾਦਸਿਆਂ ਵਿੱਚ 4024 ਵਿਅਕਤੀ ਜ਼ਖਮੀ ਹੋ ਗਏ ਸਨ ।

ਇੱਕ ਰਿਪੋਰਟ ਅਨੁਸਾਰ ਪੰਜਾਬ ਪ੍ਰਤੀ ਲੱਖ ਆਬਾਦੀ ਪਿੱਛੇ ਸਭ ਤੋਂ ਵੱਧ ਸੜਕ ਹਾਦਸਿਆਂ ਦੌਰਾਨ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿੱਚ ਦੇਸ਼ ਦੇ ਪਹਿਲੇ ਤਿੰਨ ਸੂਬਿਆਂ ਵਿੱਚ ਸ਼ਾਮਲ ਹੋ ਗਿਆ ਹੈ, ਪਹਿਲੇ ਅਤੇ ਦੂਜੇ ਨੰਬਰ 'ਤੇ ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ ਹਨ। ਇੱਕ ਹੋਰ ਰਿਪੋਰਟ ਅਨੁਸਾਰ ਸਾਲ 2012 ਵਿੱਚ ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ ਵਾਪਰੇ ਵੱਖ- ਵੱਖ ਸੜਕ ਹਾਦਸਿਆਂ ਵਿੱਚ 1320 ਵਿਅਕਤੀਆਂ ਦੀ ਮੌਤ ਹੋ ਗਈ , ਜਦੋਂ ਕਿ ਸਾਲ 2012 ਦੌਰਾਨ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਵਾਪਰੇ ਸੜਕ ਹਾਦਸਿਆਂ ਦੌਰਾਨ 3500 ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਹਨਾਂ ਸੜਕ ਹਾਦਸਿਆਂ ਦੌਰਾਨ ਸਿਰਫ਼ ਵਾਹਨ ਚਾਲਕ ਹੀ ਮੌਤ ਦੇ ਮੂੰਹ ਵਿੱਚ ਨਹੀਂ ਪਏ ਸਗੋਂ ਸਾਲ 2012 ਦੌਰਾਨ ਪੰਜਾਬ ਦੀਆਂ ਵੱਖ ਵੱਖ ਸੜਕਾਂ 'ਤੇ



ਪੈਦਲ ਜਾ ਰਹੇ 468 ਵਿਅਕਤੀ ਵੀ ਸੜਕ ਹਾਦਸਿਆਂ ਦੀ ਲਪੇਟ ਵਿੱਚ ਆ ਕੇ ਮਾਰੇ ਗਏ ਸਨ। ਇਸ ਤੋਂ ਇਲਾਵਾ ਇਸੇ ਸਾਲ ਸੜਕਾਂ 'ਤੇ ਜਾ ਰਹੇ 287 ਸਾਈਕਲ ਸਵਾਰ ਵਿਅਕਤੀ ਵੀ ਸੜਕ ਹਾਦਸਿਆਂ ਦੀ ਲਪੇਟ ਵਿੱਚ ਆਉਣ ਕਾਰਨ ਮਾਰੇ ਗਏ ਸਨ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਕੁਲ 556 ਬੱਸ ਹਾਦਸੇ ਹੋਏ ਸਨ, ਇਹਨਾਂ ਬੱਸ ਹਾਦਸਿਆਂ ਵਿੱਚ 403 ਵਿਅਕਤੀ ਮਾਰੇ ਗਏ ਸਨ ਜਦੋਂ ਕਿ ਇਹਨਾਂ ਬੱਸ ਹਾਦਸਿਆਂ ਵਿੱਚ 410 ਵਿਅਕਤੀ ਜ਼ਖਮੀ ਹੋ ਗਏ ਸਨ । ਇਸ ਸਮੇਂ ਦੌਰਾਨ 200 ਸੜਕ ਹਾਦਸੇ ਸਿਰਫ਼ ਆਟੋ ਰਿਕਸ਼ਿਆਂ ਨਾਲ ਵਾਪਰੇ ਸਨ, ਜਿਸ ਕਾਰਨ 171 ਵਿਅਕਤੀ ਮਾਰੇ ਗਏ ਸਨ।

ਪੰਜਾਬ 'ਚ ਵਹੀਕਲਾਂ ਦੀ ਗਿਣਤੀ ਵਧਣ ਨਾਲ ਸੜਕ ਹਾਦਸੇ ਵਧੇ ਹਨ ਉਥੇ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ। ਹਾਲਾਤ ਇਹ ਹਨ ਕਿ ਇਕ ਘਰ ਵਿੱਚ ਚਾਰ ਚਾਰ ਗੱਡੀਆਂ ਹਨ। ਪਰਿਵਾਰ ਦੇ ਜਿੰਨੇ ਮੈਂਬਰ ਹਨ, ਉਨ੍ਹੀਆਂ ਹੀ ਘਰ ਵਿੱਚ ਗੱਡੀਆਂ ਹਨ। ਪੰਜ ਸਾਲਾਂ ਦੇ ਅੰਕੜਿਆਂ ਅਨੁਸਾਰ ਰਾਜ ਵਿੱਚ ਰਜਿਸਟਰ ਹੋਏ ਵਹੀਕਲਾਂ ਦੀ ਗਿਣਤੀ 'ਚ 137 ਫ਼ੀਸਦੀ ਦਾ ਉਛਾਲ ਆਇਆ ਹੈ। ਇਸ ਵਾਧੇ ਨਾਲ ਸਿਰਫ਼ ਟ੍ਰੈਫ਼ਿਕ ਦਾ ਦਬਾਅ ਹੀ ਨਹੀਂ ਵਧਿਆ, ਸਗੋਂ ਹਾਦਸਿਆਂ, ਪ੍ਰਦੂਸ਼ਣ ਅਤੇ ਪਾਰਕਿੰਗ ਸੰਕਟ ਵਰਗੀਆਂ ਸਮੱਸਿਆਵਾਂ 'ਚ ਵੀ ਗੰਭੀਰ ਵਾਧਾ ਦਰਜ ਕੀਤਾ ਗਿਆ ਹੈ। ਸਾਲ 2020 ਵਿੱਚ ਸੂਬੇ 'ਚ 5 ਲੱਖ 15 ਹਜ਼ਾਰ ਵਾਹਨ ਰਜਿਸਟਰਡ ਹੋਏ ਸਨ, ਜਦੋਂ ਕਿ ਸਾਲ 2024 ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 7 ਲੱਖ 5 ਹਜ਼ਾਰ ਹੋ ਗਈ। ਅਜਿਹੀ ਸਥਿਤੀ ਵਿੱਚ ਇਨ੍ਹਾਂ ਪੰਜ ਸਾਲਾਂ ਵਿੱਚ ਵਾਹਨ ਰਜਿਸਟ੍ਰੇਸ਼ਨ ਵਿੱਚ 137 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜਦੋਂ ਕਿ ਸੂਬੇ ਦੇ ਲੁਧਿਆਣਾ ਵਿੱਚ ਸਭ ਤੋਂ ਵੱਧ ਵਾਹਨ ਰਜਿਸਟਰਡ ਹੋ ਰਹੇ ਹਨ। ਸਾਲ 2024 ਵਿੱਚ ਇੱਥੇ 1 ਲੱਖ ਤੋਂ ਵੱਧ ਵਾਹਨ ਰਜਿਸਟਰਡ ਹੋਏ ਸਨ।

ਅੱਜ ਹਰ ਪਾਸੇ ਭਾਵੇਂ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਵੱਡੀ ਗਿਣਤੀ ਪੇਂਡੂ ਲਿੰਕ ਸੜਕਾਂ ਵੀ ਪਹਿਲਾਂ ਨਾਲੋਂ ਦੋ ਗੁਣੀਆਂ ਚੌੜੀਆਂ ਕਰਕੇ ਨਵੀਂਆਂ ਬਣਾ ਦਿੱਤੀਆਂ ਹਨ , ਪਰ ਤਸਵੀਰ ਦਾ ਦੂਜਾ ਰੁੱਖ ਇਹ ਵੀ ਹੈ ਕਿ ਸੜਕਾਂ ਅਤੇ ਆਵਾਜਾਈ ਦੇ ਸਾਧਨਾਂ ਦੀ ਗਿਣਤੀ ਵਧਣ ਦੇ ਨਾਲ ਹੀ ਸੜਕ ਹਾਦਸੇ ਵੀ ਹਰ ਦਿਨ ਹੀ ਹਰ ਪਾਸੇ ਹੋਏ ਦਿਖਾਈ ਦਿੰਦੇ ਹਨ। ਹਰ ਸਾਲ ਵੱਡੀ ਗਿਣਤੀ ਵਿੱਚ ਹੋਣ ਵਾਲੇ ਹਾਦਸਿਆਂ ਦਾ ਪ੍ਰਮੁੱਖ ਕਾਰਨ ਖ਼ਰਾਬ ਸੜਕਾਂ, ਲੋਕਾਂ ਵਿੱਚ ਟਰੈਫ਼ਿਕ ਨਿਯਮਾਂ ਪ੍ਰਤੀ ਜਾਗਰੂਕਤਾ ਦੀ ਘਾਟ ਹੈ। ਖ਼ਰਾਬ ਸੜਕਾਂ, ਰੂੜੀਵਾਦੀ ਡੀਪੀਆਰ ਤੇ ਨਿਕੰਮੀ ਇੰਜੀਨੀਅਰਿੰਗ ਹੀ ਹਾਦਸਿਆਂ ਦਾ ਅਹਿਮ ਕਾਰਨ ਹੈ ਪਰ ਇਨ੍ਹਾਂ ਬਾਰੇ ਕਦੇ ਚਰਚਾ ਨਹੀਂ ਹੁੰਦੀ। ਇਸ ਤੱਥ ਨਾਲ ਹਰ ਕੋਈ ਸਹਿਮਤ ਹੋਵੇਗਾ ਕਿ ਪਿਛਲੇ ਕੁਝ ਸਮੇਂ ਤੋਂ ਸੜਕ ਹਾਦਸਿਆਂ ਵਿਚ ਤੇਜ਼ੀ ਆਈ ਹੈ, ਉਨ੍ਹਾਂ ਬਾਰੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ। ਅਸਲ ਵਿੱਚ ਜਦੋਂ ਕੋਈ ਸੜਕ ਹਾਦਸਾ ਹੁੰਦਾ ਹੈ ਤਾਂ ਪ੍ਰਸ਼ਾਸਨ 'ਕਿੰਨੇ ਲੋਕ ਮਾਰੇ ਗਏ ਅਤੇ ਕਿੰਨੇ ਫ਼ੱਟੜ ਹੋਏ' ਆਦਿ ਜਾਣਕਾਰੀ ਦੇ ਕੇ ਆਪਣੀ ਜ਼ਿੰਮੇਵਾਰੀ ਪੂਰੀ ਹੋ ਗਈ ਸਮਝ ਲੈਂਦਾ ਹੈ। ਪੰਜਾਬ, ਭਾਰਤ ਦਾ ਇੱਕ ਅਜਿਹਾ ਸੂਬਾ ਹੈ ਜੋ ਕਿ ਸਰਹੱਦੀ ਸੂਬਾ ਹੋਣ ਦੇ ਬਾਵਜੂਦ ਬਹੁਤ ਜ਼ਿਆਦਾ ਤਰੱਕੀ ਕਰ ਚੁੱਕਿਆ ਹੈ। ਪੰਜਾਬ ਵਿੱਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਪਰ ਇਸ ਦੇ ਬਾਵਜੂਦ ਉਸ ਸਰਕਾਰ ਵੱਲੋਂ ਪੰਜਾਬ ਦੇ ਸਰਬਪੱਖੀ ਵਿਕਾਸ ਦੇ ਦਾਅਵੇ ਕੀਤੇ ਜਾਂਦੇ ਹਨ ਤੇ ਵਿਕਾਸ ਕੀਤਾ ਵੀ ਜਾਂਦਾ ਹੈ। ਇਸ ਸਮੇਂ ਭਾਵੇਂ ਪੂਰੇ ਪੰਜਾਬ ਵਿੱਚ ਹੀ ਪੱਕੀਆਂ ਸੜਕਾਂ ਦਾ ਜਾਲ ਵਿਛ ਗਿਆ ਹੈ ਪਰ ਇਸ ਦੇ ਬਾਵਜੂਦ ਪੰਜਾਬ ਵਿੱਚ ਕਈ ਸੜਕਾਂ ਅਜਿਹੀਆਂ ਹਨ ਜਿਨ੍ਹਾਂ ਦੀ ਹਾਲਤ ਬਹੁਤ ਜ਼ਿਆਦਾ ਖ਼ਰਾਬ ਹੈ। ਇਨ੍ਹਾਂ ਸੜਕਾਂ ਉੱਪਰ ਥਾਂ-ਥਾਂ ਟੋਏ ਪਏ ਹੋਏ ਹਨ ਜਿਸ ਕਾਰਨ ਹਾਦਸੇ ਵਾਪਰ ਜਾਂਦੇ ਹਨ। ਪੰਜਾਬ ਦੀ ਕਿਸੇ ਵੀ ਸੜਕ ਉੱਪਰ ਜਾਂ ਕਿਸੇ ਵੀ ਇਲਾਕੇ ਵਿੱਚ ਜਾ ਕੇ ਵੇਖ ਲਓ ਹਰ ਦਿਨ ਹੀ ਇੱਕ ਦਿਨ ਵਿੱਚ ਕਈ-ਕਈ ਹਾਦਸੇ ਹੋਏ ਦਿਖਾਏ ਜਾਂਦੇ ਹਨ। ਇਸ ਤੋਂ ਇਲਾਵਾ ਵੱਖ ਵੱਖ ਇਲਾਕਿਆਂ 'ਚ ਲਗਦੇ ਲੰਬੇ-ਲੰਬੇ ਜਾਮਾਂ ਕਾਰਨ ਵਾਹਨ ਚਾਲਕ ਇੱਕ-ਦੂਜੇ ਤੋਂ ਅੱਗੇ ਨਿਕਲਣ ਦੇ ਚੱਕਰ ਵਿੱਚ ਹਾਦਸੇ ਕਰ ਦਿੰਦੇ ਹਨ। ਇਸ ਤੋਂ ਇਲਾਵਾ ਤੂੜੀ ਭਰੇ ਟਰੱਕ-ਟਰਾਲੇ ਵੀ ਹਾਦਸਿਆਂ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਬੱਸਾਂ ਵਿਚਾਲੇ ਲੱਗੀ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵੀ ਸੜਕ ਹਾਦਸਿਆਂ ਨੂੰ ਜਨਮ ਦਿੰਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖ਼ਰ ਕਾਰਨ ਕੀ ਹੈ ? ਜਿਸ ਕਾਰਨ ਸੜਕ ਹਾਦਸੇ ਦਿਨੋ-ਦਿਨ ਵਧ ਰਹੇ ਹਨ। ਅਸਲ ਵਿੱਚ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਹੀ ਸਭ ਤੋਂ ਵੱਡਾ ਕਾਰਨ ਹੈ। ਟ੍ਰੈਫ਼ਿਕ ਨਿਯਮਾਂ ਦੀ ਅਣਦੇਖੀ ਵੀ ਵੱਡੀ ਗਿਣਤੀ ਵਾਹਨ ਚਾਲਕ ਕਰਦੇ ਹਨ ਜਿਸ ਕਾਰਨ ਸੜਕ ਹਾਦਸੇ ਵਾਪਰ ਜਾਂਦੇ ਹਨ। ਹਰ ਸ਼ਹਿਰ ਵਿੱਚ ਹੀ ਵੇਖਿਆ ਜਾਂਦਾ ਹੈ ਕਿ ਰੈੱਡ ਲਾਈਟ ਹੋਣ ਦੇ ਬਾਵਜੂਦ ਵਾਹਨ ਗੁਜ਼ਰਦੇ ਰਹਿੰਦੇ ਹਨ ਜਿਸ ਕਾਰਨ ਸੜਕ ਹਾਦਸੇ ਵਾਪਰ ਜਾਂਦੇ ਹਨ। ਇਸ ਤੋਂ ਇਲਾਵਾ ਨਸ਼ਈ ਡਰਾਈਵਰ ਅਤੇ ਅਨਟ੍ਰੇਂਡ ਡਰਾਈਵਰ ਵੀ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ। ਵੱਖ-ਵੱਖ ਸਕੂਲਾਂ ਦੀਆਂ ਬੱਸਾਂ ਵੀ ਸੜਕ ਹਾਦਸਿਆਂ ਦਾ ਵੱਡਾ ਕਾਰਨ ਬਣ ਰਹੀਆਂ ਹਨ। ਇਸ ਤੋਂ ਇਲਾਵਾ ਵਾਹਨਾਂ ਉੱਪਰ ਲੱਗੇ ਪ੍ਰੈੱਸ਼ਰ ਹਾਰਨ ਹਾਦਸੇ ਕਰਾ ਦਿੰਦੇ ਹਨ, ਜਦੋਂ ਬੱਸਾਂ-ਟਰੱਕਾਂ ਵਾਲੇ ਪ੍ਰੈੱਸ਼ਰ ਹਾਰਨ ਇਕਦਮ ਵਜਾ ਦਿੰਦੇ ਹਨ ਤਾਂ ਸਕੂਟਰ-ਮੋਟਰਸਾਈਕਲ 'ਤੇ ਜਾ ਰਹੇ ਵਿਅਕਤੀ ਉੱਚੀ ਆਵਾਜ਼ ਸੁਣ ਕੇ ਅਕਸਰ ਹੀ ਡਰ ਜਾਂਦੇ ਹਨ ਅਤੇ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਹਾਦਸਿਆਂ ਕਾਰਨ ਕਈ ਘਰਾਂ ਦੇ ਤਾਂ ਚਿਰਾਗ ਹੀ ਹਮੇਸ਼ਾ ਲਈ ਬੁੱਝ ਜਾਂਦੇ ਹਨ। ਸੜਕ ਹਾਦਸਿਆਂ ਵਿੱਚ ਮਰੇ ਨੌਜਵਾਨਾਂ ਦੀਆਂ ਮਾਵਾਂ ਫ਼ਿਰ ਵਾਹਨਾਂ ਨੂੰ ਵੀ ਬੁਰਾ ਭਲਾ ਬੋਲ ਕੇ ਵੀ ਵੈਣ ਪਾਉਂਦੀਆਂ ਹਨ। ਵਾਹਨ ਚਾਲਕਾਂ ਵੱਲੋਂ ਕੀਤੀ ਗਈ ਇੱਕ ਮਿੰਟ ਦੀ ਕਾਹਲ ਕਈ ਵਾਰ ਉਹਨਾਂ ਨੂੰ ਸਦਾ ਦੀ ਨੀਂਦ ਹੀ ਸੁਲਾ ਦਿੰਦੀ ਹੈ, ਜਿੰਦਗੀ ਉਹਨਾਂ ਲਈ ਵੀ ਇੱਕ ਬੋਝ ਜਿਹਾ ਹੀ ਬਣ ਜਾਂਦੀ ਹੈ, ਜਿਹੜੇ ਲੋਕ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਕੇ ਅੰਗਹੀਣ ਹੋ ਜਾਂਦੇ ਹਨ। ਅਜਿਹੇ ਲੋਕਾਂ ਕੋਲ ਜਿੰਦਗੀ ਤਾਂ ਹੁੰਦੀ ਹੈ ਪਰ ਜਿਉਣ ਦਾ ਮਕਸਦ ਜਿਹਾ ਹੀ ਖ਼ਤਮ ਹੋ ਜਾਂਦਾ ਹੈ। ਕਈ ਨੌਜਵਾਨ ਤਾਂ ਹਾਦਸੇ ਦੌਰਾਨ ਸਿਰ ਵਿੱਚ ਲੱਗੀ ਸੱਟ ਕਾਰਨ ਹਮੇਸ਼ਾ ਲਈ ਮਾਨਸਿਕ ਰੋਗੀ ਹੋ ਜਾਂਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਕਈ ਵਾਰ 'ਕਾਹਲੇ ਬੰਦਿਆਂ ਦੀ ਕਾਹਲੀ' ਉਹਨਾਂ ਸਮੇਤ ਹੋਰਨਾਂ ਨੂੰ ਵੀ ਲੈ ਡੁੱਬਦੀ ਹੈ। ਲੋੜ ਤਾਂ ਇਸ ਗਲ ਦੀ ਹੈ ਕਿ ਸੜਕ ਹਾਦਸਿਆਂ ਤੋਂ ਬਚਾਓ ਲਈ ਰਲ ਕੇ ਉਪਰਾਲੇ ਕੀਤੇ ਜਾਣ। ਸਭ ਤੋਂ ਵੱਡੀ ਗੱਲ ਤਾਂ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਦੀ ਹੈ, ਇਸ ਤੋਂ ਇਲਾਵਾ ਨਾਬਾਲਗ, ਅਨਟ੍ਰੇਂਡ ਡਰਾਇਵਰਾਂ ਵਿਰੁੱਧ ਤੇ ਸ਼ਰਾਬੀ ਡਰਾਇਵਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਸੜਕ ਹਾਦਸਿਆਂ ਤੋਂ ਬਚਾਓ ਲਈ ਆਮ ਲੋਕਾਂ ਨੂੰ ਹੀ ਪੂਰੀ ਤਰਾਂ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਵਾਹਨਾਂ ਦੀ ਤੇਜ਼ ਰਫ਼ਤਾਰ ਨੂੰ ਲਗਾਈਆਂ ਗਈਆਂ ਬਰੇਕਾਂ ਮਨੁੱਖ ਦੀ ਜਿੰਦਗੀ ਦੀ ਜ਼ਿੰਦਗੀ ਰੂਪੀ ਰਫ਼ਤਾਰ ਨੂੰ ਵਧਾ ਦਿੰਦੀਆਂ ਹਨ।

**ਦਰਪਣ ਝੂਠ ਨਹੀਂ ਬੋਲਦਾ**

# ਕੈਨੇਡਾ ਦੀ ਦੋਹਰੀ ਚਾਲ: ਇੱਕ ਪਾਸੇ ਭਾਰਤ ਨਾਲ ਵਪਾਰਕ ਸਾਂਝ, ਦੂਜੇ ਪਾਸੇ ਸਿੱਖਾਂ ਦੇ ਹੱਕਾਂ ਦਾ ਘਾਣ

## ਭਾਰਤੀ ਦਖ਼ਲਅੰਦਾਜ਼ੀ ’ਤੇ ਪਰਦਾ ਪਾਉਣ ਦੀ ਕੋਸ਼ਿਸ਼: ਕੈਨੇਡਾ ਦੀਆਂ ਖ਼ੁਫ਼ੀਆ ਏਜੰਸੀਆਂ ਦਾ ਦੋਹਰਾ ਚਿਹਰਾ

### ਕੈਨੇਡੀਅਨ ਸਿੱਖ ਸਿਆਸਤਦਾਨਾਂ ਦੀ ਗੂੰਗੀ ਜ਼ਮੀਰ: ਕੌਮ ਨਾਲੋਂ ਪਾਰਟੀ ਪਿਆਰੀ ?

ਕੈਨੇਡੀਅਨ ਸਿਕਿਓਰਿਟੀ ਇੰਟੈਲੀਜੈਂਸ ਸਰਵਿਸ ਦੀ ਤਾਜ਼ਾ ਜਨਤਕ ਰਿਪੋਰਟ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਮੰਚ ’ਤੇ ਸਿਆਸੀ ਹਲਚਲ ਤੇਜ਼ ਕਰ ਦਿੱਤੀ ਹੈ। ਇੱਕ ਪਾਸੇ ਜਿੱਥੇ ਕੈਨੇਡਾ ਸਰਕਾਰ ਭਾਰਤ ਨਾਲ ਆਰਥਿਕ ਅਤੇ ਰਣਨੀਤਕ ਸਬੰਧਾਂ ਨੂੰ ਮੁੜ ਲੀਹ ’ਤੇ ਲਿਆਉਣ ਲਈ ‘ਕੰਪਰੀਹੈਂਸਿਵ ਇਕਨਾਮਿਕ ਪਾਰਟਨਰਸ਼ਿਪ ਐਗਰੀਮੈਂਟ’ ਵਰਗੇ ਵੱਡੇ ਸਮਝੌਤਿਆਂ ਵੱਲ ਵਧ ਰਹੀ ਹੈ, ਉੱਥੇ ਹੀ ਦੂਜੇ ਪਾਸੇ ਕੈਨੇਡਾ ਦੀਆਂ ਆਪਣੀਆਂ ਖ਼ੁਫ਼ੀਆ ਏਜੰਸੀਆਂ ਦੀ ਰਿਪੋਰਟ ਸਿੱਖ ਭਾਈਚਾਰੇ ਦੇ ਇੱਕ ਹਿੱਸੇ ਨੂੰ ਨਿਸ਼ਾਨੇ ’ਤੇ ਲੈ ਕੇ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਰਿਪੋਰਟ ਵਿੱਚ ਮੰਨਿਆ ਗਿਆ ਹੈ ਕਿ ਖ਼ਾਲਿਸਤਾਨ ਲਈ ਸ਼ਾਂਤੀਪੂਰਨ ਵਕਾਲਤ ਕੈਨੇਡਾ ਵਿੱਚ ਇੱਕ ਕਾਨੂੰਨੀ ਗਤੀਵਿਧੀ ਹੈ। ਪਰ ਇਸ ਦੇ ਨਾਲ ਹੀ, ਸਿੱਖ ਕੱਟੜਪੰਥੀਆਂ ਦੁਆਰਾ ਹਿੰਸਾ ਲਈ ਫੰਡ ਇਕੱਠਾ ਕਰਨ ਦੇ ਦੋਸ਼ ਲਗਾ ਕੇ ਸਮੁੱਚੇ ਭਾਈਚਾਰੇ ਦੀਆਂ ਜਮਹੂਰੀ ਗਤੀਵਿਧੀਆਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਲੋਕਤੰਤਰੀ ਦੇਸ਼ਾਂ ਵਿੱਚ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਜਦੋਂ ਖ਼ੁਫ਼ੀਆ ਏਜੰਸੀਆਂ ਬਿਨਾਂ ਕਿਸੇ ਠੋਸ ਅਪਰਾਧਿਕ ਘਟਨਾ (ਜਿਵੇਂ ਕਿ ਰਿਪੋਰਟ ਵਿੱਚ ਖੁਦ ਮੰਨਿਆ ਗਿਆ ਹੈ ਕਿ 2025 ਵਿੱਚ ਕੋਈ ਹਿੰਸਕ ਘਟਨਾ ਨਹੀਂ ਹੋਈ) ਦੇ ਅਜਿਹੇ ਗੰਭੀਰ ਦੋਸ਼ ਲਗਾਉਂਦੀਆਂ ਹਨ, ਤਾਂ ਇਹ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਕਿਸੇ ਖਾਸ ਭਾਈਚਾਰੇ ਦੇ ਪ੍ਰੋਫਾਈਲਿੰਗ ਦਾ ਖਤਰਾ ਪੈਦਾ ਕਰਦਾ ਹੈ।




ਰਿਪੋਰਟ ਵਿੱਚ ਭਾਰਤ, ਚੀਨ ਅਤੇ ਰੂਸ ਵਰਗੇ ਦੇਸ਼ਾਂ ’ਤੇ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਅਤੇ ਜਾਸੂਸੀ ਦੇ ਦੋਸ਼ ਲਗਾਏ ਗਏ ਹਨ। ਖਾਸ ਤੌਰ ’ਤੇ ‘ਟ੍ਰਾਂਸਨੈਸ਼ਨਲ ਰਿਪ੍ਰੈਸ਼ਨ’ ਯਾਨੀ ਵਿਦੇਸ਼ੀ ਧਰਤੀ ’ਤੇ ਕੈਨੇਡੀਅਨ ਸਿੱਖ ਨਾਗਰਿਕਾਂ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਦਾ ਮੁੱਦਾ ਬੇਹੱਦ ਗੰਭੀਰ ਹੈ। ਜੇਕਰ ਕੋਈ ਵਿਦੇਸ਼ੀ ਤਾਕਤ ਕੈਨੇਡਾ ਵਿੱਚ ਰਹਿ ਰਹੇ ਸਿੱਖਾਂ ਜਾਂ ਕਿਸੇ ਹੋਰ ਭਾਈਚਾਰੇ ਦੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਇਹ ਕੈਨੇਡਾ ਸਰਕਾਰ ਦੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਏ।

ਹਾਲਾਂਕਿ ਕੈਨੇਡੀਅਨ ਸਿਕਊਰਟੀ ਇੰਟੈਲੀਜੈਂਸ ਸਰਵਿਸਦੀ 2025 ਦੀ ਰਿਪੋਰਟ ਵਿੱਚ ਸਪੱਸ਼ਟ ਤੌਰ ’ਤੇ ਭਾਰਤ ਨੂੰ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਦੇ ਮੁੱਖ ਦੇਸ਼ਾਂ ਵਿੱਚ ਰੱਖਿਆ ਗਿਆ ਹੈ, ਪਰ ਕੈਨੇਡੀਅਨ ਸਰਕਾਰ ਦੀ ਭਾਸ਼ਾ ਵਿੱਚ ਨਰਮੀ ਦੇ ਕੁਝ ਕਾਰਨ ਹਨ। ਮਾਰਕ ਕਾਰਨੀ ਦੀ ਸਰਕਾਰ ਭਾਰਤ ਨਾਲ ਮੁਕਤ ਵਪਾਰ ਸਮਝੌਤਾ ਸਿਰੇ ਚਾੜ੍ਹਨਾ ਚਾਹੁੰਦੀ ਹੈ। 100 ਬਿਲੀਅਨ ਡਾਲਰ ਦੇ ਨਿਵੇਸ਼ ਅਤੇ ਊਰਜਾ ਸਪਲਾਈ ਦੇ ਲਾਲਚ ਵਿੱਚ, ਕੈਨੇਡੀਅਨ ਸਰਕਾਰ ਭਾਰਤ ’ਤੇ ਸਿੱਧੇ ਸਿਆਸੀ ਹਮਲੇ ਕਰਨ ਤੋਂ ਗੁਰੇਜ਼ ਕਰ ਰਹੀ ਹੈ। ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਨਾਲ ਸਬੰਧਿਤ ਕਾਨੂੰਨਾਂ ਜਿਵੇਂ ਕਿ ਪਾਰਟੀ ਇੰਟਰਫੀਰੈਂਸ ਰਜਿਸਟਰੀ ਨੂੰ ਲਾਗੂ ਕਰਨ ਵੇਲੇ ਸਰਕਾਰ ਸਾਰੇ ਦੇਸ਼ਾਂ ਨੂੰ ਇੱਕੋ ਲਾਈਨ ਵਿੱਚ ਖੜ੍ਹਾ ਕਰ ਦਿੰਦੀ ਹੈ ਤਾਂ ਜੋ ਕਿਸੇ ਇੱਕ ਵਿਸ਼ੇਸ਼ ਦੇਸ਼ (ਜਿਵੇਂ ਭਾਰਤ) ਨਾਲ ਸਬੰਧ ਪੂਰੀ ਤਰ੍ਹਾਂ ਨਾ ਟੁੱਟ ਜਾਣ।

ਇਹ ਇੱਕ ਕੌੜਾ ਸੱਚ ਹੈ ਕਿ ਕਈ ਸਿੱਖ ਸਿਆਸਤਦਾਨ (ਜੋ ਲਿਬਰਲ ਜਾਂ ਕੰਜ਼ਰਵੇਟਿਵ ਪਾਰਟੀਆਂ ਵਿੱਚ ਹਨ) ਇੱਕ ਦੋਹਰੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਮਾਰਕ ਕਾਰਨੀ ਦੀ ਅਗਵਾਈ ਵਿੱਚ ਜਦੋਂ ਸਰਕਾਰ ਭਾਰਤ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਪਾਰਟੀ ਦੇ ਅੰਦਰ ਰਹਿ ਕੇ ਸਿੱਖ ਐਮ.ਪੀ. ਸਰਕਾਰ ਦੀ ਅਧਿਕਾਰਤ ਨੀਤੀ ਦੇ ਉਲਟ ਬੋਲਣ ਤੋਂ ਡਰਦੇ ਹਨ। ਕੈਨੇਡੀਅਨ ਸਿੱਖ ਭਾਈਚਾਰਾ ਖੁਦ ਵੱਖ-ਵੱਖ ਵਿਚਾਰਧਾਰਾਵਾਂ ਵਿੱਚ ਵੰਡਿਆ ਹੋਇਆ ਹੈ। ਸਿਆਸਤਦਾਨ ਅਜਿਹਾ ਸਟੈਂਡ ਲੈਣ ਤੋਂ ਬਚਦੇ ਹਨ ਜੋ ਉਨ੍ਹਾਂ ਦੇ ਗੈਰ-ਸਿੱਖ ਵੋਟਰਾਂ ਜਾਂ ਭਾਰਤ ਪੱਖੀ ਵੋਟਰਾਂ ਨੂੰ ਨਾਰਾਜ਼ ਕਰੇ। ਕਈ ਸਿਆਸਤਦਾਨਾਂ ਨੂੰ ਇਹ ਵੀ ਡਰ ਰਹਿੰਦਾ ਹੈ ਕਿ ਭਾਰਤ ਵਿਰੁੱਧ ਬੋਲਣ ਨਾਲ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਭਾਰਤੀ ਵੀਜ਼ੇ ’ਤੇ ਅਸਰ ਪੈ ਸਕਦਾ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਹੇਠ ਕੈਨੇਡਾ ਸਰਕਾਰ ਭਾਰਤ ਨਾਲ ਵਪਾਰਕ ਰਿਸ਼ਤੇ ਸੁਧਾਰਨ ਲਈ ਕਾਹਲੀ ਨਜ਼ਰ ਆ ਰਹੀ ਹੈ। ਵਪਾਰਕ ਹਿੱਤਾਂ (ਜਿਵੇਂ ਕਿ 100 ਬਿਲੀਅਨ ਡਾਲਰ ਦਾ ਨਿਵੇਸ਼ ਅਤੇ ਊਰਜਾ ਸਪਲਾਈ) ਨੂੰ ਮਨੁੱਖੀ ਅਧਿਕਾਰਾਂ ਤੋਂ ਉੱਪਰ ਰੱਖਣਾ ਕਿਸੇ ਵੀ ਸੱਭਿਅਕ ਦੇਸ਼ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਸਿੱਖ ਭਾਈਚਾਰਾ ਕੈਨੇਡਾ ਦੀ ਆਰਥਿਕਤਾ ਅਤੇ ਸਮਾਜਿਕ ਤਾਣੇ-ਬਾਣੇ ਦਾ ਅਨਿੱਖੜਵਾਂ ਅੰਗ ਹੈ।

(ਬਾਕੀ ਸਫ਼ਾ 26 ’ਤੇ)

# ਪੰਜਾਬ ’ਚ ਭਾਜਪਾ ਦੀ ‘ਸਿਆਸੀ ਸਰਜੀਕਲ ਸਟ੍ਰਾਈਕ’: ਕੀ 2027 ਵਿੱਚ ਖਿੜੇਗਾ ਕਮਲ ?

### ਪੈਰਾਸ਼ੂਟ ਲੀਡਰਾਂ ਦੇ ਦਮ ’ਤੇ ‘ਮਿਸ਼ਨ ਪੰਜਾਬ’: ਕੀ ਵੋਟਰਾਂ ਦੇ ਦਿਲ ਜਿੱਤ ਸਕੇਗੀ ਭਾਜਪਾ ?

### ਬੁੱਧੀਜੀਵੀਆਂ ਦੀ ਰਾਏ: ਭਾਜਪਾ ਹੁਣ ਪੰਜਾਬ ’ਚ ‘ਤੀਜੀ ਧਿਰ’ ਨਹੀਂ, ਸਿੱਧੀ ਚੁਣੌਤੀ !

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਹਿਮ ਮੋੜ ’ਤੇ ਖੜ੍ਹੀ ਹੈ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਖੇਤੀ ਕਾਨੂੰਨਾਂ ਕਾਰਨ ਜਿਸ ਭਾਜਪਾ ਨੂੰ ਸੂਬੇ ਵਿੱਚ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਅੱਜ ਉਹੀ ਪਾਰਟੀ ਦੂਜੀਆਂ ਪਾਰਟੀਆਂ ਦੇ ਮਹਾਂਰਥੀ ਆਗੂਆਂ ਦੀ ‘ਪਹਿਲੀ ਪਸੰਦ’ ਬਣਦੀ ਜਾ ਰਹੀ ਹੈ। ਹਾਲ ਹੀ ਵਿੱਚ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਰਾਘਵ ਚੱਢਾ, ਹਰਭਜਨ ਸਿੰਘ ਅਤੇ ਸੰਦੀਪ ਪਾਠਕ ਵਰਗੇ ਪ੍ਰਮੁੱਖ ਨਾਮ ਸ਼ਾਮਲ ਹਨ, ਦੇ ਭਾਜਪਾ ਵਿੱਚ ਸ਼ਾਮਲ ਹੋਣ ਨੇ ਪੰਜਾਬ ਸਰਕਾਰ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ‘ਲੋਕਤੰਤਰ ਦਾ ਕਤਲ’ ਕਰਾਰ ਦਿੰਦਿਆਂ ਵਿਧਾਨ ਸਭਾ ਵਿੱਚ ਭਰੋਸਗੀ ਮਤਾ ਪਾਸ ਕਰਕੇ ਆਪਣੀ ਏਕਤਾ ਦਾ ਸਬੂਤ ਦਿੱਤਾ ਹੈ।

ਪਰ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਇਹ ਦਲ ਬਦਲੀ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਮਜ਼ਬੂਤ ਕਰ ਸਕੇਗੀ ? ਕੈਪਟਨ ਅਮਰਿੰਦਰ ਸਿੰਘ ਤੋਂ ਲੈ ਕੇ ਸੁਨੀਲ ਜਾਖੜ ਅਤੇ ਰਵਨੀਤ ਬਿੱਟੂ ਤੱਕ, ਕਾਂਗਰਸ ਅਤੇ ਅਕਾਲੀ ਦਲ ਦੇ ਵੱਡੇ ਚਿਹਰਿਆਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਸੂਬੇ ਦੇ ਸਿਆਸੀ ਸਮੀਕਰਨਾਂ ਵਿੱਚ ਵੱਡੀ ਤਬਦੀਲੀ ਦਾ ਸੰਕੇਤ ਹੈ।

ਭਾਜਪਾ ਦੀ ਰਣਨੀਤੀ ਸਪੱਸ਼ਟ ਹੈ ਕਿ ਸੂਬੇ ਵਿੱਚ ਆਪਣੇ ਦਮ ’ਤੇ ਖੜ੍ਹੇ ਹੋਣਾ। ਪਹਿਲਾਂ ਭਾਜਪਾ ਸਿਰਫ਼ ਸ਼ਹਿਰੀ ਅਤੇ ਹਿੰਦੂ ਵੋਟ ਬੈਂਕ ਤੱਕ ਸੀਮਤ ਮੰਨੀ ਜਾਂਦੀ ਸੀ, ਪਰ ਹੁਣ ਸਿੱਖ ਚਿਹਰਿਆਂ ਅਤੇ ਪੇਂਡੂ ਪਿਛੋਕੜ ਵਾਲੇ ਲੀਡਰਾਂ ਨੂੰ ਨਾਲ ਜੋੜ ਕੇ ਪਾਰਟੀ ਆਪਣਾ ਦਾਇਰਾ ਵਧਾ ਰਹੀ ਹੈ। ਸਿਆਸੀ ਮਾਹਿਰਾਂ ਅਨੁਸਾਰ, ਦੂਜੀਆਂ ਪਾਰਟੀਆਂ ਦੀ ਘਟਦੀ ਭਰੋਸੇਯੋਗਤਾ ਸਿੱਧੇ ਤੌਰ ’ਤੇ ਭਾਜਪਾ ਲਈ ਫਾਇਦੇਮੰਦ ਸਾਬਤ ਹੋ ਰਹੀ ਹੈ। ਭਾਜਪਾ ਵੱਲੋਂ ਪੰਜਾਬ ਵਿੱਚ ਅਪਣਾਈ ਜਾ ਰਹੀ ਨਵੀਂ ਰਣਨੀਤੀ ਅਤੇ ਦੂਜੀਆਂ ਪਾਰਟੀਆਂ ਦੇ ਮਹਾਂਰਥੀਆਂ ਨੂੰ ਆਪਣੇ ਨਾਲ ਮਿਲਾਉਣ ਦੀ ਮੁਹਿੰਮ ਨੇ ਸੂਬੇ ਦੇ ਸਿਆਸੀ ਮਾਹਿਰਾਂ ਨੂੰ ਨਵੀਂ ਚਰਚਾ ਵਿੱਚ ਪਾ ਦਿੱਤਾ ਹੈ।



ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਭਾਜਪਾ ਸਭ ਤੋਂ ਵੱਡੀ ਚੁਣੌਤੀ ਸ਼੍ਰੋਮਣੀ ਅਕਾਲੀ ਦਲ ਲਈ ਪੈਦਾ ਕਰ ਰਹੀ ਹੈ। ਪਹਿਲਾਂ ਭਾਜਪਾ ਸਿਰਫ਼ ਸ਼ਹਿਰੀ ਹਿੰਦੂ ਵੋਟਾਂ ਤੱਕ ਸੀਮਤ ਸੀ ਅਤੇ ਅਕਾਲੀ ਦਲ ਪੰਥਕ ਤੇ ਪੇਂਡੂ ਵੋਟਾਂ ਦਾ ਮਾਲਕ ਸੀ। ਹੁਣ ਭਾਜਪਾ ਨੇ ਵੱਡੇ ਸਿੱਖ ਚਿਹਰਿਆਂ ਨੂੰ ਸ਼ਾਮਲ ਕਰਕੇ ਅਕਾਲੀ ਦਲ ਦੇ ਰਵਾਇਤੀ ‘ਪੰਥਕ ਅਤੇ ਪੇਂਡੂ’ ਅਧਾਰ ਵਿੱਚ ਸੰਨ੍ਹ ਲਾਉਣੀ ਸ਼ੁਰੂ ਕਰ ਦਿੱਤੀ ਹੈ।ਅਕਾਲੀ ਦਲ ਹੁਣ ਉਸ ਸਥਿਤੀ ਵਿੱਚ ਹੈ ਜਿੱਥੇ ਉਸ ਨੂੰ ਆਪਣੀ ਸਿਆਸੀ ਹੋਂਦ ਬਚਾਉਣ ਲਈ ਜਾਂ ਤਾਂ ਇਕੱਲਿਆਂ ਲੜਨਾ ਪੈ ਰਿਹਾ ਹੈ ਜਾਂ ਫਿਰ ਭਾਜਪਾ ਦੀਆਂ ਸ਼ਰਤਾਂ ’ਤੇ ਸਮਝੌਤੇ ਬਾਰੇ ਸੋਚਣਾ ਪੈ ਰਿਹਾ ਹੈ। ਕਾਂਗਰਸ ਲਈ ਵੀ ਭਾਜਪਾ ਇੱਕ ਜਥੇਬੰਦਕ ਚੁਣੌਤੀ ਹੈ।ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਅਤੇ ਮਨਪ੍ਰੀਤ ਸਿੰਘ ਬਾਦਲ ਵਰਗੇ ਆਗੂਆਂ ਦੇ ਜਾਣ ਨਾਲ ਕਾਂਗਰਸ ਦਾ ਉਹ ਮਜ਼ਬੂਤ ਢਾਂਚਾ ਹਿੱਲ ਗਿਆ ਹੈ ਜੋ ਸੂਬੇ ਵਿੱਚ ਦਹਾਕਿਆਂ ਤੋਂ ਕਾਇਮ ਸੀ। ਕਾਂਗਰਸ ਅਜੇ ਤਕ ਆਪਣੀ ਮਜ਼ਬੂਤ ਲੀਡਰਸ਼ਿਪ ਸਥਾਪਤ ਨਹੀਂ ਕਰ ਸਕੀ।ਪੰਜਾਬ ਦਾ ਹਿੰਦੂ ਵੋਟਰ, ਜੋ ਰਵਾਇਤੀ ਤੌਰ ’ਤੇ ਕਾਂਗਰਸ ਦਾ ਗੜ੍ਹ ਮੰਨਿਆ ਜਾਂਦਾ ਸੀ, ਹੁਣ ਤੇਜ਼ੀ ਨਾਲ ਭਾਜਪਾ ਵੱਲ ਮੁੜ ਰਿਹਾ ਹੈ, ਜਿਸ ਨਾਲ ਕਾਂਗਰਸ ਦੇ ਚੋਣ ਸਮੀਕਰਨ ਵਿਗੜ ਰਹੇ ਹਨ। ਬੁੱਧੀਜੀਵੀਆਂ ਅਨੁਸਾਰ, ਸੱਤਾਧਾਰੀ ‘ਆਪ’ ਲਈ ਭਾਜਪਾ ਇੱਕ ‘ਵਿਕਲਪਿਕ ਵਿਰੋਧੀ’ ਵਜੋਂ ਉੱਭਰ ਰਹੀ ਹੈ।

(ਬਾਕੀ ਸਫ਼ਾ 26 ’ਤੇ)

# ਹੁਣ ਗੁਜਰਾਤ ਦੀ ਯੂਨੀਵਰਸਿਟੀ ’ਚ ਪੜ੍ਹਾਈ ਜਾਵੇਗੀ ਮੋਦੀ ਦੀ ਲੀਡਰਸ਼ਿਪ; ਸੰਘ ਪਰਿਵਾਰ ਅਤੇ ਹਿੰਦੂ ਧਰਮ

### ਸਿੱਖਿਆ ਦਾ ਹੋਇਆ ਭਗਵਾਂਕਰਨ ਐਮ.ਐਸ.ਯੂ. ਦੇ ਨਵੇਂ ਪਾਠਕ੍ਰਮ ’ਤੇ ਉੱਠੇ ਸੁਆਲ

ਗੁਜਰਾਤ ਦੀ ਮਹਾਰਾਜਾ ਸਯਾਜੀਰਾਓ ਯੂਨੀਵਰਸਿਟੀ ਵੱਲੋਂ ਸਮਾਜ ਸ਼ਾਸਤਰ ਦੇ ਪਾਠਕ੍ਰਮ ਵਿੱਚ ‘ਮੋਦੀ ਤੱਤ’ ਅਤੇ ਆਰ.ਐਸ.ਐਸ. ਨੂੰ ਸ਼ਾਮਲ ਕਰਨ ਦਾ ਫੈਸਲਾ ਅਕਾਦਮਿਕ ਸੰਸਾਰ ਲਈ ਇੱਕ ਚਿੰਤਾਜਨਕ ਸੰਕੇਤ ਹੈ। ਇਹ ਕਦਮ ਸਿੱਖਿਆ ਨੂੰ ਗਿਆਨ ਦਾ ਸਰੋਤ ਬਣਾਉਣ ਦੀ ਬਜਾਏ, ਇਸ ਨੂੰ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਫੈਲਾਉਣ ਵਾਲੀ ‘ਪ੍ਰੋਪੇਗੰਡਾ ਮਸ਼ੀਨ’ ਵਿੱਚ ਬਦਲਣ ਦੀ ਕੋਸ਼ਿਸ਼ ਜਾਪਦਾ ਹੈ। ਯੂਨੀਵਰਸਿਟੀ ਵੱਲੋਂ ਦਿੱਤਾ ਗਿਆ ਇਹ ਤਰਕ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ‘ਕ੍ਰਿਸ਼ਮਈ’ ਹੈ, ਸਿੱਖਿਆ ਸ਼ਾਸਤਰ ਦੀ ਕਸੌਟੀ ’ਤੇ ਘੱਟ ਅਤੇ ਸਿਆਸੀ ਚਾਪਲੂਸੀ ਦੀ ਕਸੌਟੀ ’ਤੇ ਜ਼ਿਆਦਾ ਖ਼ਰਾ ਉਤਰਦਾ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਯੂਨੀਵਰਸਿਟੀਆਂ ਹੁਣ ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚ ਸਿਖਾਉਣਗੀਆਂ ਜਾਂ ਕਿਸੇ ਜੀਵਿਤ ਸਿਆਸੀ ਆਗੂ ਪ੍ਰਤੀ ਸ਼ਰਧਾ ? ਜਦੋਂ ਕਿਸੇ ਆਗੂ ਨੂੰ ‘ਤੱਤ’ ਜਾਂ ‘ਆਦਰਸ਼’ ਵਜੋਂ ਪੜ੍ਹਾਇਆ ਜਾਂਦਾ ਹੈ, ਤਾਂ ਉਸ ਦੀਆਂ ਨੀਤੀਆਂ ’ਤੇ ਸਵਾਲ ਉਠਾਉਣ ਦੀ ਗੁੰਜਾਇਸ਼ ਖ਼ਤਮ ਹੋ ਜਾਂਦੀ ਹੈ। ਇਹ ਸਿਹਤਮੰਦ ਲੋਕਤੰਤਰ ਲਈ ਬੇਹੱਦ ਘਾਤਕ ਹੈ। ਇੱਕ ਲੋਕਤੰਤਰ ਉਦੋਂ ਹੀ ਜਿਊਂਦਾ ਰਹਿੰਦਾ ਹੈ ਜਦੋਂ ਉਸ ਦੀ ਨੌਜਵਾਨ ਪੀੜ੍ਹੀ ਸਵਾਲ ਪੁੱਛਣ ਦੀ ਹਿੰਮਤ ਰੱਖਦੀ ਹੋਵੇ, ਨਾ ਕਿ ਜਦੋਂ ਉਹ ਸੱਤਾ ਦੇ ਗੁਣਗਾਨ ਕਰਨ ਵਾਲੇ ‘ਕਾਡਰ’ ਵਜੋਂ ਤਿਆਰ ਕੀਤੀ ਜਾਵੇ।



ਆਰ.ਐਸ.ਐਸ. ਅਤੇ ‘ਹਿੰਦੂ ਸਮਾਜ ਸ਼ਾਸਤਰ’ ਵਰਗੇ ਵਿਸ਼ਿਆਂ ਨੂੰ ਸਿਲੇਬਸ ਦਾ ਮੁੱਖ ਹਿੱਸਾ ਬਣਾਉਣਾ ਸਿੱਧੇ ਤੌਰ ’ਤੇ ਸਿੱਖਿਆ ਦੇ ‘ਭਗਵੇਂਕਰਨ’ ਦੀ ਮੁਹਿੰਮ ਹੈ। ਭਾਰਤ ਇੱਕ ਬਹੁ-ਸੱਭਿਆਚਾਰਕ ਅਤੇ ਧਰਮ-ਨਿਰਪੱਖ ਦੇਸ਼ ਹੈ, ਜਿੱਥੇ ਯੂਨੀਵਰਸਿਟੀਆਂ ਦਾ ਕੰਮ ਸਭ ਨੂੰ ਨਾਲ ਲੈ ਕੇ ਚੱਲਣਾ ਹੁੰਦਾ ਹੈ। ਪਰ ਇੱਕ ਖਾਸ ਸੰਗਠਨ ਦੀ ਵਿਚਾਰਧਾਰਾ ਨੂੰ ਅਕਾਦਮਿਕ ਰੰਗਤ ਦੇ ਕੇ ਪੇਸ਼ ਕਰਨਾ ਦੂਜੇ ਭਾਈਚਾਰਿਆਂ ਦੇ ਵਿਦਿਆਰਥੀਆਂ ਵਿੱਚ ਬੇਗਾਨਗੀ ਪੈਦਾ ਕਰੇਗਾ ਅਤੇ ਸਮਾਜਿਕ ਵੰਡ ਨੂੰ ਹੋਰ ਗੂੜ੍ਹਾ ਕਰੇਗਾ।ਸਿਖਿਆ ਸ਼ਾਸਤਰੀਆਂ ਦਾ ਮੰਨਣਾ ਹੈ ਕਿ ?ਸਰਦਾਰ ਪਟੇਲ, ਡਾ. ਅੰਬੇਡਕਰ ਅਤੇ ਸ਼ਿਵਾਜੀ ਮਹਾਰਾਜ ਵਰਗੇ ਨਾਇਕ ਕਿਸੇ ਇੱਕ ਪਾਰਟੀ ਦੀ ਜਗੀਰ ਨਹੀਂ ਹਨ। ਉਨ੍ਹਾਂ ਨੂੰ ਸਿਆਸੀ ਸਹੂਲਤ ਅਨੁਸਾਰ ਤੋੜ-ਮਰੋੜ ਕੇ ਪੜ੍ਹਾਉਣਾ ਉਨ੍ਹਾਂ ਦੇ ਅਸਲ ਸੰਘਰਸ਼ ਅਤੇ ਫਲਸਫ਼ੇ ਦੀ ਤੌਹੀਨ ਹੈ। ਜੇਕਰ ਹਰ ਆਉਣ ਵਾਲੀ ਸਰਕਾਰ ਯੂਨੀਵਰਸਿਟੀਆਂ ਦੇ ਪਾਠਕ੍ਰਮ ਨੂੰ ਆਪਣੀ ਵੋਟ ਬੈਂਕ ਦੀ ਰਾਜਨੀਤੀ ਅਨੁਸਾਰ ਬਦਲਣ ਲੱਗ ਪਈ, ਤਾਂ ਭਾਰਤੀ ਡਿਗਰੀਆਂ ਦੀ ਅੰਤਰਰਾਸ਼ਟਰੀ ਮਾਨਤਾ ਅਤੇ ਅਕਾਦਮਿਕ ਮਿਆਰ ਮਿੱਟੀ ਵਿੱਚ ਮਿਲ ਜਾਵੇਗਾ। ਜੇਕਰ ਪਾਠਕ੍ਰਮ ਸਿਰਫ਼ ਸੱਤਾਧਾਰੀ ਧਿਰ ਦੇ ਏਜੰਡੇ ਦਾ ਪਰਛਾਵਾਂ ਬਣ ਕੇ ਰਹਿ ਗਿਆ, ਤਾਂ ਇਹ ਆਉਣ ਵਾਲੀ ਪੀੜ੍ਹੀ ਦੀ ਬੌਧਿਕ ਆਜ਼ਾਦੀ ਲਈ ਘਾਤਕ ਸਿੱਧ ਹੋ ਸਕਦਾ ਹੈ।ਕਾਂਗਰਸ ਅਤੇ ਹੋਰ ਖੱਬੇਪੱਖੀ ਪਾਰਟੀਆਂ ਦਾ ਦੋਸ਼ ਹੈ ਕਿ ਭਾਜਪਾ ਸਿੱਖਿਆ ਸੰਸਥਾਵਾਂ ਦੀ ਵਰਤੋਂ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਅਤੇ ‘ਪ੍ਰੋਪੇਗੰਡਾ’ ਲਈ ਕਰ ਰਹੀ ਹੈ। ‘ਦ ਵਾਇਰ’ ਵਰਗੇ ਮੀਡੀਆ ਅਦਾਰੇ ਅਤੇ ਸੁਤੰਤਰ ਪੱਤਰਕਾਰ ਇਸ ਨੂੰ ਸਿੱਖਿਆ ਦੇ ‘ਭਗਵੇਂਕਰਨ’ ਦੀ ਕੋਸ਼ਿਸ਼ ਵਜੋਂ ਦੇਖ ਰਹੇ ਹਨ।

# ਗੁਰੂ ਗ੍ਰੰਥ ਸਾਹਿਬ ਜੀ 'ਤੇ ਡਿਜੀਟਲ ਪਹਿਰੇ ਪੰਥਕ ਆਜ਼ਾਦੀ ਲਈ ਖਤਰਾ

## ਪ੍ਰਬੰਧਕੀ ਨਾਕਾਮੀ ਨੂੰ ਲੁਕਾਉਣ ਲਈ ਬੇਅਦਬੀ ਫ਼ੋਬੀਆ ਤਹਿਤ ਗੁਰੂ ਸਾਹਿਬ 'ਤੇ ਕਿਉਂ ਲਗਾਈਆਂ ਪਾਬੰਦੀਆਂ ?


ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

## ਕੀ ਸ਼੍ਰੋਮਣੀ ਕਮੇਟੀ ਨੇ ਸਰਕਾਰੀ 'ਸਤਿਕਾਰ ਐਕਟ 2026' ਅੱਗੇ ਗੋਡੇ ਟੇਕੇ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਵਨ ਸਰੂਪਾਂ ਦੀ ਸੇਵਾ 'ਤੇ 20 ਮਈ ਤੱਕ ਲਗਾਈ ਰੋਕ ਅਤੇ ਨਵੀਂ 'ਡਿਜੀਟਲ ਨੀਤੀ' ਪੰਥਕ ਹਲਕਿਆਂ ਵਿੱਚ ਇੱਕ ਵੱਡੀ ਬਹਿਸ ਦਾ ਵਿਸ਼ਾ ਬਣ ਗਈ ਹੈ। ਇੱਕ ਪਾਸੇ ਕਮੇਟੀ ਇਸ ਨੂੰ 'ਮਰਿਆਦਾ ਅਤੇ ਸਤਿਕਾਰ' ਦੀ ਬਹਾਲੀ ਵਜੋਂ ਪੇਸ਼ ਕਰ ਰਹੀ ਹੈ, ਪਰ ਦੂਜੇ ਪਾਸੇ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਬੇਅਦਬੀ ਦੇ ਡਰ ਨੇ ਸਾਨੂੰ ਆਪਣੇ ਹੀ ਗੁਰੂ ਦੇ ਪ੍ਰਚਾਰ-ਪ੍ਰਸਾਰ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਹੈ ? ਸ਼੍ਰੋਮਣੀ ਕਮੇਟੀ ਦੀ ਨਵੀਂ ਨੀਤੀ ਮੁਤਾਬਕ ਹੁਣ ਹਰ ਬੀੜ ਦਾ ਇੱਕ ਯੂਨੀਕ ਆਈ.ਡੀ. ਨਾਲ ਲਿੰਕ ਹੋਵੇਗਾ ਅਤੇ ਪ੍ਰਾਪਤ ਕਰਤਾ ਦਾ ਪੂਰਾ ਡਿਜੀਟਲ ਰਿਕਾਰਡ ਰੱਖਿਆ ਜਾਵੇਗਾ। ਇਹ ਕਦਮ ਲਾਪਤਾ ਹੋਏ 328 ਸਰੂਪਾਂ ਵਰਗੇ ਵਿਵਾਦਾਂ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਚੁੱਕਿਆ ਗਿਆ ਜਾਪਦਾ ਹੈ। ਪਰ, ਕੇਂਦਰੀਕਰਨ (ਸਿਰਫ਼ ਅੰਮ੍ਰਿਤਸਰ ਤੋਂ ਸਰੂਪ ਮਿਲਣਾ) ਅਤੇ ਸਖ਼ਤ ਸ਼ਰਤਾਂ 'ਸਿੱਖੀ ਦੇ ਪ੍ਰਚਾਰ' ਵਿੱਚ ਵੱਡੀ ਰੁਕਾਵਟ ਬਣਨਗੀਆਂ। ਜੇਕਰ ਕੋਈ ਸ਼ਰਧਾਲੂ ਦੂਰ-ਦੁਰਾਡੇ ਪਿੰਡ ਵਿੱਚ ਗੁਰੂ ਦੀ ਜੋਤ ਜਗਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਅੰਮ੍ਰਿਤਸਰ ਤੱਕ ਦੀ ਲੰਬੀ ਯਾਤਰਾ, ਫ਼ਾਰਮ ਭਰਨਾ, ਯੂਨੀਕ ਆਈਡੀ ਲੈਣਾ ਅਤੇ ਫ਼ਿਰ ਵੀ ਉਲਝਣਾਂ ਵਿੱਚ ਫ਼ਸਣਾ — ਇਹ ਸਭ ਸਿੱਖ ਜਗਿਆਸੂ ਦੇ ਗੁਰੂ ਪ੍ਰਤੀ ਉਤਸ਼ਾਹ ਨੂੰ ਠੰਢਾ ਕਰ ਦੇਵੇਗਾ।

ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਇੱਕ ਵਧੀਆ ਤੇ ਉਸਾਰੂ ਸੰਕੇਤ ਨਹੀਂ ਹੈ। ਇਸ ਐਕਟ ਦੇ ਪ੍ਰਭਾਵ ਹੇਠ ਸ਼੍ਰੋਮਣੀ ਕਮੇਟੀ ਨੇ ਆਪਣੀਆਂ ਪੰਥਕ ਨੀਤੀਆਂ ਬਦਲ ਲਈਆਂ ਹਨ। ਇਹ ਉਸ ਵੇਲੇ ਹੋ ਰਿਹਾ ਹੈ ਜਦੋਂ ਸ਼੍ਰੋਮਣੀ ਕਮੇਟੀ ਸਰਕਾਰੀ ਕਾਨੂੰਨਾਂ ਦੇ ਪ੍ਰਭਾਵ ਕਾਰਣ ਆਪਣੇ ਅੰਦਰੂਨੀ ਫ਼ੈਸਲੇ ਬਦਲ ਰਹੀ ਹੈ। ਇਸ ਨਾਲ ਉਹ ਆਪਣੀ ਖੁਦਮੁਖਤਿਆਰੀ ਗੁਆ ਬੈਠੀ ਹੈ। ਬੇਅਦਬੀ ਕਾਨੂੰਨ ਨੂੰ ਅਦਾਲਤ ਵਿਚ ਚੈਲਿੰਜ ਨਾ ਕਰਨਾ ਇਹ ਸਾਫ਼ ਦੱਸਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਰਕਾਰੀ ਦਖ਼ਲਅੰਦਾਜ਼ੀ ਨੂੰ ਚੁੱਪਚਾਪ ਸਵੀਕਾਰ ਕਰ ਲਿਆ ਹੈ। ਇਹ ਖਾਲਸਾ ਪੰਥ ਦੀ ਖੁਦਮੁਖਤਿਆਰੀ ਅੱਗੇ ਪ੍ਰਸ਼ਨ ਚਿੰਨ੍ਹ ਹੈ।ਬੇਅਦਬੀ ਸਿੱਖ ਪੰਥ ਲਈ ਇੱਕ ਅਸਹਿ ਦਰਦ ਹੈ, ਪਰ ਕੀ ਇਸ ਦੇ ਡਰੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰਫ਼ 'ਗੁਰਦੁਆਰਿਆਂ ਤੱਕ ਸੀਮਤ ਕਰ ਦੇਣਾ ਉਚਿਤ ਹੈ ?

### ਸਿੱਖੀ ਦਾ ਸਿਧਾਂਤ

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥

ਅਨੁਸਾਰ ਅਕਾਲ ਪੁਰਖ ਦੀ ਬਾਣੀ ਅੰਮ੍ਰਿਤ ਹੈ ,ਜਿਸ ਤੋਂ ਪ੍ਰੇਰਣਾ ਲੈਕੇ ਸਿੱਖ ਜਗਿਆਸੂ ਆਪਣਾ ਜੀਵਨ ਸੰਵਾਰਦਾ ਹੈ। ਮਾਨਸ ਤੋਂ ਦੇਵਤਾ ਬਣਦਾ ਹੈ। ਇਸ ਅੰਮ੍ਰਿਤ ਫ਼ਲਸਫ਼ੇ ਦੇ ਸੋਮੇ ਗੁਰੂ ਗ੍ਰੰਥ ਸਾਹਿਬ 'ਤੇ ਕਿਸੇ ਵੀ ਤਰ੍ਹਾਂ ਦੀ ਮਿਆਦ ਜਾਂ ਪਾਬੰਦੀ ਲਗਾਉਣਾ, ਜਗਿਆਸੂ ਨੂੰ ਅੰਮ੍ਰਿਤ ਤੋਂ ਦੂਰ ਰੱਖਣ ਦੇ ਬਰਾਬਰ ਹੈ।

ਜੇਕਰ ਸਰੂਪਾਂ ਦੀ ਉਪਲਬਧਤਾ 'ਤੇ ਕਨੂੰਨੀ ਪਾਬੰਦੀਆਂ ਲੱਗ ਗਈਆਂ ਤਾਂ ਆਮ ਸਿੱਖ ਆਪਣੇ ਘਰ ਵਿਚ ਗੁਰੂ ਦਾ ਪ੍ਰਕਾਸ਼ ਕਰਨ ਤੋਂ ਕਤਰਾਏਗਾ। ਇਹ ਸਥਿਤੀ ਸਿੱਖ ਧਰਮ ਦੇ ਵਿਨਾਸ਼ਕਾਰੀ ਪ੍ਰਭਾਵਾਂ ਵੱਲ ਲੈ ਜਾਵੇਗੀ। ਸੰਗਤ ਦਾ ਗੁਰੂ ਨਾਲ ਸਿੱਧਾ ਸੰਪਰਕ ਟੁੱਟ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦਾ ਘਰ-ਘਰ ਵਿਚ ਪ੍ਰਕਾਸ਼ ਤਾਂ ਸਿੱਖੀ ਦੀ ਜੀਵਨ ਸ਼ਕਤੀ ਹੈ। ਇਸ ਨੂੰ ਰੋਕਣਾ ਸਿੱਖ ਪੰਥ ਨੂੰ ਤਬਾਹੀ ਵਲ ਲਿਜਾਣਾ ਹੈ। ਇਸ ਕਾਰਣ ਵਿਦੇਸ਼ਾਂ ਵਿਚ ਬੈਠੇ ਸਿੱਖ ਵੀ ਆਪਣੀ ਵਿਸ਼ਵੀ ਸੰਸਥਾ ਬਣਾਉਣ ਅਤੇ ਖੁਦ ਸਰੂਪ ਛਾਪਣ ਬਾਰੇ ਸੋਚਣ ਲਈ ਮਜਬੂਰ ਹੋ ਰਹੇ ਹਨ। ਇਹ ਉਹੀ ਪ੍ਰਵਾਸੀ ਸਿੱਖ ਹਨ ਜਿਨ੍ਹਾਂ ਨੇ ਸਦੀਆਂ ਤੋਂ ਪੰਥ ਨੂੰ ਆਰਥਿਕ ਅਤੇ ਰਾਜਨੀਤਕ ਤਾਕਤ ਬਖ਼ਸ਼ੀ ਹੈ। ਜੇਕਰ ਸ਼੍ਰੋਮਣੀ ਕਮੇਟੀ ਆਪਣੀ ਜ਼ਿੰਮੇਵਾਰੀ ਤਕਨੀਕੀ ਅਤੇ ਸਿਧਾਂਤਕ ਪੱਖੋਂ ਸਹੀ ਤਰੀਕੇ ਨਾਲ ਨਿਭਾਉਣ ਵਿਚ ਅਸਫ਼ਲ ਰਹੀ ਤਾਂ ਪੰਥਕ ਜਮਹੂਰੀਅਤ ਦੇ ਨਾਤੇ ਪ੍ਰਵਾਸੀ ਖਾਲਸਾ ਜੀ ਨੂੰ ਉੱਚ-ਪੱਧਰੀ ਅਤੇ ਮਰਿਆਦਾ ਅਨੁਸਾਰ ਪ੍ਰੈੱਸ ਸਥਾਪਤ ਕਰਨ ਦਾ ਪੂਰਾ ਹੱਕ ਹੈ। ਗੁਰੂ ਗ੍ਰੰਥ ਸਾਹਿਬ ਉਪਰ ਸ਼੍ਰੋਮਣੀ ਕਮੇਟੀ ਦੀ ਦਾਅਵੇਦਾਰੀ ਨਹੀਂ ਹੈ। ਗੁਰੂ ਪੰਥ ਹੀ ਇਸਦਾ ਜ਼ਿੰਮੇਵਾਰ ਹੈ। ਪ੍ਰਵਾਸੀ ਸਿੱਖ ਸੰਸਥਾਵਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਪਹੁੰਚ ਕਰਕੇ ਇਹ ਮੰਗ ਕਰਨੀ ਚਾਹੀਦੀ ਹੈ ਕਿ ਸਰੂਪਾਂ ਦੀ ਸੇਵਾ ਨੂੰ 'ਕੇਂਦਰੀਕਰਨ' (ਸਿਰਫ਼ ਅੰਮ੍ਰਿਤਸਰ) ਤੋਂ ਮੁਕਤ ਕਰਕੇ ਵਿਸ਼ਵ ਪੱਧਰ 'ਤੇ ਸੁਖਾਲਾ ਬਣਾਇਆ ਜਾਵੇ।

ਬੇਅਦਬੀ ਨੂੰ ਰੋਕਣ ਲਈ 'ਤਕਨੀਕ' ਦੀ ਵਰਤੋਂ ਕਰਨਾ ਗਲਤ ਨਹੀਂ ਹੈ, ਪਰ ਇਸ ਦੇ ਨਾਮ 'ਤੇ ਗੁਰੂ ਦੇ ਪ੍ਰਕਾਸ਼ ਨੂੰ ਸੀਮਤ ਕਰਨਾ ਸਿੱਖੀ ਦੀ ਰੂਹ 'ਤੇ ਹਮਲਾ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਦਖ਼ਲਅੰਦਾਜ਼ੀ ਵਿਰੁੱਧ ਡਟ ਕੇ ਵਿਰੋਧ ਕਰੇ ਅਤੇ ਅਜਿਹੀ ਨੀਤੀ ਬਣਾਏ ਜਿਸ ਨਾਲ ਮਰਿਆਦਾ ਵੀ ਬਣੀ ਰਹੇ ਅਤੇ ਗੁਰੂ ਦਾ ਸੰਦੇਸ਼ ਵੀ ਘਰ-ਘਰ ਪਹੁੰਚੇ।

ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਹਿਮ ਸੰਸਥਾ ਹੈ, ਜਿਸ ਦਾ ਕੰਮ ਪੰਥ ਨੂੰ ਸੇਧ ਦੇਣਾ ਹੈ। ਜੇਕਰ 'ਸਤਿਕਾਰ ਐਕਟ 2026' ਰਾਹੀਂ ਸਰਕਾਰ ਸਿੱਖਾਂ ਦੇ ਅੰਦਰੂਨੀ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇ ਰਹੀ ਹੈ ਤਾਂ ਜਥੇਦਾਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਤੋਂ ਸਪੱਸ਼ਟੀਕਰਨ ਮੰਗਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਇਸ ਕਾਨੂੰਨ ਨੂੰ ਚੁਣੌਤੀ ਕਿਉਂ ਨਹੀਂ ਦਿੱਤੀ। ਗੁਰ ਸਾਹਿਬ ਦੀਆਂ ਬੀੜਾਂ ਦੀ ਸੇਵਾ 'ਤੇ ਰੋਕ ਲਗਾਉਣਾ ਗੁਰੂ ਸੰਦੇਸ਼ ਨੂੰ ਰੋਕਣ ਵਰਗਾ ਹੈ। ਜਥੇਦਾਰ ਸਾਹਿਬ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮਰਿਆਦਾ ਦੇ ਨਾਮ 'ਤੇ ਬੇਅਦਬੀ ਦੇ ਭੈਅ ਤਹਿਤ ਪਾਬੰਦੀਆਂ ਨਾ ਲਗਾਈਆਂ ਜਾਣ। ਜਦੋਂ ਪ੍ਰਬੰਧਕੀ ਢਾਂਚਾ ਫ਼ੇਲ੍ਹ ਹੋ ਰਿਹਾ ਹੈ ਤਾਂ ਅਕਾਲ ਤਖ਼ਤ ਨੂੰ ਇੱਕ ਨਿਰਪੱਖ ਪੰਥਕ ਕਮੇਟੀ ਬਣਾ ਕੇ ਇਸ ਡਿਜੀਟਲ ਨੀਤੀ ਦੀ ਪਾਰਦਰਸ਼ਤਾ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਤੇ ਅਜਿਹੀ ਨੀਤੀ ਘੜਨੀ ਚਾਹੀਦੀ ਹੈ ਕਿ ਬੇਅਦਬੀਆਂ ਦਾ ਹਊਆ ਖਤਮ ਹੋਵੇ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲੋਕਾਂ ਲਈ ਚਾਨਣ ਬਣੇ।

ਅਕਾਲ ਤਖ਼ਤ ਸਾਹਿਬ ਨੂੰ ਇਸ ਸਰਕਾਰੀ ਕਾਨੂੰਨ (2026 ਐਕਟ) ਦੀ ਸੁਤੰਤਰ ਸਮੀਖਿਆ ਕਰਵਾਉਣੀ ਚਾਹੀਦੀ ਹੈ। ਜਥੇਦਾਰ ਸ਼੍ਰੋਮਣੀ ਕਮੇਟੀ ਡਿਜੀਟਲ ਨੀਤੀ ਨੂੰ 'ਡਰਾਉਣ' ਵਾਲੀ ਬਣਾਉਣ ਤੋਂ ਰੋਕਣ ਤੇ ਸਿੱਖ ਸੰਗਤਾਂ ਲਈ 'ਸੁਖਾਲੀ' ਬਣਵਾਉਣ। ਪ੍ਰਵਾਸੀ ਸਿੱਖ ਆਪਣੀ ਆਰਥਿਕ ਅਤੇ ਸਿਆਸੀ ਸ਼ਕਤੀ ਦੀ ਵਰਤੋਂ ਕਰਕੇ ਸ਼੍ਰੋਮਣੀ ਕਮੇਟੀ 'ਤੇ ਦਬਾਅ ਪਾਉਣ ਜਾਂ ਆਪਣਾ ਮਰਿਆਦਾ-ਬੱਧ ਛਪਾਈ ਪ੍ਰਬੰਧ ਖੜ੍ਹਾ ਕਰਨ। ਜੇ ਅੱਜ ਸਿੱਖਾਂ ਨੇ ਆਪਣੀ ਸੰਸਥਾ ਨੂੰ ਸਰਕਾਰੀ ਦਖ਼ਲ ਤੋਂ ਮੁਕਤ ਨਾ ਕਰਵਾਇਆ ਤਾਂ ਭਵਿੱਖ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਲਈ ਵੀ ਸਰਕਾਰੀ 'ਲਾਇਸੈਂਸ' ਦੀ ਲੋੜ ਪੈ ਸਕਦੀ ਹੈ, ਜੋ ਸਿੱਖੀ ਸਿਧਾਂਤਾਂ ਦੇ ਬਿਲਕੁਲ ਉਲਟ ਹੋਵੇਗਾ। ਇਹ ਉਸ ਵਾਂਗ ਹੈ ਜਿਵੇਂ ਇੱਕ ਆਜ਼ਾਦ ਬਾਜ਼ ਨੂੰ ਪਿੰਜਰੇ ਵਿੱਚ ਬੰਦ ਕਰ ਦਿੱਤਾ ਜਾਵੇ ਅਤੇ ਫ਼ਿਰ ਉਸ ਨੂੰ 'ਸੁਰੱਖਿਆ' ਕਿਹਾ ਜਾਵੇ। ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਤੋਂ ਲੈ ਕੇ ਪ੍ਰਵਾਸੀ ਖ਼ਾਲਸਾ ਜੀ ਤੱਕ — ਸਭ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

## ਪੁਸਤਕ-ਸਮੀਖਿਆ

# ਕਾਵਿ-ਕ੍ਰਿਸ਼ਮਾ

### ਕਮਲ ਬੰਗਾ ਸੈਕਰਾਮੈਂਟੋ ਦਾ ਅਠਾਰਵਾਂ ਅਜੂਬਾ



ਸਮੀਖਿਅਕ
ਪ੍ਰਮਿੰਦਰ ਸਿੰਘ ਪ੍ਰਵਾਨਾ

ਪੰਜਾਬੀ ਦੁਨੀਆਂ ਦੇ ਕਈ ਮੁਲਕਾਂ ਵਿੱਚ ਜਾ ਵਸੇ ਹਨ। ਇੰਨ੍ਹਾਂ ਵਿਦੇਸ਼ਾਂ ਵਿੱਚ ਵਪਾਰਕ ਖੇਤਰ ਵਿੱਚ ਆਪਣੇ ਪੈਰ ਜਮਾਏ ਹਨ। ਉਚੇਰੀ ਸਿੱਖਿਆ ਹਾਸਲ ਕਰਕੇ, ਚੰਗੇ ਅਹੁਦੇ ਪ੍ਰਾਪਤ ਕਰਕੇ ਨਾਮਣਾ ਖੱਟਿਆ। ਰਾਜਸੀ ਪਦਵੀਆਂ ਹਾਸਲ ਕੀਤਿਆਂ। ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਤੇ ਪੰਜਾਬੀਅਤ ਨੂੰ ਔਕੜਾਂ, ਤੰਗੀ-ਤੁਰਸ਼ੀਆਂ ਵਿੱਚ ਹੁੰਦੇ ਹੋਏ ਵੀ ਮਨੋਂ ਨਹੀ ਵਿਸਾਰਿਆ। ਸਾਹਿਤਕ, ਸਭਿਆਚਾਰਕ ਤੇ ਸਮਾਜ ਸੇਵੀ ਸੰਸਥਾਵਾਂ ਵੀ ਬਣਾਈਆਂ। ਸਿੱਖ ਸਭਿਆਚਾਰ ਦੇ ਪ੍ਰਚਾਰ ਅਤੇ ਪਾਸਾਰ ਲਈ ਗੁਰਦੁਆਰਿਆਂ ਵਿੱਚ ਸਿੱਖ ਮਰਿਆਦਾ ਦੀ ਪਛਾਣ ਕਾਇਮ ਰੱਖੀ। ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਵਿੱਚ ਪੁਸਤਕਾਂ ਲਿਖਕੇ ਇੱਕ ਵੱਖਰੇ ਖੇਤਰ ਨੂੰ ਹੋਂਦ ਵਿੱਚ ਲਿਆਂਦਾ। ਵਿਦੇਸ਼ਾਂ ਵਿੱਚ ਲੇਖਕਾਂ ਨੇ ਚੰਗਾ ਸਾਹਿਤ ਸਿਰਜਕੇ ਨਾਮਣਾ ਖੱਟਿਆ। ਆਪਣੇ ਵਿਰਸੇ, ਵਿਰਾਸਤ, ਸਭਿਆਚਾਰ ਤੇ ਆਪਣੀ ਮਿੱਟੀ ਨਾਲ ਜੁੜੇ ਰਹਿਣਾ ਇੱਕ ਚੰਗੇ ਇਨਸਾਨ ਦੇ ਗੁਣ ਹਨ। ਮਾਨਵੀ ਕਦਰਾਂ ਕੀਮਤਾਂ ਨੂੰ ਸਾਹਿਤ ਰਾਹੀਂ ਹੁਲਾਰਾ ਮਿਲਦਾ ਹੈ। ਕਵਿਤਾ ਨੇ ਮਨੁੱਖ ਨੂੰ ਸੂਖਮ ਸੰਵੇਦਨਾ ਰਾਹੀਂ ਜਾਗਰਿਤ ਕੀਤਾ ਹੈ। ਇਸ ਪ੍ਰਸੰਗ ਵਿੱਚ ਕਮਲ ਬੰਗਾ ਸੈਕਰਾਮੈਂਟੋ ਦਾ ਨਾਂ ਬੜਾ ਆਦਰਯੋਗ ਹੈ। ਜਿਸਨੇ ਆਪਣੀ ਕ੍ਰਿਤ ਕਰਦਿਆਂ, ਮਾਂ-ਬੋਲੀ ਪੰਜਾਬੀ ਨਾਲ ਸਾਂਝ, ਸਨੇਹ ਤੇ ਮੁਹੱਬਤ ਬਣਾਈ ਰੱਖੀ ਹੈ।

ਜੇਕਰ ਉਸਦੀ ਪੁਸਤਕ ਦੀ ਸਮੀਖਿਆ ਦੀ ਗੱਲ ਕਰੀਏ ਤਾਂ ਵਿਮੋਚਨ ਲਈ ਉਸਦੇ ਵਸਤੂ ਅਤੇ ਸ਼ੈਲੀ ਬਾਰੇ ਚਰਚਾ ਕਰਾਂਗੇ। ਵਸਤੂ ਆਪਣੀ ਸ਼ੈਲੀ ਆਪ ਲੈਕੇ ਆਉਂਦੀਹੈ। ਸ਼ੈਲੀ ਹੀ ਮਨੁੱਖ ਹੈ, ਵਸਤੂ ਕਾਵਿ ਦੀ ਆਤਮਾ ਹੈ। ਸ਼ੈਲੀ ਕਵੀ ਦੀ ਸਿਰਜਾਨਤਮਿਕ ਕਲਾ ਹੈ। ਜਿੰਨਾ ਕੋਈ ਆਪਣੀ ਕਲਾ ਵਿੱਚ ਨਿਪੁੰਨ ਹੋਵੇਗਾ, ਉਨੀ ਹੀ ਉਸਦੀ ਪਛਾਣ ਨਿਵੇਕਲੀ ਹੋਵੇਗੀ। ਬੰਗਾ, ਜਿਵੇਂ ਸਿਰਜਣਾ ਵਿੱਚ ਗੰਭੀਰ ਹੁੰਦਾ ਗਿਆ, ਉਨਾਂ ਹੀ ਉਸਦਾ ਅਨੁਭਵ ਵਿਸ਼ਾਲ ਹੁੰਦਾ ਗਿਆ। ਉਸਨੇ ਪੁਸਤਕ 'ਕਾਵਿ-ਕ੍ਰਿਸ਼ਮਾ' ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।




ਬੰਗਾ ਮਾਂ-ਬੋਲੀ ਅਤੇ ਸਭਿਆਚਾਰ ਦਾ ਕੁਲਵਕਤੀ ਵਚਨਬੱਧ ਕਵੀ ਹੈ। ਉਹ ਯੋਗ ਪ੍ਰਬੰਧਕ, ਸੰਚਾਲਕ ਤੇ ਵਧੀਆ ਬੁਲਾਰਾ ਹੈ। ਉਹ ਛਪਿਆ ਬਹੁਤ ਹੈ,ਅਤੇ ਰੇਡੀਓ, ਅਖਬਾਰਾਂ ਨਾਲ ਜੁੜਿਆ ਹੋਣ ਕਰਕੇ ਦੇਸ਼- ਵਿਦੇਸ਼ 'ਚ, ਲੋਕ ਉਸਨੂੰ ਪਛਾਣਦੇ ਹਨ। ਉਸਦਾ ਕਾਵਿ ਨਿਰਮਲ ਜਲ ਵਾਂਗ ਵਹਿੰਦਾ ਹੈ। ਜੀਵਨ ਦੀਆਂ ਕਈ ਪਰਤਾਂ ਫਰੋਲਦਾ ਹੈ।

ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ। ਇਨਸਾਨੀਅਤ ਦਾ ਹੋਕਾ ਦਿੰਦਾ ਹੈ। ਉਸਦੀ ਰਚਨਾ ਵਿੱਚ ਜ਼ਿੰਦਗੀ ਦੇ ਨਕਸ਼ ਝਲਕਦੇ ਹਨ। ਵਿਦੇਸ਼ਾਂ ਵਿੱਚ ਵਿਚਰਦੇ ਉਸਦੇ ਜੁਸੇ ਅਤੇ ਮਨ 'ਤੇ ਹੰਢਾਏ ਪਲਾਂ ਦੀ ਪੀੜ ਟਸਕਦੀ ਹੈ। ਉਸਦੀ ਰਚਨਾ ਵਿੱਚ ਮਾਨਵੀ ਦੁਖਾਂ ਦੀ ਚੀਸ ਹੈ। ਸਮਾਜਿਕ ਸਰੋਕਾਰਾਂ ਦਾ ਫਿਕਰ ਹੈ। ਪਦਾਰਥਵਾਦੀ ਯੁਗ ਵਿੱਚ ਰਿਸ਼ਤਿਆਂ ਦੇ ਗੁਆਚਣ ਦਾ ਵਿਗੋਚਾ ਹੈ। ਮਨੁੱਖ ਦੀ ਗੁਆਚ ਰਹੀ ਪਛਾਣ ਦਾ ਝੋਰਾ ਹੈ। ਸੁੱਚੇ ਵਿਚਾਰਾਂ ਦੀ ਕਸ਼ੀਦਗੀ, ਜੋ ਸਮਾਜ ਦਾ ਸੁੱਖ ਮੰਗਦੀ ਹੈ। ਰੋਸ਼ਨ ਸਵੇਰਿਆਂ ਲਈ ਅਰਦਾਸ ਹੈ। ਸਿੱਧੇ-ਸਾਦੇ ਇਨਸਾਨ ਦੀ ਕਲਿਆਣਕਾਰੀ ਕਵਿਤਾ ਹੈ। ਨਿੱਕੀਆਂ ਨਿੱਕੀਆਂ ਸੋਚਾਂ ਦੇ ਸ਼ੇਅਰਾਂ ਵਿੱਚ ਨਿੱਜ ਤੋਂ ਸਾਂਝੀਵਾਲਤਾ ਤੱਕ ਬਿਰਤਾਂਤ ਹੈ,ਜੋ ਇੱਕੋ ਬੁੱਕਲ ਵਿੱਚ ਲੈ ਲਏ ਹਨ। ਜੀਵਨ ਦੀ ਹਕੀਕਤ ਦੀ ਕਹਾਣੀ ਨੂੰ ਇੱਕ ਪਲ ਵਿੱਚ ਕਹਿ ਦਿੱਤਾ ਹੈ। ਇਸ ਲਈ ਯਥਾਰਥ ਦੇ ਹਾਲਾਤ ਤੋਂ ਉਪਜਿਆ ਅਨੁਭਵੀ ਸੀਮਾਵਾਂ ਵਿੱਚ ਪਸਰਿਆ ਸੱਚ ਹੈ।

ਸਾਦੀ ਸ਼ੈਲੀ, ਮੁਹਾਵਰੇਦਾਰ ਬੋਲੀ ਅਤੇ ਅਲੰਕਾਰ ਵਰਤੇ ਹਨ, ਜਿਵੇਂ ਰੁੱਖ, ਪੰਛੀ, ਫੁੱਲ, ਦਰੱਖਤ, ਸ਼ਮਾਂ, ਬੁੱਤ, ਬੁਤਘਾੜੇ, ਲੱਕੜਹਾਰੇ, ਜੁਗਨੂੰ, ਚੰਦ, ਸੂਰਜ, ਤਾਰੇ, ਮੋਰ ਆਦਿ। ਪੰਜਾਬੀ ਮਾਂ ਬੋਲੀ ਦੀ ਉਪਯੋਗਤਾ ਬਾਰੇ ਕਹਿੰਦਾ ਹੈ:

ਮਾਂ-ਬੋਲੀ ਵਿਰਸੇ ਨੂੰ ਅਬਾਦ ਰੱਖਦੀ ਹੈ।
ਕਿਓਂਕਿ ਇਸਦਾ ਪ੍ਰਛਾਵਾਂ ਰੋਮ-ਰੋਮ 'ਚ ਰਹਿੰਦਾ ਹੈ।

ਪੰਜਾਬੀ ਸਭਿਆਚਾਰ ਵਿੱਚ ਆ ਰਹੇ ਨਿਘਾਰ ਦਾ ਝੋਰਾ ਹੈ।

ਪੰਜਾਬ 'ਚ, ਵਧੀਆ ਤੋਂ ਵਧੀਆ ਸਿੰਗਰ ਨੇ
ਪਰ ਗੀਤਾਂ 'ਚ, ਨਾਂਅ ਦਰਦ 'ਤੇ ਨਾਂਅ ਦਵਾਈ ਹੈ।

ਸਮਾਜਿਕ ਅਤੇ ਪ੍ਰਵਾਰਕ ਰਿਸ਼ਤਿਆਂ ਵਿੱਚ ਗਿਰਾਵਟ ਹੈ,ਕਵੀ ਇਸ ਤੇ ਗੁੱਝਾ ਵਿਅੰਗ ਕਰਦਾ ਹੈ।

ਨਾਗਾਂ ਦੇ ਡੰਗ ਤਾਂ ਸਭ ਨੂੰ ਦਿਸ ਪੈਂਦੇ ਪਰ,
ਸਬੂਤ ਨਹੀਂ ਹੁੰਦੇ ਸ਼ਰੀਕਾਂ ਦੇ ਡੰਗਾਂ ਦੇ।

ਪਿਆਰ ਵਪਾਰ ਨਹੀਂ ਹੈ, ਮੁਹੱਬਤ ਕਰਨ ਵਾਲਿਆਂ ਲਈ ਸੁਨੇਹਾ:

ਜਦ ਪਿਆਰ ਦੀ ਤੱਕੜੀ 'ਚ, ਦਿਲ ਤੋਲੀਦੇ।
ਵੱਟਿਆਂ ਨਾਲ ਨਹੀ, ਫੁੱਲਾਂ ਨਾਲ ਤੋਲੀਦੇ ।

ਨਿਆਂ- ਪ੍ਰਣਾਲੀ 'ਤੇ ਉਂਗਲ ਚੁੱਕੀ ਹੈ:

ਚੋਰ-ਉਚੱਕੇ ਤੇ ਜ਼ੁਲਮ ਵਧੀ ਜਾਂਦੇ ਨੇ।
ਸਰਕਾਰੀ ਵਕੀਲਾਂ ਕਰਕੇ ਵੀ ਸਜ਼ਾ ਘੱਟ ਗਈ।

ਜੇ ਜਨਤਾ ਚਾਹੇ ਤਾਂ ਕੁਰਸੀ ਤੋਂ ਲਾਹ ਵੀ ਦਿੰਦੀ ਹੈ:

ਚਾਹੇ ਕੁਰਸੀ ਵਾਲਾ ਮੰਨਦਾ ਨਹੀਂ,
ਕਦੇ ਕੁਰਸੀ ਤੋਂ ਲਾਹੁਣ ਵਾਲੇ ਦੀ ਪੁੱਗ ਜਾਂਦੀ ਹੈ।

ਅੰਤਰਰਾਸ਼ਟਰੀ ਰਾਜਨੀਤੀ ਵਿੱਚ ਵੀ ਵੱਡੀਆਂ ਸ਼ਕਤੀਆਂ ਦਾ ਜ਼ੋਰ ਹੈ।

ਯੂ ਐਨ ਓ ਵੀ ਤਾਂ ਰਬੜ ਸਟੈਂਪ ਹੈ ।
ਉਥੇ ਵੀ ਤਾਂ ਗਰੀਬ ਦੇਸ਼ਾਂ ਨੂੰ ਖੁੱਡੇ ਲਾਇਆ ਹੈ।

ਰਾਜਨੀਤਕ-ਅਨਿਆਂ ਵੇਲੇ ਜਨਤਾ ਨੂੰ ਜਾਗਰਿਤੀ ਦੀ ਆਸ ਦੇਣ ਵਾਲੇ ਲੋਕ ਵੀ ਹੋਏ ਹਨ:

ਮੰਡੇਲਾ ਨੇ ਪੱਚੀ ਸਾਲ ਜੇਲ ਕੱਟੀ ਸੀ।
ਉਹਨੇ ਲਿਖਿਆ ਕਿ ਆਸ ਗੁਲਾਮ ਨਹੀਂ ਹੁੰਦੀ।

ਵਿਦੇਸ਼ੀ ਸਭਿਅਤਾ ਅਤੇ ਸਭਿਆਚਾਰ ਦਾ ਪਦਾਰਥਵਾਦੀ ਦਸਤੂਰ:

ਇ੍ਹਨਾਂ ਦੇਸ਼ਾਂ ਵਿੱਚ ਕਿਸੇ ਕੋਲ ਵਕਤ ਨਹੀਂ।
ਏਸੇ ਕਰਕੇ, ਕਰਦਾ ਕੋਈ ਭਾਲ ਨਹੀਂ।
ਜਾਂ
ਏਥੇ ਜੀਵਨ ਦਾ ਰੰਗ-ਢੰਗ ਵਖਰਾ 'ਕਮਲ',
ਕੋਈ ਵੀ ਕਿਸੇ ਦੀ ਕਰਦਾ, ਪੁਛ ਪੜਤਾਲ ਨਹੀਂ।

ਵਤਨ ਤਬਦੀਲ ਕਰਨ ਵਾਲਿਆਂ ਦਾ ਦੋਸ਼ ਹੈ:

ਯਾਰੋ ਕੋਈ ਪਿੰਡ ਗੁਆਚਦਾ ਨਹੀਂ ਪਰ,
ਪਿੰਡ ਛੱਡਣ ਵਾਲੇ ਦਾ ਹੀ ਦੋਸ਼ ਹੁੰਦਾ ਹੈ।

ਬੰਗਾ ਜੀ ਦੇ ਕਹਿਣ ਅਨੁਸਾਰ ਉਸਨੇ ਪੈਂਤੀ ਮੁਲਕਾਂ ਦਾ ਭ੍ਰਮਣ ਕੀਤਾ ਹੈ। ਉਸਨੇ ਦੇਸ਼ ਵਿਦੇਸ਼ ਦੇ ਦੋ ਧਰਾਤਲਾਂ ਨਾਲ ਜੁੜਕੇ ਵੀ ਆਪਣੇ ਪਿਛੋਕੜ ਨੂੰ ਨਾਲ ਰੱਖਿਆ ਹੈ।

ਕਮਲ ਵੀ ਵਰਤਦਾ ਦੋ ਤਖੱਲਸ, ਬੰਗਾ ਅਤੇ ਸੈਕਰਾਮੈਂਟੋ।
ਕਿਓਂ ਕਿ ਇੰਨਾ ਵਿੱਚ ਪੂਰਬ ਤੇ ਪੱਛਮੀ ਪਹਿਚਾਣ ਦੀ ਗੱਲ।

ਉਹ ਦੇਸ਼-ਵਿਦੇਸ਼ ਦੇ ਸੰਘਰਸ਼ ਕਰਦਿਆਂ ਵੀ ਸਤੁੰਸ਼ਟ ਹੈ। ਰੱਬ ਤੇ ਵਿਸ਼ਵਾਸ਼ ਹੈ।

ਜੋ ਰੱਬ ਨੇ ਕੀਤਾ, ਉਸਨੇ ਚੰਗਾ ਕੀਤਾ 'ਕਮਲ',
ਦੇਸ਼, ਘਰ-ਬਾਰ ਤੇ ਪਰਿਵਾਰ ਵਧੀਆ ਹੈ 'ਕਮਲ '।

ਪਰਿਵਾਰ ਵਿੱਚ ਇਤਫਾਕ ਹੈ। ਖੁਸ਼ਹਾਲ ਪਰਿਵਾਰ ਹੈ। ਟੱਬਰ ਵਿੱਚ ਇੱਕ ਦੂਜੇ ਦੀ ਕਦਰ ਹੈ।

ਮਾਂ-ਪਿਓ ਦੀ ਖੁਸ਼ਹਾਲੀ, ਬੱਚੇ ਹੀ ਹੁੰਦੇ ਨੇ,
ਤੇ ਮਾਂ-ਪਿਓ ਨੂੰ ਬੱਚਿਆਂ ਦੀ ਕਿਰਤ ਦਿਸਦੀ ਹੁੰਦੀ।

(ਬਾਕੀ ਸਫ਼ਾ 26 'ਤੇ)

# ਗੁਰੂ ਗ੍ਰੰਥ ਸਾਹਿਬ ਪ੍ਰਥਾਏ, ਅਕਾਲ ਤਖ਼ਤ ਸਾਹਿਬ ਦੀ ਸਲਾਹ ਅਤੇ ਮਨਜ਼ੂਰੀ ਤੋਂ ਬਿਨਾਂ ਕੋਈ ਕਾਨੂੰਨ ਪੰਥ ਨੂੰ ਪ੍ਰਵਾਨ ਨਹੀਂ: ਦਲ ਖ਼ਾਲਸਾ

ਅੰਮ੍ਰਿਤਸਰ/ਏ.ਟੀ.ਨਿਊਜ਼: ਦਲ ਖ਼ਾਲਸਾ ਨੇ ਖ਼ਾਲਸਾ ਪੰਥ ਦੀ ਸਰਵਉੱਚ ਅਥਾਰਟੀ ਅਕਾਲ ਤਖ਼ਤ ਸਾਹਿਬ ਨੂੰ ਦਰਕਿਨਾਰ ਅਤੇ ਨਜ਼ਰਅੰਦਾਜ਼ ਕਰਕੇ, ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਅਪਮਾਨ ਦੀ ਰੋਕਥਾਮ ਲਈ ਪੰਜਾਬ ਸਰਕਾਰ ਵੱਲੋਂ ਕਾਨੂੰਨ ਬਣਾਉਣ ’ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ।

ਜਥੇਬੰਦੀ ਦੇ ਆਗੂ, ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕਿਸੇ ਕਾਨੂੰਨੀ ਬੰਧਨਾਂ ਵਿੱਚ ਬਨਣ ਦੇ ਵਿਰੋਧ ਵਿੱਚ ਹਨ। ਉਹਨਾਂ ਦਾ ਕਹਿਣਾ ਹੈ ਕਿ ਕਾਨੂੰਨ ਦਾ ਦਾਇਰਾ ਅਤੇ ਕੰਮ ਕੇਵਲ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਤੱਕ ਮਹਿਦੂਦ ਹੋਣਾ ਚਾਹੀਦਾ ਹੈ। ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਦਲ ਖ਼ਾਲਸਾ ਨੇ ਸਪੱਸ਼ਟ ਲਕੀਰ ਖਿੱਚਦਿਆਂ ਕਿਹਾ ਗਿਆ ਕਿ ਸਿੱਖ ਧਰਮ, ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨਾਲ ਸਬੰਧਤ ਕੋਈ ਵਿਸ਼ੇਸ਼ ਕਾਨੂੰਨ, ਅਕਾਲ ਤਖ਼ਤ ਸਾਹਿਬ ਦੀ ਮਨਜ਼ੂਰੀ ਅਤੇ ਸਲਾਹ-ਮਸ਼ਵਰੇ ਤੋਂ ਬਿਨਾਂ ਕਿਸੇ ਸਰਕਾਰ ਚਾਹੇ ਕੇਂਦਰ ਦੀ ਹੋਵੇ ਜਾਂ ਸੂਬੇ ਦੀ, ਵੱਲੋਂ ਬਣਾਇਆ ਜਾਣਾ, ਸਿੱਖ ਪੰਥ ਨੂੰ ਪ੍ਰਵਾਨ ਨਹੀਂ ਹੈ ਅਤੇ ਨਾ ਹੋਵੇਗਾ।

ਦਲ ਖ਼ਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ, ‘ਪੰਥ ਸਿੱਖ ਸਿਧਾਂਤ, ਮਰਿਆਦਾ ਅਤੇ ਧਰਮਿਕ ਅਕੀਦਿਆਂ ਨਾਲ ਜੁੜੇ ਮਾਮਲਿਆਂ ’ਤੇ ਇਕਪਾਸੜ ਕਾਨੂੰਨ ਬਣਾਉਣ ਦੀ ਸਟੇਟ ਦੀ ਕਿਸੇ ਵੀ



ਕੋਸ਼ਿਸ਼ ਨੂੰ ਸਪੱਸ਼ਟ ਤੌਰ ’ਤੇ ਰੱਦ ਕਰਦਾ ਹੈ। ਉਨ੍ਹਾਂ ਨੇ ਸਪੱਸ਼ਟ ਤੌਰ ’ਤੇ ਪੁੱਛਿਆ, ‘ਕੋਈ ਵੀ ਸਰਕਾਰ ਪੰਥ ਨਾਲ ਸਲਾਹ ਕੀਤੇ ਬਿਨਾਂ ਸਿੱਖਾਂ ਲਈ ਸਿੱਖਾਂ ਬਾਰੇ ਕਾਨੂੰਨ ਕਿਵੇਂ ਬਣਾ ਸਕਦੀ ਹੈ ?’

ਸਖ਼ਤ ਰੁਖ਼ ਅਪਣਾਉਂਦੇ ਹੋਏ, ਦਲ ਖ਼ਾਲਸਾ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਉਹ 8 ਮਈ ਨੂੰ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ’ਤੇ ਖ਼ਾਲਸਾ ਪੰਥ ਦੀ ਸਮੂਹਿਕ ਇੱਛਾ ਨੂੰ ਦ੍ਰਿੜਤਾ ਨਾਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅੱਗੇ ਰੱਖਣ। ਉਹਨਾਂ ਕਿਹਾ ਕਿ ਸਰਕਾਰ ਨੂੰ ਸੁਨੇਹਾ ਸਪੱਸ਼ਟ ਹੋਣਾ ਚਾਹੀਦਾ ਹੈ: ਸਿੱਖ ਧਾਰਮਿਕ ਮਾਮਲਿਆਂ ’ਤੇ ਜਾਇਜ਼ਤਾ ਪੰਥ ਤੋਂ ਆਉਂਦੀ ਹੈ, ਵਿਧਾਨਕ ਹੁਕਮ ਤੋਂ ਨਹੀਂ।ਉਹਨਾਂ ਕਿਹਾ ਕਿ ਜੇਕਰ ਸਰਕਾਰ ਅਜੇ ਵੀ ਨਹੀਂ ਸੁਣਦੀ, ਤਾਂ ਪੰਥਕ ਸੰਸਥਾਵਾਂ ਸਿਧਾਂਤਕ ਅਤੇ ਅਮਲੀ ਤੌਰ ’ਤੇ, ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰਨਗੀਆਂ।

ਉਹਨਾਂ ਕਿਹਾ ਕਿ ਆਪ ਸਰਕਾਰ ਕੁਝ ਚੋਣਵੇਂ ਸਿੱਖਾਂ ਨੂੰ ਕਾਨੂੰਨ ਦੇ ਹੱਕ ਵਿੱਚ ਬਿਆਨਬਾਜ਼ੀ ਕਰਵਾ ਕੇ ਸਿੱਖਾਂ ਅੰਦਰ ਦੁਫੇੜ ਪਾਉਣ ਦੇ ਰਾਹ ਤੁਰੀ ਹੈ। ਉਹਨਾਂ ਮੰਨਿਆ ਕਿ ਸਿੱਖਾਂ ਅੰਦਰ ਇਸ ਮੁੱਦੇ ਤੇ ਵੱਖ ਵੱਖ ਰਾਵਾਂ ਹਨ ਪਰ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਅਤੇ ਸਰਵਉੱਚਤਾ ਤੋਂ ਕੋਈ ਵੀ ਸਿੱਖ ਆਕੀ ਨਹੀਂ ਹੈ ਅਤੇ ਨਾ ਹੀ ਕਿਸੇ ਹਕੂਮਤ ਨੂੰ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਅਤੇ ਅਕੀਦਿਆਂ ਨਾਲ ਖੇਡਣ ਦੀ ਇਜਾਜ਼ਤ ਦੇਣਗੇ।

ਕੈਨੇਡੀਅਨ ਸਿਕਿਉਰਟੀ ਇੰਟੈਲੀਜੈਂਸ ਸਰਵਿਸ 2025 ਦੀ ਸਾਲਾਨਾ ਰਿਪੋਰਟ ਉਤੇ ਪ੍ਰਤੀਕਿਰਿਆ ਦਿੰਦੇ ਹੋਏ, ਦਲ ਖ਼ਾਲਸਾ ਨੇ ਕਿਹਾ ਕਿ ਰਿਪੋਰਟ (ਬਾਕੀ ਸਫ਼ਾ 27 ’ਤੇ)

# ਪੰਜ ਪੰਥਕ ਜਥੇਬੰਦੀਆਂ ਨੇ ਦੁਨੀਆ ਦੇ ਮੁਲਕਾਂ ਨੂੰ ਖ਼ਾਲਿਸਤਾਨ ਨੂੰ ਮਾਨਤਾ ਦੇਣ ਲਈ ਗੁਹਾਰ ਲਗਾਈ

ਅੰਮ੍ਰਿਤਸਰ/ਏ.ਟੀ.ਨਿਊਜ਼: ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਅਕਾਲੀ ਦਲ (ਅੰਮ੍ਰਿਤਸਰ), ਦਲ ਖ਼ਾਲਸਾ, ਪੰਚ ਪ੍ਰਧਾਨੀ ਜਥਾ, ਅਕਾਲ ਫੈਡਰੇਸ਼ਨ, ਜਥੇਦਾਰ ਹਵਾਰਾ ਕਮੇਟੀ ਵੱਲੋਂ ਹਜ਼ਾਰਾਂ ਜਾਂਬਾਜ ਸਿੰਘਾਂ, ਬੀਬੀਆਂ ਤੇ ਭੁਝੰਗੀਆਂ ਦੀ ਸ਼ਹਾਦਤ, ਕੁਰਬਾਨੀ ਤੇ ਜੁਝਾਰੂ ਕਾਰਨਾਮਿਆਂ ਨੂੰ ਸਿਜਦਾ ਕਰਦੇ ਹੋਏ, ਪੰਜਾਬ ਦੀ ਸੁਤੰਤਰਤਾ ਅਤੇ ਪ੍ਰਭੂਸੱਤਾ ਦੀ ਪ੍ਰਾਪਤੀ ਲਈ ਮਿਥੇ ਰਾਜਸੀ ਨਿਸ਼ਾਨੇ ਖ਼ਾਲਿਸਤਾਨ ਲਈ ਲੜੇ ਜਾ ਰਹੇ ‘ਧਰਮ ਯੁੱਧ ’ ਪ੍ਰਤੀ ਆਪਣੀ ਵਚਨਬੱਧਤਾ ਮੁੜ ਦੁਹਰਾਈ ਗਈ।

ਸ੍ਰ. ਸਿਮਰਨਜੀਤ ਸਿੰਘ ਮਾਨ, ਕੰਵਰਪਾਲ ਸਿੰਘ, ਭਾਈ ਦਲਜੀਤ ਸਿੰਘ, ਨਰਾਇਣ ਸਿੰਘ ਦੀ ਅਗਵਾਈ ਹੇਠ ਪੰਜ ਜਥੇਬੰਦੀਆਂ ਨਾਲ ਜੁੜੇ ਸੈਂਕੜੇ ਕਾਰਜਕਰਤਾ ਹੱਥਾਂ ਵਿੱਚ ਖ਼ਾਲਿਸਤਾਨ ਦੇ ਪਰਚਮ ਫੜ ਕੇ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਮਾਰਚ ਕਰਕੇ ਦਰਬਾਰ ਸਾਹਿਬ ਪਹੁੰਚੇ ਜਿਥੇ ਉਹਨਾਂ ਅਕਾਲ ਤਖ਼ਤ ਸਾਹਿਬ ਵਿਖੇ ਸੱਚੇ ਪਾਤਿਸ਼ਾਹ ਪਾਸੋਂ ਧਰਮ ਯੁੱਧ ਦੇ ਮਾਰਗ ਉੱਤੇ ਚਲਣ ਲਈ ਸੋਝੀ-ਸਮਰਥਾ-ਸਿਰੜ ਅਤੇ ਏਕਤਾ-ਇਤਫਾਕ ਦੀ ਦਾਤ ਮੰਗੀ।

ਖ਼ਾਲਿਸਤਾਨ ਦੇ ਸੰਘਰਸ਼ ਵਿੱਚ ਯੋਗਦਾਨ ਪਾਉਣ ਵਾਲਿਆਂ ਨੂੰ ਯਾਦ





ਕਰਦਿਆਂ ਸਾਕਾ 1978 ਦੇ ਸਮੂਹ ਸ਼ਹੀਦਾਂ ਤੋਂ ਲੈ ਕੇ ਜੂਨ 1984 ਦੌਰਾਨ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਜੂਝ ਕੇ ਸ਼ਹਾਦਤ ਪਾਉਣ ਵਾਲੇ ਜੰਗਜੂਆਂ ਸਮੇਤ ਤੀਜੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਦੇ ਨਾਲ ਜੰਗ ਹਿੰਦ-ਪੰਜਾਬ ਵਿੱਚ ਜੂਝਦਿਆਂ ਅਤੇ ਝੂਠੇ ਮੁਕਾਬਲਿਆਂ ਵਿੱਚ ਪਾਈਆਂ ਸ਼ਹਾਦਤਾਂ, ਉਹਨਾਂ ਦੇ ਪਰਿਵਾਰਾਂ, ਠਹਿਰਾਂ ਦੇਣ ਵਾਲੇ, ਸਹਿਯੋਗੀ, ਹਮਦਰਦ ਬਜ਼ੁਰਗਾਂ, ਬੀਬੀਆਂ ਤੇ ਬੱਚਿਆਂ ਨੇ ਤਸ਼ੱਦਦ ਖ਼ਾਨਿਆਂ ਵਿੱਚ ਅਕਹਿ ਤੇ ਅਸਹਿ ਤਸ਼ੱਦਦ ਝੱਲਣ ਵਾਲਿਆਂ ਨੂੰ ਸਤਿਕਾਰ ਭੇਟ ਕੀਤਾ ਗਿਆ। ਦਹਾਕਿਆਂ ਤੋਂ ਨਜ਼ਰਬੰਦ ਸਮੂਹ ਜੰਗੀ ਕੈਦੀ ਸਿੰਘਾਂ-ਬੀਬੀਆਂ ਦੇ ਸਿਰੜ ਨੂੰ ਸਿਜਦਾ ਕਰਦਿਆਂ ਬੰਦੀ ਸਿੰਘਾਂ ਦੀ ਬੰਦ-ਖ਼ਲਾਸੀ ਤੇ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਣ ਦੀ ਵੀ ਅਰਦਾਸ ਕੀਤੀ ਗਈ। ਪਿਛਲੇ ਚਾਰ ਦਹਾਕਿਆਂ ਤੋਂ ਇਸ ਧਰਮ ਯੁੱਧ ਨੂੰ ਲੜ ਰਹੇ ਬੇਵਤਨੇ ਜੁਝਾਰੂ ਸਿਦਕੀਆਂ, ਅਤੇ ਦਸਵੰਧ ਰਾਹੀਂ ਯੋਗਦਾਨ ਪਾਉਣ ਵਾਲਿਆਂ ਨੂੰ ਸਤਿਕਾਰ ਭੇਟ ਕੀਤਾ ਗਿਆ।

29 ਅਪ੍ਰੈਲ 1986 ਦੇ ਖ਼ਾਲਿਸਤਾਨ ਐਲਾਨਨਾਮੇ ਦੇ ਬੁਨਿਆਦੀ ਮਾਨਤਾਵਾਂ ਅਤੇ ਇਕਰਾਰ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਕਿ ਖ਼ਾਲਿਸਤਾਨ ਦੀ ਨੀਤੀ ਗੁਰ-ਆਸ਼ੇ ਮੁਤਾਬਕ ‘ਸਰਬੱਤ ਦਾ ਭਲਾ’ ਮੰਗਣਾ, ਸਭਿਆਚਾਰਕ ਜੀਵਨ ਨੂੰ ਉਤਸ਼ਾਹਿਤ ਕਰਨਾ ਅਤੇ ਮਨੁੱਖੀ ਏਕਤਾ ਤੇ ਸਹਿਯੋਗ ਦੀ ਭਾਵਨਾ ਨੂੰ ਬੜ੍ਹਾਵਾ ਦੇਣਾ ਹੋਵੇਗਾ। ਅਸੀਂ ਕੋਈ ਉਥਲ-ਪੁਥਲ ਕਰਨ ਅਤੇ ਅਜਾਈਂ ਲਹੂ ਡੋਲ੍ਹਣ ਦੇ ਹੱਕ ਵਿੱਚ ਨਹੀਂ ਅਤੇ ਦੂਸਰਿਆਂ ਪਾਸੋਂ ਵੀ ਇਹੋ ਆਸ ਕਰਦੇ ਹਾਂ।

ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਅੱਜ-ਕੱਲ੍ਹ ਦੀ ਭਾਰਤ ਸਰਕਾਰ ਸ਼ੰਕਰਾ ਅਚਾਰੀਆ ਦੀ ਨੀਤੀ ’ਤੇ ਚੱਲਦਿਆਂ ਹੋਇਆਂ ਸਭ ਸਿਆਸੀ, ਸੱਭਿਆਚਾਰਕ, ਆਰਥਿਕ, ਪ੍ਰਬੰਧਕੀ ਅਤੇ ਫ਼ੌਜੀ ਸਾਧਨ ਵਰਤ ਕੇ ਸਿੱਖੀ ਅਤੇ ਸਿੱਖਾਂ ਦਾ ਭਾਰਤ ਵਿੱਚੋਂ ਖੁਰਾ-ਖੋਜ ਮਿਟਾਉਣ ’ਤੇ ਤੁਲੀ ਹੋਈ ਹੈ।

ਉਹਨਾਂ ਕਿਹਾ ਕਿ ਖ਼ਾਲਿਸਤਾਨ ਦਾ ਪੰਥਕ ਨਿਸ਼ਾਨਾ ਸਿਰਫ਼ ਹਥਿਆਰਬੰਦ ਜੁਝਾਰੂ ਜਥਿਆਂ ਦਾ ਹੀ ਨਹੀਂ ਸੀ ਬਲਕਿ ਸਿੱਖਾਂ ਦੀਆਂ ਜਨਤਕ ਤੇ ਰਾਜਸੀ ਜਥੇਬੰਦੀਆਂ ਨੇ ਵੀ 2 ਅਪ੍ਰੈਲ 1992 ਨੂੰ ਯੂ.ਐਨ. ਦੇ ਜਨਰਲ ਸਕੱਤਰ ਬੁਤਰਸ ਘਾਲੀ ਨੂੰ ਯਾਦ-ਪੱਤਰ ਦੇ ਕੇ ਇਸ ਮੰਗ ਅਤੇ ਇੱਛਾ ਦੀ ਪ੍ਰੋੜ੍ਹਤਾ ਕੀਤੀ ਸੀ।

ਕੰਵਰਪਾਲ ਸਿੰਘ ਨੇ ਕਿਹਾ ਕਿ ਸੰਘਰਸ਼ਸ਼ੀਲ ਸਿੱਖਾਂ ਦੀ ਸਾਂਝੀ ਘਾਲਣਾ ਦਾ ਹੀ ਨਤੀਜਾ ਹੈ ਕਿ ਭਾਰਤੀ ਸਟੇਟ ਵੱਲੋਂ ਸਾਡੇ ਧਰਮ ਯੁੱਧ ਨੂੰ ਦਬਾਉਣ ਦੇ ਯਤਨਾਂ ਨੂੰ ਸੰਸਾਰ ਭਰ ਵਿੱਚ ਵੱਖ-ਵੱਖ ਰੂਪਾਂ ਵਿੱਚ ਤਸਲੀਮ ਕੀਤਾ ਜਾ ਰਿਹਾ ਹੈ। ਜਿੱਥੇ ਕੈਨੇਡਾ ਦੀ ਪਾਰਲੀਮੈਂਟ ਨੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਪ੍ਰਥਾਏ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਹੈ, ਉਥੇ ਯੂ.ਐਨ. ਮਨੁੱਖੀ ਹੱਕ ਕੌਂਸਲ ਵਰਗੇ ਅੰਤਰਰਾਸ਼ਟਰੀ ਅਦਾਰੇ ਸਿੱਖਾਂ ਖ਼ਿਲਾਫ਼ ਬਿਪਰ ਇੰਡੀਆ ਵੱਲੋਂ ਵਿੱਢੀ ‘ਟਰਾਂਸਨੈਸ਼ਨਲ ਰਿਪਰੈਸ਼ਨ’ ਦੀ ਸਾਜ਼ਸ਼ ਦੀ ਸੰਸਾਰ ਪੱਧਰ ’ਤੇ ਨਿਸ਼ਾਨਦੇਹੀ ਕਰ ਰਹੇ ਹਨ। (ਬਾਕੀ ਸਫ਼ਾ 27 ’ਤੇ)

## ਜਨਗਣਨਾ ਦੌਰਾਨ ਪੰਜਾਬੀ ਆਪਣੀ ਮਾਤ-ਭਾਸ਼ਾ ਪੰਜਾਬੀ ਲਿਖਵਾਉਣ : ਪੀਰ ਮੁਹੰਮਦ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਸ੍ਰ. ਕਰਨੈਲ ਸਿੰਘ ਪੀਰ ਮੁਹੰਮਦ ਨੇ ਦੇਸ਼ ਵਿੱਚ ਹੋ ਰਹੀ ਮਰਦਮਸ਼ੁਮਾਰੀ (ਜਨਗਣਨਾ) ਦੇ ਮੱਦੇਨਜ਼ਰ ਸਮੂਹ ਪੰਜਾਬੀ ਜਗਤ ਅਤੇ ਸਿੱਖ ਕੌਮ ਨੂੰ ਇੱਕ ਬਹੁਤ ਹੀ ਅਹਿਮ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਜਨਗਣਨਾ ਸਾਡੀ ਧਾਰਮਿਕ ਅਤੇ ਭਾਸ਼ਾਈ ਹੋਂਦ ਨੂੰ ਸੰਵਿਧਾਨਕ ਤੌਰ ’ਤੇ ਮਜ਼ਬੂਤ ਕਰਨ ਦਾ ਵੱਡਾ ਮੌਕਾ ਹੈ।

ਸ੍ਰ. ਪੀਰ ਮੁਹੰਮਦ ਨੇ ਵਿਸ਼ੇਸ਼ ਤੌਰ ’ਤੇ ਕਿਹਾ ਕਿ ਸਮੂਹ ਸਿੰਘ ਅਤੇ ਕੌਰ ਆਪਣੀ ਧਾਰਮਿਕ ਪਛਾਣ ਪ੍ਰਤੀ ਸੁਚੇਤ ਰਹਿਣ। ਉਨ੍ਹਾਂ ਅਪੀਲ ਕੀਤੀ ਕਿ ਜਨਗਣਨਾ ਦੌਰਾਨ ਜਦੋਂ ਧਰਮ ਬਾਰੇ ਪੁੱਛਿਆ ਜਾਵੇ, ਤਾਂ ਹਰ ਸਿੱਖ ਪਰਿਵਾਰ ਇਹ ਯਕੀਨੀ ਬਣਾਏ ਕਿ ਉਨ੍ਹਾਂ ਦੇ ਧਰਮ ਦੇ ਖਾਨੇ ਵਿੱਚ ਸਪੱਸ਼ਟ ਤੌਰ ’ਤੇ ‘ਸਿੱਖ’ ਦਰਜ ਕੀਤਾ ਗਿਆ ਹੈ। ਇਹ ਸਾਡੀ ਗਿਣਤੀ ਅਤੇ



ਕੌਮੀ ਤਾਕਤ ਨੂੰ ਦਰਸਾਉਣ ਲਈ ਅਤਿ ਲੋੜੀਂਦਾ ਹੈ।

ਪਰਿਵਾਰ ਦੇ ਹਰ ਮੈਂਬਰ, ਚਾਹੇ ਉਹ ਨਵਜੰਮਿਆ ਬੱਚਾ ਹੋਵੇ ਜਾਂ ਬਜ਼ੁਰਗ, ਸਾਰਿਆਂ ਦਾ ਵੇਰਵਾ ਸਿੱਖ ਧਰਮ ਅਤੇ ਪੰਜਾਬੀ ਮਾਤ-ਭਾਸ਼ਾ ਵਜੋਂ ਹੀ ਦਰਜ ਹੋਣਾ ਚਾਹੀਦਾ ਹੈ।

ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਵਿਦਿਆਰਥੀ ਜਥੇਬੰਦੀਆਂ ਨੂੰ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੰਸਥਾਵਾਂ ਇਹ ਯਕੀਨੀ ਬਣਾਉਣ ਕਿ ਕੋਈ ਵੀ ਸਿੱਖ ਪਰਿਵਾਰ ਜਾਣਕਾਰੀ ਦੀ ਘਾਟ ਕਾਰਨ ਆਪਣੀ ਸਹੀ ਪਛਾਣ ਦਰਜ ਕਰਵਾਉਣ ਤੋਂ ਰਹਿ ਨਾ ਜਾਵੇ। (ਬਾਕੀ ਸਫ਼ਾ 27 ’ਤੇ)

## ਸਿੱਖਾਂ ਨੂੰ ਸੈਕਰਾਮੈਂਟੋ ਸਿਟੀ ਹਾਲ ਵਿੱਚ ਕਿਰਪਾਨ ਲਿਜਾਣ ਦੀ ਮਿਲੀ ਆਗਿਆ

ਸੈਕਰਾਮੈਂਟੋ/ਏ.ਟੀ.ਨਿਊਜ਼: ਸੈਕਰਾਮੈਂਟੋ ਸਿਟੀ ਹਾਲ ਦੇ ਅੰਦਰ ਧਾਰਮਿਕ ਸ਼ਸਤਰ (ਕਿਰਪਾਨ) ਲਿਜਾਣ ਦੀ ਇਜਾਜ਼ਤ ਦੇਣ ਵਾਲਾ ਇੱਕ ਨਵਾਂ ਕਾਨੂੰਨ ਪਿਛਲੇ ਦਿਨੀਂ ਲਾਗੂ ਹੋ ਗਿਆ ਹੈ। ਇਸ ਇਤਿਹਾਸਕ ਮੌਕੇ ’ਤੇ ਸਿੱਖ ਭਾਈਚਾਰੇ ਦੇ ਮੈਂਬਰ ਸਿਟੀ ਕੌਂਸਲ ਦੇ ਚੈਂਬਰ ਵਿੱਚ ਇਕੱਠੇ ਹੋਏ। ਸਿੱਖ ਧਰਮ ਵਿੱਚ ਰਸਮੀ ਮਾਨਤਾ ਵਜੋਂ ਪੰਜ ਕਕਾਰ ਧਾਰਨ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਇੱਕ ਕਿਰਪਾਨ ਹੈ।

ਇਸ ਤੋਂ ਪਹਿਲਾਂ ਸਿਟੀ ਹਾਲ ਵਿੱਚ ਹਰ ਤਰ੍ਹਾਂ ਦੇ ਹਥਿਆਰਾਂ ’ਤੇ ਪਾਬੰਦੀ ਹੋਣ ਕਾਰਨ ਕਿਰਪਾਨਧਾਰੀ ਸਿੱਖ ਸਿਟੀ ਹਾਲ ਦੇ ਅੰਦਰ ਦਾਖਲ ਨਹੀਂ ਹੋ ਸਕਦੇ ਸਨ ਅਤੇ ਨਾ ਹੀ ਸ਼ਹਿਰ ਦੀ ਸਰਕਾਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਸਨ। ਇਸ ਮੌਕੇ ਡਾਕਟਰ ਗੁਰਤੇਜ ਸਿੰਘ ਨੇ ਕਿਹਾ ਕਿ ਉਹ ਪਿਛਲੇ ਦੋ ਦਹਾਕਿਆਂ ਤੋਂ ਇਸ ਖੇਤਰ ਵਿੱਚ ਰਹਿ ਰਹੇ ਹਨ ਪਰ ਪਹਿਲੀ ਵਾਰ ਉਹ ਸਿਟੀ ਹਾਲ ਦੇ ਅੰਦਰ ਪੂਰਨ ਮਹਿਸੂਸ ਕਰਦੇ ਹੋਏ



ਦਾਖਲ ਹੋਏ ਹਨ।

**ਕਿਰਪਾਨ ਲਈ ਨਿਰਧਾਰਤ ਕੀਤੇ ਗਏ ਨਿਯਮ**

ਸਿਟੀ ਹਾਲ ਵਿੱਚ ਕਿਰਪਾਨ ਲਿਜਾਣ ਲਈ ਕੁਝ ਸ਼ਰਤਾਂ ਰੱਖੀਆਂ ਗਈਆਂ ਹਨ, ਜਿਨ੍ਹਾਂ ਅਨੁਸਾਰ ਕਿਰਪਾਨ ਦੀ ਲੰਬਾਈ 10 ਇੰਚ ਜਾਂ ਇਸ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਇਹ ਗਾਤਰੇ (ਮਿਆਨ) ਵਿੱਚ ਹੋਣੀ ਲਾਜ਼ਮੀ ਹੈ। ਕੌਂਸਲ ਮੈਂਬਰ ਕੈਟੀ ਮੇਪਲ, ਜਿਨ੍ਹਾਂ ਨੇ ਇਸ ਆਰਡੀਨੈਂਸ ਨੂੰ ਪਾਸ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ, ਨੇ ਕਿਹਾ ਕਿ ਇਹ ਸਿਰਫ਼ ਇੱਕ ਨੀਤੀ ਨਹੀਂ ਹੈ, ਸਗੋਂ ਇਹ ਸਤਿਕਾਰ ਅਤੇ ਸਾਰਿਆਂ ਨੂੰ ਸ਼ਾਮਲ ਕਰਨ ਦੀ ਭਾਵਨਾ ਬਾਰੇ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਕਿ ਹਰ ਕੋਈ ਸਾਡੇ ਨਾਗਰਿਕ ਸਥਾਨਾਂ ਵਿੱਚ ਆਪਣੀ ਪਛਾਣ ਨਾਲ ਪੂਰੀ ਤਰ੍ਹਾਂ ਮੌਜੂਦ ਰਹਿ ਸਕੇ। ਇਸ ਮੌਕੇ ਕਈ ਬੁਲਾਰਿਆਂ ਨੇ ਇਸ ਦਿਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਹੀ ਸਿਟੀ ਕੌਂਸਲ ਨੇ ਅਪਰੈਲ ਮਹੀਨੇ ਨੂੰ ‘ਸਿੱਖ ਵਿਰਾਸਤੀ ਮਹੀਨੇ’ ਵਜੋਂ ਮਾਨਤਾ ਦੇਣ ਦਾ ਮਤਾ ਵੀ ਪਾਸ ਕੀਤਾ।

## ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ’ਚੋਂ ਗ਼ਾਇਬ ਹੋਏ ਖ਼ਜ਼ਾਨੇ ਦਾ ਮੁੱਦਾ ਉਠਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਜੂਨ 1984 ਦੇ ਫ਼ੌਜੀ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਤੋਂ ਗਾਇਬ ਹੋਏ ਖ਼ਜ਼ਾਨੇ ਦਾ ਮੁੱਦਾ ਮੁੜ ਉਠਾਇਆ ਹੈ। ਉਨ੍ਹਾਂ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਰਕਾਰ ਇਸ ਸੰਵੇਦਨਸ਼ੀਲ ਮਾਮਲੇ ’ਤੇ ਆਪਣੀ ਸਥਿਤੀ ਸਪੱਸ਼ਟ ਕਰੇ। ਪੱਤਰ ਵਿੱਚ ਗਿਆਨੀ ਰਘਬੀਰ ਸਿੰਘ ਨੇ ਇਸ ਮਾਮਲੇ ਨੂੰ ਸਿੱਖ ਭਾਵਨਾਵਾਂ ਨਾਲ ਜੁੜਿਆ ਗੰਭੀਰ ਅਤੇ ਸੰਵੇਦਨਸ਼ੀਲ ਮੁੱਦਾ ਦੱਸਿਆ ਹੈ। ਉਨ੍ਹਾਂ ਯਾਦ ਦਿਵਾਇਆ ਕਿ ‘ਸਾਕਾ ਨੀਲਾ ਤਾਰਾ’ ਵੇਲੇ ਸ੍ਰੀ ਹਰਿਮੰਦਰ ਸਾਹਿਬ ਸਥਿਤ ਲਾਇਬ੍ਰੇਰੀ ’ਚੋਂ ਸੈਂਕੜੇ ਸਾਲ ਪੁਰਾਣੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਦੁਰਲੱਭ ਹੱਥ-ਲਿਖਤ ਖਰੜੇ, ਗੁਰੂ ਸਾਹਿਬਾਨ ਅਤੇ ਹੋਰ ਸਿੱਖ ਸ਼ਖ਼ਸੀਅਤਾਂ ਦੇ ਹੁਕਮਨਾਮੇ ਅਤੇ ਹੋਰ ਕਈ ਇਤਿਹਾਸਕ ਦਸਤਾਵੇਜ਼ ਜਾਂ ਤਾਂ ਗੁੰਮ ਹੋ ਗਏ ਸਨ ਜਾਂ ਫ਼ੌਜ ਵੱਲੋਂ ਜ਼ਬਤ ਕਰ ਲਏ ਗਏ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਸੌਖਾ ਨਹੀਂ ਹੈ ਪੰਜਾਬ ਨੂੰ ਜਿੱਤਣਾ

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚੋਂ ਤਿੰਨ ਰਾਜਾਂ ਵਿੱਚ ਮਿਲੀ ਸਫਲਤਾ ਖਾਸ ਕਰਕੇ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦਾ ਕਿਲਾ ਢਾਹੁਣ ਤੋਂ ਬਾਅਦ ਜਿੱਤ ਦੇ ਨਸ਼ੇ ਵਿੱਚ ਚੂਰ ਵੱਖ- ਵੱਖ ਭਾਜਪਾ ਆਗੂ ਦਾਅਵਾ ਕਰ ਰਹੇ ਹਨ ਕਿ ਭਾਜਪਾ ਦਾ ਅਗਲਾ ਨਿਸ਼ਾਨਾ ਪੰਜਾਬ ਹੈ ਅਤੇ ਪੰਜਾਬ ਵਿੱਚ ਵੀ ਭਾਜਪਾ ਜਲਦੀ ਹੀ ਆਪਣੀ ਸਰਕਾਰ ਬਣਾਏਗੀ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਕਹਿੰਦੇ ਹਨ ਕਿ ਪੰਜਾਬ ਨੂੰ ਡਬਲ ਇੰਜਣ ਸਰਕਾਰ ਦੀ ਲੋੜ ਹੈ ਅਤੇ ਪੰਜਾਬ ਵਿੱਚ ਭਾਜਪਾ ਜਲਦੀ ਹੀ ਸੱਤਾ ਪ੍ਰਾਪਤ ਕਰੇਗੀ। ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਕਹਿ ਰਹੇ ਹਨ ਕਿ ਪੰਜਾਬ ਵਿੱਚ ਸੱਤਾ ਤਬਦੀਲੀ ਦਾ ਸਮਾਂ ਆ ਗਿਆ ਹੈ। ਪੰਜਾਬ ਨੂੰ ਜਿੱਤਣ ਦੀ ਗੱਲ ਸਿਰਫ਼ ਭਾਜਪਾ ਆਗੂ ਹੀ ਨਹੀਂ ਕਰ ਰਹੇ ਸਗੋਂ ਕਾਂਗਰਸ ਆਗੂ ਵੀ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਦਾਅਵਾ ਕੀਤਾ ਹੈ ਕਿ ਕੇਰਲਮ ਵਾਂਗ ਪੰਜਾਬ ਵਿੱਚ ਵੀ ਅਗਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਹਿ ਰਹੇ ਹਨ ਕਿ ਪੰਜਾਬ ਕੋਈ ਟਰੱਕ ਨਹੀਂ ਹੈ, ਕਿ ਜਿਸ ਨੂੰ ਜੋ ਮਰਜ਼ੀ ਵਾਰੀ ਵਾਰੀ ਚਲਾ ਸਕੇ। ਉਹਨਾਂ ਇਹ ਵੀ ਦਾਅਵਾ ਕੀਤਾ ਹੈ ਕਿ ਪੰਜਾਬ ਨੂੰ ਜਿੱਤਣਾ ਸੌਖਾ ਨਹੀਂ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਭਾਜਪਾ ਦੀਆਂ ਦੋ ਵਿਧਾਨ ਸਭਾ ਸੀਟਾਂ ਹਨ ਜੋ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਜ਼ੀਰੋ ਵੀ ਹੋ ਸਕਦੀਆਂ ਹਨ। ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਦੇ ਜੇਤੂ ਰੱਥ ਨੂੰ ਪੰਜਾਬ ਹੀ ਰੋਕੇਗਾ। ਇਸ ਤਰ੍ਹਾਂ ਪੰਜਾਬ ਨੂੰ ਜਿੱਤਣ ਬਾਰੇ ਵੱਖ- ਵੱਖ ਸਿਆਸੀ ਆਗੂਆਂ ਵਿੱਚ ਸਿਆਸੀ ਯੁੱਧ ਸ਼ੁਰੂ ਹੋ ਗਿਆ ਹੈ।

1947 ਤੋਂ ਲੈ ਕੇ ਹੁਣ ਤੱਕ ਪੰਜਾਬ ਨੂੰ ਜਿੱਤਣ ਦੇ ਅਨੇਕਾਂ ਵਾਰ ਬਾਹਰੀ ਅਤੇ ਘਰੇਲੂ ਯਤਨ ਹੋਏ, ਪਰ ਹਰ ਵਾਰ ਪੰਜਾਬ ਪਹਿਲਾਂ ਨਾਲੋਂ ਵੀ ਤਗੜਾ ਹੋ ਕੇ ਉਭਰਦਾ ਰਿਹਾ। ਪੰਜਾਬ ਨੂੰ ਜਿੱਤਣ ਜਾਂ ਉਜਾੜਨ ਦਾ ਯਤਨ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ ਪੰਜਾਬ ਤਾਂ ਗੁਰਾਂ ਦੇ ਨਾਂਅ 'ਤੇ ਵਸਦਾ ਹੈ, ਇਸੇ ਕਾਰਨ ਪੰਜਾਬ ਵੱਲੋਂ ਹਰ ਬਿਪਤਾ ਦਾ ਡਟ ਕੇ ਮੁਕਾਬਲਾ ਕੀਤਾ ਜਾਂਦਾ ਹੈ ਅਤੇ ਪੰਜਾਬ ਉੱਜੜਦਾ ਉੱਜੜਦਾ ਮੁੜ ਉਭਰ ਕੇ ਸਾਹਮਣੇ ਆ ਜਾਂਦਾ ਹੈ ਅਤੇ ਪਹਿਲਾਂ ਨਾਲੋਂ ਵੀ ਤਗੜਾ ਹੋ ਕੇ ਵਿਚਰਦਾ ਹੈ। ਹੱਦ ਤਾਂ ਉਦੋਂ ਹੋ ਗਈ, ਜਦੋਂ ਪੰਜਾਬ ਦੇ ਜੰਮੇ ਜਾਏ ਕਈ ਪੁੱਤਰ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਅਤੇ ਪੰਜਾਬ ਦੇ ਅਨੇਕਾਂ ਸਿਆਸੀ ਆਗੂ ਮਿੱਠਾ ਜ਼ਹਿਰ ਬਣ ਕੇ ਪੰਜਾਬ ਨੂੰ ਚੁੰਬੜੇ ਰਹੇ। ਇਹਨਾਂ ਸਿਆਸੀ ਆਗੂਆਂ ਦੀ ਨਾਂਹ ਪੱਖੀ ਭੂਮਿਕਾ ਨੇ ਵੀ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਪਰ ਪੰਜਾਬ ਮੁੜ ਪੈਰਾਂ ਸਿਰ ਖਲੋਂਦਾ ਰਿਹਾ।

1947 ਵਿੱਚ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਪੰਜਾਬ ਨਾਲ ਅਨੇਕਾਂ ਧੱਕੇਸ਼ਾਹੀਆਂ ਹੋਈਆਂ ਹਨ, ਵੱਖ- ਵੱਖ ਸਮੇਂ ਦੀਆਂ ਕੇਂਦਰ ਸਰਕਾਰਾਂ ਵੱਲੋਂ ਪੰਜਾਬ ਵਿਰੁੱਧ ਵੱਡੀਆਂ ਸਾਜ਼ਿਸ਼ਾਂ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ 'ਅਪਰੇਸ਼ਨ ਨੀਲਾ ਤਾਰਾ' ਵੀ ਸ਼ਾਮਲ ਹੈ। ਜੇ ਹੁਣ ਦੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਮੌਜੂਦਾ ਕੇਂਦਰ ਸਰਕਾਰ ਵੱਲੋਂ ਭਾਖੜਾ ਡੈਮ 'ਤੇ ਪੰਜਾਬ ਦਾ ਹੱਕ ਖਤਮ ਕਰਨਾ ਅਤੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਦੂਜੇ ਰਾਜਾਂ ਨੂੰ ਦੇਣ ਸਬੰਧੀ ਯਤਨਾਂ ਨੂੰ ਵੀ ਪੰਜਾਬ ਨਾਲ ਧੱਕਾ ਕਿਹਾ ਜਾ ਰਿਹਾ ਹੈ। ਭਾਵੇਂ ਆਮ ਆਦਮੀ ਪਾਰਟੀ ਦੀ ਮੌਜੂਦਾ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਪਾਣੀਆਂ ਸਬੰਧੀ ਡੱਟ ਕੇ ਸਟੈਂਡ ਲਿਆ ਹੈ, ਪਰ ਇਸ ਪਾਰਟੀ ਦੀ ਸਰਕਾਰ ਵਿੱਚ ਦਿੱਲੀ ਦੇ ਆਗੂਆਂ ਦੀ ਵਧਦੀ ਦਖ਼ਲ-ਅੰਦਾਜ਼ੀ ਪੰਜਾਬੀਆਂ ਨੂੰ ਸਹੀ ਨਹੀਂ ਲੱਗ ਰਹੀ। ਇਤਿਹਾਸ ਗਵਾਹ ਹੈ ਕਿ ਦਿੱਲੀ ਅਤੇ ਪੰਜਾਬ ਦੀ ਕਦੇ ਵੀ ਬਣੀ ਅਤੇ ਦੋਵਾਂ ਵਿਚਾਲੇ ਦੋਸਤੀ ਦੀਆਂ ਗੱਲਾਂ ਸੰਭਵ ਨਹੀਂ ਹਨ। ਪੰਜਾਬੀ ਕਦੇ ਵੀ ਦਿੱਲੀ ਦੇ ਆਗੂਆਂ ਨੂੰ ਮੂੰਹ ਨਹੀਂ ਲਾਉਂਦੇ ਅਤੇ ਦਿੱਲੀ ਨੇ ਵੀ ਹਮੇਸ਼ਾ ਪੰਜਾਬ ਨਾਲ ਧੱਕਾ ਕੀਤਾ ਹੈ, ਜਿਸ ਦਾ ਪੰਜਾਬ ਡਟ ਕੇ ਮੁਕਾਬਲਾ ਕਰਦਾ ਆਇਆ ਹੈ।

ਇਹ ਠੀਕ ਹੈ ਕਿ ਭਾਜਪਾ ਕੇਂਦਰ ਵਿੱਚ ਸਰਕਾਰ ਚਲਾ ਰਹੀ ਹੈ ਅਤੇ ਦੇਸ਼ ਦੇ ਵੱਡੀ ਗਿਣਤੀ ਸੂਬਿਆਂ ਵਿੱਚ ਭਾਜਪਾ ਜਾਂ ਭਾਜਪਾ ਗਠਜੋੜ ਦੀਆਂ ਸਰਕਾਰਾਂ ਹਨ ਪਰ ਪੰਜਾਬ ਇਕੱਲਾ ਅਜਿਹਾ ਸੂਬਾ ਹੈ, ਜਿੱਥੇ ਇਸ ਸਮੇਂ ਗ਼ੈਰ ਭਾਜਪਾ ਅਤੇ ਗ਼ੈਰ ਕਾਂਗਰਸ ਸਰਕਾਰ ਹੈ। ਇਸੇ ਲਈ ਭਾਜਪਾ ਅਤੇ ਕਾਂਗਰਸ ਪੰਜਾਬ ਨੂੰ ਜਿੱਤਣ ਲਈ ਪੱਬਾਂ ਭਾਰ ਹੋ ਗਈਆਂ ਹਨ। ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਸਮੇਤ ਹੋਰ ਸਿਆਸੀ ਪਾਰਟੀਆਂ ਵੀ ਭਾਵੇਂ ਆਪਣੇ ਆਪ ਨੂੰ ਪੰਜਾਬ ਦੀਆਂ ਸਭ ਤੋਂ ਹਮਦਰਦ ਪਾਰਟੀਆਂ ਕਹੀ ਜਾਣ ਪਰ ਪੰਜਾਬੀਆਂ ਨੂੰ ਸਭ ਪਤਾ ਹੈ ਕਿ ਕਿਹੜੀ ਪਾਰਟੀ ਪੰਜਾਬੀਆਂ ਦੀ ਕਸੌਟੀ 'ਤੇ ਖਰੀ ਉੱਤਰਦੀ ਹੈ। ਇਸੇ ਕਾਰਨ ਇਸ ਸਮੇਂ ਪੰਜਾਬੀ ਕਿਸੇ ਵੀ ਸਿਆਸੀ ਪਾਰਟੀ ਨੂੰ ਕੋਈ ਹੁੰਗਾਰਾ ਨਹੀਂ ਭਰ ਰਹੇ ਅਤੇ ਪੰਜਾਬ ਵਿੱਚ ਇਸ ਸਮੇਂ ਸਿਆਸੀ ਖ਼ਲਾਅ ਵਾਲੀ ਸਥਿਤੀ ਬਣੀ ਹੋਈ ਹੈ।

ਅਗਲੇ ਸਾਲ ਸੱਤ ਰਾਜਾਂ ਪੰਜਾਬ, ਉੱਤਰ ਪ੍ਰਦੇਸ਼, ਗੁਜਰਾਤ, ਉੱਤਰਾਖੰਡ, ਗੋਆ, ਮਨੀਪੁਰ ਅਤੇ ਹਿਮਾਚਲ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਭਾਜਪਾ ਇਨ੍ਹਾਂ ਰਾਜਾਂ ਵਿੱਚ ਪੱਛਮੀ ਬੰਗਾਲ ਅਤੇ ਅਸਾਮ ਵਾਂਗ ਹੀ ਚੋਣਾਂ ਲੜੇਗੀ ਅਤੇ ਉਸ ਤੋਂ ਬਾਅਦ ਲੋਕ ਸਭਾ ਚੋਣਾਂ ਵੀ ਇਸੇ ਤਰ੍ਹਾਂ ਹੋਣਗੀਆਂ। ਹੁਣ, ਵਿਰੋਧੀ ਦਲਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਉਹ ਭਾਜਪਾ ਦਾ ਮੁਕਾਬਲਾ ਕਿਵੇਂ ਕਰਨਗੇ ਜਾਂ ਫਿਰ ਹਾਰਨ ਲਈ ਚੋਣਾਂ ਲੜਨਗੇ?

ਹੁਣ ਭਾਵੇਂ ਵਿਰੋਧੀ ਧਿਰ ਹੋਵੇ ਭਾਵੇਂ ਜਾਂ ਸੱਤਾ ਧਿਰ ਜਾਂ ਫਿਰ ਕੋਈ ਫ਼ਸਲੀ ਬਟੇਰਾ, ਪੰਜਾਬ ਓਹਦਾ ਹੋਵੇਗਾ ਜਿਹੜਾ ਪੰਜਾਬ ਦੇ ਮਸਲਿਆਂ ਨੂੰ, ਪੰਜਾਬ ਦੀਆਂ ਦਰਪੇਸ਼ ਮੁਸ਼ਕਿਲਾਂ ਨੂੰ, ਪੰਜਾਬ ਦੇ ਪੰਥਕ ਮੁੱਦਿਆਂ ਨੂੰ ਤੇ ਦੱਬੇ ਕੁੱਚਲੇ ਲੋਕਾਂ ਦੇ ਹੱਕਾਂ ਲਈ ਇੱਕ ਕੰਧ ਵਾਂਗੂ ਰੱਖਿਆ ਲਈ ਖੜਾ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਨੂੰ 'ਆਪ' ਪਾਰਟੀ ਨੇ ਬਹੁਤ ਕੁਝ ਸਿਖਾ ਦਿੱਤਾ ਹੈ ਤੇ ਇਸ ਵਾਰੀ ਪੰਜਾਬ ਵਾਲੇ ਹੋ ਸਕਦਾ ਹੈ ਦੋਹਰਾ ਛਾਣਨਾ ਲਗਾ ਕੇ ਪਾਰਟੀਆਂ ਨੂੰ ਛਾਣ ਕੇ ਤੇ ਪਰਖ ਕੇ ਫੈਸਲਾ ਲੈਣਗੇ। ਸੋ ਪੰਜਾਬ ਨੂੰ ਜਿੱਤਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ।

# ਕੀ ਡਿੱਗ ਜਾਵੇਗੀ ਮਾਨ ਸਰਕਾਰ ?

## ਬਾਗ਼ੀਆਂ ਤੇ ਭਾਜਪਾ ਦੀ ਅਗਲੀ ਨਜ਼ਰ ਹੁਣ ਪੰਜਾਬ ਦੀ ਸੱਤਾ 'ਤੇ



ਜਗਤਾਰ ਸਿੰਘ




ਪੰਜਾਬ ਦੇ ਆਮ ਆਦਮੀ ਪਾਰਟੀ (ਆਪ) ਨਾਲ ਸਬੰਧਿਤ ਛੇ ਰਾਜ ਸਭਾ ਮੈਂਬਰ ਭਗਵੇਂ ਰੰਗ 'ਚ ਰੰਗੇ ਗਏ ਹਨ। ਉਨ੍ਹਾਂ ਨਾਲ ਸੱਤਵਾਂ ਦਿੱਲੀ ਤੋਂ ਹੈ। ਰਾਜ ਸਭਾ ਦੇ ਚੇਅਰਮੈਨ ਸੀ ਪੀ ਰਾਧਾਕ੍ਰਿਸ਼ਨਨ ਨੇ ਉਨ੍ਹਾਂ ਦੀ ਅਰਜ਼ੀ 'ਤੇ ਤੁਰੰਤ ਕਾਰਵਾਈ ਕਰਦਿਆਂ ਪਿਛਲੇ ਦਿਨੀਂ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਿਲ ਹੋਣ ਦੀ ਮਨਜ਼ੂਰੀ ਵੀ ਦੇ ਦਿੱਤੀ।

ਧਮਾਕਾ ਤਾਂ ਵੱਡਾ ਹੋਇਆ, ਪਰ ਪੰਜਾਬ ਦੀ ਧਰਤੀ ਬਹੁਤੀ ਨਹੀਂ ਹਿੱਲੀ। ਕਿਹਾ ਜਾ ਰਿਹਾ ਹੈ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਅਜਿਹੇ ਵਿਅਕਤੀਆਂ ਨੂੰ ਟਿਕਟ ਦੇਣਾ ਹੀ ਗ਼ਲਤ ਸੀ, ਜਿਹੜੇ ਇਸ ਧਰਤੀ ਦੇ ਸੁਭਾਅ ਦੀ ਨੁਮਾਇੰਦਗੀ ਹੀ ਨਹੀਂ ਕਰਦੇ। ਖ਼ੈਰ, ਜੋ ਹੋਣਾ ਸੀ ਉਹ ਤਾਂ ਹੋ ਗਿਆ, ਗੱਲ ਤਾਂ ਹੁਣ ਅੱਗੇ ਦੀ ਹੈ। ਇਸ ਤੋਂ ਪਹਿਲਾਂ ਉੱਡਦੀ ਜਿਹੀ ਨਜ਼ਰ ਪੰਜਾਬ ਦੇ ਇਤਿਹਾਸ 'ਤੇ ਮਾਰੀਏ। ਇਸ ਸੂਬੇ ਵਿੱਚ 1985, 1997, 2002, 2017 ਦੀਆਂ ਸਰਕਾਰਾਂ ਸਮੇਂ ਵੀ ਬਾਗ਼ੀ ਸੁਰਾਂ ਉੱਠੀਆਂ ਸਨ। ਇਸ ਵਾਰ ਹੁਣ ਤੱਕ ਥੋੜ੍ਹਾ ਜਿਹਾ ਫ਼ਰਕ ਹੈ। ਇਹ ਬਗ਼ਾਵਤ ਅਰਵਿੰਦ ਕੇਜਰੀਵਾਲ ਦੇ ਖ਼ਿਲਾਫ਼ ਹੈ ਅਤੇ ਵਿਧਾਇਕਾਂ 'ਤੇ ਇਸ ਦੇ ਅਸਰ ਬਾਰੇ ਹਾਲੇ ਅੰਦਾਜ਼ੇ ਲਗਾਏ ਜਾ ਰਹੇ ਹਨ। ਸੂਬੇ ਦੀ ਸਿਆਸਤ 'ਤੇ ਇਸ ਦਾ ਅਸਰ ਪੈਣਾ ਲਾਜ਼ਮੀ ਹੈ। ਬਾਗ਼ੀਆਂ ਅਤੇ ਭਾਜਪਾ ਦੀ ਅਗਲੀ ਕੋਸ਼ਿਸ਼ ਮਾਨ ਸਰਕਾਰ ਨੂੰ ਡੇਗਣ ਵੱਲ ਸੇਧਿਤ ਹੋਵੇਗੀ।

ਇਸ ਬਗ਼ਾਵਤ ਦੇ ਮੋਢੀ ਰਾਘਵ ਚੱਢਾ ਅਤੇ ਸੰਦੀਪ ਪਾਠਕ ਮੰਨੇ ਜਾ ਰਹੇ ਹਨ। ਕਿਸੇ ਸਮੇਂ ਇਹ ਦੋਵੇਂ ਸ੍ਰੀ ਕੇਜਰੀਵਾਲ ਦੀ ਖੱਬੀ ਅਤੇ ਸੱਜੀ ਬਾਂਹ ਸਮਝੇ ਜਾਂਦੇ ਸਨ। ਇਹੋ ਅਰਵਿੰਦ ਕੇਜਰੀਵਾਲ ਨੂੰ ਸਭ ਤੋਂ ਵੱਡਾ ਝਟਕਾ ਹੈ। ਪੰਜਾਬ ਦੀਆਂ 2022 ਦੀਆਂ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਅਤੇ ਚੋਣ ਮੁਹਿੰਮ ਚਲਾਉਣ ਵਿੱਚ ਦੋਵਾਂ ਦਾ ਅਹਿਮ ਰੋਲ ਸੀ ਅਤੇ ਇਸ ਲਈ ਵਿਧਾਇਕਾਂ ਨਾਲ ਇਨ੍ਹਾਂ ਦਾ ਸਿੱਧਾ ਰਾਬਤਾ ਹੈ। ਸ਼ੁਰੂ ਵਿੱਚ ਤਾਂ ਪੰਜਾਬ ਸਰਕਾਰ ਵੀ ਰਾਘਵ ਚੱਢਾ ਵੱਲੋਂ ਚਲਾਏ ਜਾਣ ਦੀਆਂ ਖ਼ਬਰਾਂ ਆਉਂਦੀਆਂਰਹੀਆਂ ਹਨ। ਇਸੇ ਲਈ ਸੂਬੇ ਦੇ ਸਿਵਿਲ ਅਤੇ ਪੁਲੀਸ ਅਧਿਕਾਰੀ ਰਾਘਵ ਚੱਢਾ ਕੋਲ ਆਪਣੀ ਹਾਜ਼ਰੀ ਲਗਵਾਇਆ ਕਰਦੇ ਸਨ। ਇੱਕ ਐਡਵਾਈਜ਼ਰੀ ਕਮੇਟੀ ਬਣਾ ਕੇ ਇਸ ਆਗੂ ਨੂੰ ਚੇਅਰਮੈਨ ਵੀ ਲਗਾਇਆ ਗਿਆ ਸੀ, ਪਰ ਕਾਨੂੰਨੀ ਅੜਚਨ ਕਾਰਨ ਇਹ ਕਵਾਇਦ ਸਿਰੇ ਨਾ ਚੜ੍ਹ ਸਕੀ।

ਸਾਲ 2022 ਦੀਆਂ ਚੋਣਾਂ ਸਮੇਂ ਉਮੀਦਵਾਰਾਂ ਦੀ ਚੋਣ ਕਰਨ ਵਿੱਚ ਸੰਦੀਪ ਪਾਠਕ ਦਾ ਅਹਿਮ ਰੋਲ ਸੀ। ਇਸ ਲਈ ਉਸ ਦਾ ਵੀ ਵਿਧਾਇਕਾਂ ਨਾਲ ਰਾਬਤਾ ਹੈ। ਇਸ ਨਾਜ਼ੁਕ ਵਰਤਾਰੇ ਦਾ ਇਹ ਇੱਕ ਵੱਡਾ ਪੱਖ ਹੈ। ਹੁਣ ਤੱਕ ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋਇਆ ਕਿ ਕਿਹੜੇ ਮੁੱਦਿਆਂ ਨੂੰ ਲੈ ਕੇ ਇਨ੍ਹਾਂ ਦੋਵਾਂ ਦੀ ਕੇਜਰੀਵਾਲ ਤੋਂ ਦੂਰੀ ਬਣੀ ਅਤੇ ਮਸਲਾ ਬਗ਼ਾਵਤ ਤੱਕ ਪਹੁੰਚ ਗਿਆ। ਉਂਝ, ਸ੍ਰੀ ਕੇਜਰੀਵਾਲ ਨਾਲ ਇਹ ਭਾਣਾ ਪਹਿਲੀ ਵਾਰ ਨਹੀਂ ਵਾਪਰਿਆ। ਪਾਰਟੀ ਸਥਾਪਤ ਕਰਨ ਦੇ ਮੁੱਢਲੇ ਦਿਨਾਂ ਵਿੱਚ ਹੀ ਮੋਢੀ ਆਗੂਆਂ ਵਿੱਚੋਂ ਪ੍ਰਸ਼ਾਂਤ ਭੂਸ਼ਣ, ਯੋਗੇਂਦਰ ਯਾਦਵ ਅਤੇ ਕਈ ਹੋਰ ਵੱਖਰੇ ਹੋ ਗਏ ਸਨ। ਸਾਲ 2017 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਦੇ ਤੌਰ 'ਤੇ ਉੱਭਰੀ, ਪਰ ਕੁਝ ਸਮੇਂ ਬਾਅਦ ਇਸ ਦੇ ਵਿਧਾਇਕ ਦਲ ਵਿੱਚ ਬਗ਼ਾਵਤ ਹੋ ਗਈ। ਇਸ ਦੇ ਬਾਵਜੂਦ ਪਾਰਟੀ ਆਪਣੀ ਚਾਲ ਤੁਰਦੀ ਰਹੀ।

ਸ੍ਰੀ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੇ ਦਿਨ ਤੋਂ ਬਾਅਦ ਇਸ ਬਾਰੇ ਬਹੁਤਾ ਕੁਝ ਨਹੀਂ ਕਿਹਾ। ਇਹ ਚੁਣੌਤੀ ਤਾਂ ਇਸ ਸਮੇਂ ਭਗਵੰਤ ਮਾਨ ਲਈ ਹੈ ਕਿਉਂਕਿ ਹੁਣ ਅਗਲਾ ਵਾਰ ਸਰਕਾਰ ਤੋੜਨ ਲਈ ਹੀ ਹੋਵੇਗਾ। ਪਿਛਲੇ ਦਿਨੀਂ ਖ਼ਬਰ ਛਪੀ ਕਿ ਵਿਆਹ ਤੋਂ ਪਿੱਛੋਂ ਪਹਿਲੀ ਵਾਰ ਸ੍ਰੀ ਮਾਨ ਹਰਿਆਣੇ ਵਿੱਚ ਆਪਣੇ ਸਹੁਰੇ ਪਿੰਡ ਗਏ। ਆਪਣੇ ਆਪ ਵਿੱਚ ਇਹ ਇੱਕ ਸਾਧਾਰਨ ਖ਼ਬਰ ਲਗਦੀ ਹੈ, ਪਰ ਇਸ ਮਾਹੌਲ ਵਿੱਚ ਇਹ ਸਾਧਾਰਨ ਨਹੀਂ। ਉਸ ਤੋਂ ਬਾਅਦ ਮੁੱਖ ਮੰਤਰੀ ਚੰਡੀਗੜ੍ਹ ਵਿੱਚ ਮੀਡੀਆ ਨੂੰ ਮੁਖ਼ਾਤਿਬ ਹੋਏ। ਇਸ ਦਾ ਵਿਸ਼ਾ ਉਨ੍ਹਾਂ ਦੀ ਫਿਨਲੈਂਡ ਅਤੇ ਨੀਦਰਲੈਂਡ ਦੀ ਸਰਕਾਰੀ ਯਾਤਰਾ ਸੀ, ਜਿਸ ਦੌਰਾਨ ਉਨ੍ਹਾਂ ਫੁੱਲਾਂ ਦੀ ਕਾਸ਼ਤ ਦੀ ਗੱਲ ਕੀਤੀ। ਕੋਸ਼ਿਸ਼ ਇਹ ਪ੍ਰਭਾਵ ਦੇਣ ਦੀ ਸੀ ਕਿ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪਿਆ। ਖ਼ੈਰ, ਚਿੰਤਾ ਤਾਂ ਹੁੰਦੀ ਹੀ ਹੈ।

ਪਾਰਟੀ ਦੀ ਰਣਨੀਤੀ ਕੁਝ ਵੱਖਰੀ ਦੇਖਣ ਨੂੰ ਮਿਲੀ। ਪਾਰਟੀ ਨੇ ਆਪਣੇ ਵਾਲੰਟੀਅਰਾਂ ਨੂੰ ਮੈਦਾਨ ਵਿੱਚ ਉਤਾਰ ਦਿੱਤਾ ਅਤੇ ਉਨ੍ਹਾਂ ਨੇ ਬਾਗ਼ੀ ਰਾਜ ਸਭਾ ਮੈਂਬਰਾਂ ਦੇ ਘਰਾਂ ਦੇ ਬਾਹਰ ਮੁਜ਼ਾਹਰੇ ਕੀਤੇ। ਬਾਗ਼ੀਆਂ ਨੂੰ 'ਗੱਦਾਰ' ਕਰਾਰ ਦਿੱਤਾ ਗਿਆ ਅਤੇ ਇਹ ਲਫ਼ਜ਼ ਉਨ੍ਹਾਂ ਦੇ ਘਰਾਂ ਦੀਆਂ ਕੰਧਾਂ 'ਤੇ ਵੀ ਲਿਖ ਦਿੱਤਾ ਗਿਆ।

ਹੁਣ ਚਰਚਾ ਦਾ ਵਿਸ਼ਾ ਤਾਂ ਇਹ ਵੀ ਹੈ ਕਿ ਇਨ੍ਹਾਂ ਆਗੂਆਂ ਨੂੰ ਟਿਕਟਾਂ ਕਿਸ ਆਧਾਰ 'ਤੇ ਦਿੱਤੀਆਂ ਗਈਆਂ ? ਮਸਲਾ ਜਵਾਬਦੇਹੀ ਦਾ ਵੀ ਹੈ। ਇਹ ਲੋਕ ਤਾਂ ਪੰਜਾਬ ਦੀ ਮਿੱਟੀ ਦੀ ਨੁਮਾਇੰਦਗੀ ਹੀ ਨਹੀਂ ਕਰਦੇ, ਨਾ ਹੀ ਕਦੇ ਇਨ੍ਹਾਂ ਨੂੰ ਰਾਜ ਸਭਾ ਵਿੱਚ ਪੰਜਾਬ ਦੇ ਮੁੱਦੇ ਚੁੱਕਦਿਆਂ ਸੁਣਿਆ ਗਿਆ ਹੈ। ਇਹ ਪੰਜਾਬ ਦਾ ਦੁਖਾਂਤ ਹੀ ਰਿਹਾ ਹੈ ਕਿ ਚੁਣੇ ਹੋਏ ਮੈਂਬਰਾਂ ਵਿੱਚੋਂ ਕਿਸੇ ਨੇ ਘੱਟ ਹੀ ਆਪਣਾ ਮੂੰਹ ਖੋਲ੍ਹਿਆ ਹੈ, ਪਰ ਪਹਿਲਾਂ ਵਾਲੇ ਪੰਜਾਬ ਦੀ ਮਿੱਟੀ ਦੀ ਨੁਮਾਇੰਦਗੀ ਤਾਂ ਕਰਦੇ ਹੀ ਸਨ।

ਜੇ ਇਹ ਲੋਕ ਪੰਜਾਬ ਦੀ ਮਿੱਟੀ ਦੀ ਨੁਮਾਇੰਦਗੀ ਕਰਦੇ ਹੁੰਦੇ ਤਾਂ ਇਸ ਲਾਵੇ ਦੇ ਫਟਣ ਦਾ ਲੋਕ-ਸਿਆਸਤ 'ਤੇ ਕੋਈ ਅਸਰ ਵੀ ਵੱਡਾ ਹੋਣਾ ਸੀ। ਉਂਝ ਅਸਰ ਤਾਂ ਹੋਵੇਗਾ ਹੀ, ਭਾਵੇਂ ਕਿਸੇ ਹੋਰ ਪੱਧਰ 'ਤੇ ਹੋਵੇ। ਸੱਤਾਧਾਰੀ ਪਾਰਟੀ ਵਿਰੁੱਧ ਚੋਣਾਂ ਨੇੜੇ ਅਕਸਰ ਹੀ ਲੋਕਾਂ ਵਿੱਚ ਗੁੱਸਾ ਦੇਖਿਆ ਜਾਂਦਾ ਹੈ। ਬਗ਼ਾਵਤ ਇਸ ਨੂੰ ਹੋਰ ਤਿੱਖਾ ਕਰਦੀ ਹੈ।

ਇੱਕ ਅਹਿਮ ਵਿਸ਼ਾ ਇਸ ਬਗ਼ਾਵਤ ਦੇ ਵਿਧਾਇਕ ਦਲ ਵਿੱਚ ਫੈਲਣ ਦਾ ਹੈ। ਇਹ ਆਮ ਜਾਣਕਾਰੀ ਹੈ ਕਿ ਵਿਧਾਇਕਾਂ ਵਿੱਚ ਵੀ ਸਭ ਅੱਛਾ ਨਹੀਂ, ਕਾਰਨ ਜੋ ਮਰਜ਼ੀ ਹੋਣ। ਇਹ ਗੱਲ ਵੀ ਹੁਣ ਆਮ ਹੈ ਕਿ ਲਗਭਗ ਚਾਲੀ ਵਿਧਾਇਕਾਂ ਦੀਆਂ ਟਿਕਟਾਂ ਕੱਟੀਆਂ ਜਾ ਸਕਦੀਆਂ ਹਨ। ਇਸ ਬੇਚੈਨੀ ਦਾ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਜਾਏਗੀ, ਭਾਵੇਂ ਇਹ ਸਿਰੇ ਚੜ੍ਹੇ ਜਾਂ ਨਾ। ਇਸ ਪੱਧਰ 'ਤੇ ਬਗ਼ਾਵਤ ਕਰਵਾਉਣਾ ਆਸਾਨ ਨਹੀਂ ਹੁੰਦਾ। ਹਰਿਆਣੇ ਵਿੱਚ ਇੱਕ ਵਾਰ ਮੁੱਖ ਮੰਤਰੀ ਭਜਨ ਲਾਲ ਨੇ ਆਪਣੇ ਵਿਧਾਇਕਾਂ ਦੀ ਪੂਰੀ ਫ਼ੌਜ ਲੈ ਕੇ ਪਾਰਟੀ ਬਦਲ ਲਈ ਸੀ। ਸਰਕਾਰ ਤੋੜਨ ਲਈ 40 ਦੇ ਕਰੀਬ ਵਿਧਾਇਕਾਂ ਤੋਂ ਬਗ਼ਾਵਤ ਕਰਵਾਉਣਾ ਸੌਖਾ ਨਹੀਂ। ਉਂਝ ਵੀ, ਦੇਖਣ ਵਾਲੀ ਗੱਲ ਇਹ ਹੈ ਕਿ ਇਸ ਦਾ ਫ਼ਾਇਦਾ ਕਿਸ ਨੂੰ ਹੋ ਸਕਦਾ ਹੈ?

ਇਹ ਖੇਡ ਤਾਂ ਭਾਜਪਾ ਨੇ ਖੇਡੀ ਹੈ, ਪਰ ਇਹ ਤਾਂ ਪੰਜਾਬ ਵਿੱਚ ਪਹਿਲੇ ਨੰਬਰ ਦੀ ਪਾਰਟੀ ਹੀ ਨਹੀਂ। ਸਾਲ 1997 ਤੋਂ 2019 ਤੱਕ ਇਸ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਹੀ ਚੋਣਾਂ ਲੜੀਆਂ ਹਨ। 2022 ਵਿੱਚ ਭਾਜਪਾ ਨੇ ਆਪਣੇ ਸਿਰ 'ਤੇ ਚੋਣਾਂ ਲੜ ਕੇ 6.6 ਫ਼ੀਸਦੀ ਵੋਟਾਂ ਲਈਆਂ ਅਤੇ ਮਹਿਜ਼ ਦੋ ਸੀਟਾਂ ਜਿੱਤੀਆਂ। ਪਾਰਟੀ ਪ੍ਰਧਾਨ ਨਿਤਿਨ ਨਬੀਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ 2027 ਦੀਆਂ ਚੋਣਾਂ ਆਪਣੇ ਬਲਬੂਤੇ ਹੀ ਲੜੇਗੀ। ਪੰਜਾਬ ਦੀ ਤਾਂ ਜ਼ਮੀਨੀ ਹਕੀਕਤ ਹੀ ਵੱਖਰੀ ਹੈ। 'ਆਪ' ਛੱਡਣ ਵਾਲੇ ਸੱਤ ਸੰਸਦ ਮੈਂਬਰਾਂ ਦਾ ਫ਼ਾਇਦਾ ਭਾਜਪਾ ਨੂੰ ਰਾਜ ਸਭਾ ਵਿੱਚ ਜ਼ਰੂਰ ਹੋਇਆ ਹੈ। ਇਸ ਬਗ਼ਾਵਤ ਦਾ ਸਿੱਧਾ ਸੰਬੰਧ ਭਾਜਪਾ ਨਾਲ ਹੈ, ਇਸ ਲਈ ਅਹਿਮ ਪਹਿਲੂ ਵੀ ਇਹੋ ਹੈ ਕਿ ਇਸ ਪਾਰਟੀ ਨੂੰ ਪੰਜਾਬ ਵਿੱਚ ਇਸ ਦਾ ਕੀ ਫ਼ਾਇਦਾ ਹੋਵੇਗਾ।

ਜੇ ਸਾਲ 2022 ਦੇ ਚੋਣ ਨਤੀਜਿਆਂ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਸਪੱਸ਼ਟ ਹੈ ਕਿ ਆਮ ਆਦਮੀ ਪਾਰਟੀ ਨੂੰ ਬਹੁਤੀ ਅਕਾਲੀ ਵੋਟ ਟੁੱਟ ਕੇ ਪਈ ਸੀ, ਖ਼ਾਸ ਕਰ ਕੇ ਕਿਸਾਨੀ ਦੀ। ਹੁਣ ਜੇ ਇਹ ਵੋਟ ਟੁੱਟਦੀ ਹੈ ਤਾਂ ਇਹ ਭਾਜਪਾ ਵੱਲ ਨਹੀਂ ਜਾਏਗੀ। ਹਾਂ, ਜੇ 'ਆਪ' ਵਿਧਾਇਕਾਂ ਦਾ ਇੱਕ ਹਿੱਸਾ ਭਾਜਪਾ ਨਾਲ ਰਲਦਾ ਹੈ ਤਾਂ ਵੋਟ ਸ਼ਿਫਟ ਹੋ ਸਕਦੀ ਹੈ। ਇਸ ਸਥਿਤੀ ਵਿੱਚ ਚੋਣਾਂ ਤੋਂ ਬਾਅਦ ਦਾ ਗੱਠਜੋੜ ਅਹਿਮ ਹੋ ਜਾਂਦਾ ਹੈ, ਉਹ ਵੀ ਤਾਂ ਜੇਕਰ ਕਿਸੇ ਇੱਕ ਪਾਰਟੀ ਨੂੰ ਬਹੁਮਤ ਪ੍ਰਾਪਤ ਨਾ ਹੋਵੇ।

ਜੇ ਇਨ੍ਹਾਂ ਸੱਤ ਰਾਜ ਸਭਾ ਮੈਂਬਰਾਂ ਦਾ ਪੰਜਾਬ ਵਿੱਚ ਆਪਣਾ ਨਿੱਜੀ ਆਧਾਰ ਹੁੰਦਾ ਤਾਂ ਪਾਰਟੀ ਨੂੰ ਸੱਟ ਜ਼ਰੂਰ ਵੱਜਣੀ ਸੀ।

ਪੰਜਾਬ ਸੂਬੇ ਦੀ ਲੜਾਈ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਧਿਰਾਂ ਵਿੱਚ ਹੋਣੀ ਹੈ। ਅਕਾਲੀਆਂ ਦੀਆਂ ਦੋ ਧਿਰਾਂ ਮੈਦਾਨ ਵਿੱਚ ਨਿੱਤਰਨਗੀਆਂ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਦਿਨਾਂ ਵਿੱਚ ਤਕਰੀਬਨ 40 ਹਲਕਿਆਂ ਵਿੱਚ ਸ਼ਾਨਦਾਰ ਮੀਟਿੰਗਾਂ ਕੀਤੀਆਂ। ਸੁਖਬੀਰ ਨੂੰ ਇਸ ਕੰਮ ਵਿੱਚ ਮਾਹਿਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਆਪਣੇ ਵਰਕਰਾਂ ਨੂੰ ਤੋਰ ਲਿਆ ਜਾਪਦਾ ਹੈ। ਨਾਅਰਾ ਇੱਕੋ ਹੀ ਹੈ: "ਮੈਨੂੰ ਮੁੱਖ ਮੰਤਰੀ ਬਣਾਓ, ਮੈਂ ਵਾਰੇ-ਨਿਆਰੇ ਕਰ ਦਿਊਂ।" ਉਸ ਵੱਲੋਂ ਇਹ ਵਾਅਦੇ ਆਪਣੀ 2007-2017 ਦੀਆਂ ਦੋ ਸਰਕਾਰਾਂ ਦੀ ਕਾਰਗੁਜ਼ਾਰੀ ਦਾ ਹਵਾਲਾ ਦੇ ਕੇ ਕੀਤੇ ਜਾ ਰਹੇ ਹਨ। ਉਂਝ, ਉਸ ਦੇ ਪਿਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਿਸੇ ਸਮੇਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਵਾਅਦਾ ਕੀਤਾ ਸੀ। ਦੋ ਦਸੰਬਰ 2024 ਦੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੇ ਇੱਕ ਲਕੀਰ ਖਿੱਚੀ ਹੋਈ ਹੈ। ਇਸ ਲਕੀਰ ਨੂੰ ਮਿਟਾਉਣ ਦਾ ਉਸ ਨੂੰ ਮੌਕਾ ਮਿਲਿਆ ਸੀ, ਪਰ ਗੁਆ ਲਿਆ। ਇਹ ਹੁਕਮਨਾਮਾ ਬਰਗਾੜੀ ਬੇਅਦਬੀ ਅਤੇ ਹੋਰ ਮਾਮਲਿਆਂ ਨਾਲ ਸਬੰਧਿਤ ਹੈ। ਕਸੂਰ ਮੰਨ ਕੇ ਸਜ਼ਾ ਭੁਗਤਣ ਤੋਂ ਬਾਅਦ ਉਸ ਫਿਰ ਕਹਿ ਦਿੱਤਾ, "ਮੈਂ ਤਾਂ ਵੈਸੇ ਹੀ ਇਹ ਗੁਨਾਹ ਕਬੂਲ ਕਰ ਲਏ ਸੀ।" ਸਿਰਫ਼ ਇੰਨਾ ਹੀ ਨਹੀਂ, ਫਿਰ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਸ ਹੁਕਮਨਾਮੇ ਪਿੱਛੇ ਸਰਕਾਰ (ਏਜੰਸੀਆਂ) ਦਾ ਹੱਥ ਸੀ।

ਇਹ ਮਸਲਾ ਸਿੱਖ ਮਾਨਸਿਕਤਾ ਨਾਲ ਬੱਝਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਇਸ ਵਾਰ ਤਕੜੀ ਪੰਥਕ ਧਿਰ ਉਸਰ ਰਹੀ ਹੈ। ਦੋ ਦਸੰਬਰ ਦੇ ਹੁਕਮਨਾਮੇ ਵਿੱਚੋਂ ਨਿਕਲੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ), ਜਿਸ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਹਨ ਅਤੇ ਅੰਮ੍ਰਿਤਪਾਲ ਸਿੰਘ ਐਮ ਪੀ ਦੀ ਅਗਵਾਈ ਹੇਠਲੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਨੇ ਸਿਧਾਂਤਕ ਤੌਰ 'ਤੇ ਚੋਣਾਂ ਇਕੱਠੇ ਲੜਨ ਲਈ ਇੱਕ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਹ ਕਮੇਟੀ ਬਾਕੀ ਪੰਥਕ ਧਿਰਾਂ ਨਾਲ ਵੀ ਗੱਲਬਾਤ ਕਰ ਰਹੀ ਹੈ। ਹੁਣ ਤੱਕ ਦੀ ਜਾਣਕਾਰੀ ਅਨੁਸਾਰ ਇਹ ਗੱਲਬਾਤ ਜਲਦ ਹੀ ਨੇਪਰੇ ਚੜ੍ਹ ਜਾਏਗੀ। ਪੰਥਕ ਧਿਰਾਂ ਦੇ ਸਬੰਧ ਵਿੱਚ ਇੱਕ ਹੋਰ ਪੱਖ ਬਹੁਤ ਅਹਿਮ ਹੈ। ਕੁਝ ਐਸੀਆਂ ਪੰਥਕ ਧਿਰਾਂ ਵੀ ਹਨ, ਜਿਨ੍ਹਾਂ ਖ਼ੁਦ ਚੋਣ ਨਹੀਂ ਲੜਨੀ ਹੁੰਦੀ, ਪਰ ਬਿਰਤਾਂਤ ਸਿਰਜਣ ਵਿੱਚ ਇਨ੍ਹਾਂ ਦੀ ਭੂਮਿਕਾ ਹੁੰਦੀ ਹੈ। ਇਹ ਧਿਰਾਂ ਵੀ ਸਰਗਰਮ ਹਨ।ਰਹੀ ਗੱਲ ਕਾਂਗਰਸ ਦੀ। ਇਸ ਪਾਰਟੀ ਨੂੰ ਆਪਣੀ ਤੋਰ ਬਦਲਣ ਦੀ ਆਦਤ ਨਹੀਂ।ਸੱਤਾਧਾਰੀ ਪਾਰਟੀ ਨੇ ਆਪਣੇ ਵਾਅਦੇ ਪੂਰੇ ਕਰਨ 'ਤੇ ਸਾਰਾ ਜ਼ੋਰ ਲਗਾ ਦਿੱਤਾ ਹੈ। ਬੰਦ ਪਏ ਖਾਲ਼ਿਆਂ ਅਤੇ ਨਹਿਰਾਂ ਨੂੰ ਚਾਲੂ ਕਰਨਾ ਵੱਡੀ ਪ੍ਰਾਪਤੀ ਹੈ। ਪੰਜਾਬ ਨੇ ਪਾਣੀਆਂ ਦੇ ਮਾਮਲੇ 'ਤੇ ਬਹੁਤ ਖ਼ੂਨ ਵਗਦਾ ਵੇਖਿਆ ਹੈ। ਕਦੇ ਕਿਸੇ ਨੇ ਖ਼ਿਆਲ ਹੀ ਨਹੀਂ ਸੀ ਕੀਤਾ ਕਿ ਦਰਿਆਵਾਂ ਦਾ ਪਾਣੀ ਤਾਂ ਅਸੀਂ ਵਰਤ ਹੀ ਨਹੀਂ ਸੀ ਰਹੇ।ਖ਼ੈਰ, ਬਹੁਤੀਆਂ ਕਿਆਸ-ਅਰਾਈਆਂ ਲਗਾਉਣ ਦਾ ਅਜੇ ਸਮਾਂ ਨਹੀਂ ਆਇਆ।

# ਰਾਜ ਸਭਾ ਮੈਂਬਰਾਂ ਦਾ ਰਾਜਸੀ ਰਲੇਵਾਂ ਭਾਰਤੀ ਲੋਕਤੰਤਰ ਲਈ ਕਾਲਾ ਅਧਿਆਇ



ਬਲਵਿੰਦਰ ਸਿੰਘ ਭੁੱਲਰ



ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰ ਆਪਣੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ਵਿੱਚ ਰਲ ਗਏ ਹਨ। ਵੱਖ ਵੱਖ ਲੋਕਾਂ ਵੱਲੋਂ ਇਸ ਰਾਜਸੀ ਰਲੇਵੇਂ ਪ੍ਰਤੀ ਵੱਖ ਵੱਖ ਵਿਚਾਰ ਸਾਹਮਣੇ ਆ ਰਹੇ ਹਨ। ਕੁਝ ਲੋਕ ਆਮ ਆਦਮੀ ਪਾਰਟੀ ਵਿੱਚ ਹੋਈ ਟੁੱਟ ਭੱਜ ਨੂੰ ਸ਼ੁਭ ਸ਼ਗਨ ਮੰਨ ਰਹੇ ਹਨ ਅਤੇ ਅਤੇ ਕੁਝ ਲੋਕਾਂ ਨੇ ਭਾਜਪਾ ਦੀ ਕੂਟਨੀਤੀ ਨੂੰ ਜ਼ਿੰਮੇਵਾਰ ਠਹਿਰਾ ਹੈ ਅਤੇ ਕੁਝ ਲੋਕ ਰਾਜ ਸਭਾ ਦੇ ਇਨ੍ਹਾਂ ਮੈਂਬਰਾਂ ਦੀ ਗਦਾਰੀ ਕਹਿ ਕੇ ਭੰਡ ਰਹੇ ਹਨ।ਪਰ ਜੇਕਰ ਨਿਰਪੱਖ ਹੋ ਕੇ ਵਿਚਾਰ ਕਰੀਏ ਤਾਂ ਇਹ ਰਲੇਵਾਂ ਭਾਰਤੀ ਲੋਕਤੰਤਰ ਲਈ ਇੱਕ ਕਾਲਾ ਅਧਿਆਇ ਹੈ, ਕਾਲਾ ਧੱਬਾ ਹੈ।

ਆਮ ਆਦਮੀ ਪਾਰਟੀ ਦੇ ਕੁੱਲ ਦਸ ਰਾਜ ਸਭਾ ਮੈਂਬਰਾਂ ਵਿੱਚੋਂ ਸੱਤ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਹਰਭਜਨ ਸਿੰਘ, ਸਵਾਤੀ ਮਾਲੀਵਾਲ, ਰਜਿੰਦਰ ਗੁਪਤਾ ਅਤੇ ਵਿਕਰਮ ਸਾਹਨੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ ਅਤੇ ਤਿੰਨ ਮੈਂਬਰ ਸੰਜੇ ਸਿੰਘ, ਸੰਤ ਬਲਵੀਰ ਸਿੰਘ ਸੀਚੇਵਾਲ ਤੇ ਨਰਾਇਣ ਦਾਸ ਗੁਪਤਾ ਪਾਰਟੀ ਦੇ ਰਾਜ ਸਭਾ ਮੈਂਬਰ ਰਹਿ ਗਏ ਹਨ। ਇਹ ਇੱਕ ਵੱਡੀ ਸਾਜ਼ਿਸ਼ ਤਹਿਤ ਭਾਜਪਾ ਵਿੱਚ ਸ਼ਾਮਲ ਹੋਏ ਹਨ ਕਿਉਂਕਿ ਉਹਨਾਂ ਦੀ ਗਿਣਤੀ ਦੋ ਤਿਹਾਈ ਹੈ। ਭਾਰਤੀ ਸੰਵਿਧਾਨ ਅਨੁਸਾਰ ਜੇਕਰ ਦੋ ਤਿਹਾਈ ਤੋਂ ਘੱਟ ਹੁੰਦੇ ਤਾਂ ਉਹਨਾਂ ਦੀ ਮੈਂਬਰੀ ਖਤਮ ਹੋ ਜਾਣੀ ਸੀ। ਉਹ ਆਪਣੀ ਰਾਜ ਸਭਾ ਮੈਂਬਰੀ ਸੁਰੱਖਿਅਤ ਰੱਖ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਇਸ ਸਾਰੀ ਸਾਜ਼ਿਸ ਦਾ ਮੁੱਖ ਧੁਰਾ ਸ੍ਰੀ ਰਾਘਵ ਚੱਢਾ ਹੈ। ਪਾਰਟੀ ਦੀ ਸਥਾਪਨਾ ਤੋਂ ਲੈ ਕੇ ਉਹ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦਾ ਸਭ ਤੋਂ ਵੱਧ ਭਰੋਸੇਯੋਗ ਵਿਅਕਤੀ ਮੰਨਿਆ ਜਾਂਦਾ ਸੀ। ਉਹ ਇੱਕ ਤਰ੍ਹਾਂ ਕੇਜਰੀਵਾਲ ਪਰਿਵਾਰ ਦਾ ਮੈਂਬਰ ਹੀ ਸੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਕੇਜਰੀਵਾਲ ਨੇ ਉਸਨੂੰ ਵੱਡੀ ਤਾਕਤ ਦੇ ਕੇ ਪੰਜਾਬ ਭੇਜ ਦਿੱਤਾ ਸੀ। ਇੱਥੇ ਮੁੱਖ ਮੰਤਰੀ ਭਾਵੇਂ ਸ੍ਰੀ ਭਗਵੰਤ ਮਾਨ ਬਣੇ ਪਰ ਅਸਲ ਵਿੱਚ ਪਿੱਛੇ ਬੈਠ ਕੇ ਮੁੱਖ ਮੰਤਰੀ ਦਾ ਕਾਰਜ ਭਾਗ ਰਾਘਵ ਚੱਢਾ ਹੀ ਚਲਾਉਂਦਾ ਰਿਹਾ ਸੀ। ਪੰਜਾਬ ਦੇ ਲੋਕਾਂ ਨੇ ਉਸਦੀ ਸੂਬੇ ਵਿੱਚ ਕੀਤੀ ਜਾਂਦੀ ਦਖਲਅੰਦਾਜ਼ੀ 'ਤੇ ਬਹੁਤ ਰੌਲਾ ਵੀ ਪਾਇਆ ਸੀ, ਪਰ ਪਾਰਟੀ ਨੇ ਲੋਕਾਂ ਦੀ ਨਹੀਂ ਸੁਣੀ ਸੀ। ਫਿਰ ਅਜਿਹਾ ਸਮਾਂ ਆਇਆ ਕਿ ਸ੍ਰੀ ਕੇਜਰੀਵਾਲ ਦੀ ਦਿੱਲੀ ਵਿਖੇ ਗ੍ਰਿਫਤਾਰੀ ਹੋ ਗਈ। ਉਸ ਸਮੇਂ ਰਾਘਵ ਚੱਢਾ ਵਿਦੇਸ਼ ਵਿੱਚ ਸੀ। ਇਸ ਗ੍ਰਿਫਤਾਰੀ 'ਤੇ ਉਸਨੇ ਚੁੱਪ ਧਾਰੀ ਰੱਖੀ। ਕੋਈ ਵਿਰੋਧ ਨਾ ਕੀਤਾ ਅਤੇ ਨਾ ਹੀ ਨਿੰਦਾ ਕੀਤੀ। ਉਸਤੋਂ ਬਾਅਦ ਕੇਜਰੀਵਾਲ ਅਤੇ ਸਿਸੋਦੀਆ ਮੁਕੱਦਮੇ ਵਿੱਚੋਂ ਬਰੀ ਹੋ ਗਏ ਤਾਂ ਰਾਘਵ ਚੱਢਾ ਨੇ ਕਦੇ ਖੁਸ਼ੀ ਵੀ ਜ਼ਾਹਰ ਨਾ ਕੀਤੀ। ਲੋਕ ਇਨ੍ਹਾਂ ਦੋਵਾਂ ਮੌਕਿਆਂ 'ਤੇ ਉਸਦੀ ਚੁੱਪ ਬਾਰੇ ਚਰਚਾ ਤਾਂ ਕਰਦੇ ਰਹੇ ਪਰ ਕਾਰਨ ਬੁਝਾਰਤ ਹੀ ਬਣਿਆ ਰਿਹਾ। ਹੁਣ 3 ਅਪ੍ਰੈਲ ਨੂੰ ਪਾਰਟੀ ਵੱਲੋਂ ਰਾਜ ਸਭਾ ਲਈ ਬਣੀ ਕਮੇਟੀ ਦੇ ਉਪ ਅਹੁਦੇ ਤੋਂ ਉਸਨੂੰ ਹਟਾ ਦਿੱਤਾ ਸੀ। ਉਸ ਸਮੇਂ ਤੋਂ ਚਰਚਾਵਾਂ ਹੁੰਦੀਆਂ ਰਹੀਆਂ ਕਿ ਉਹ ਭਾਜਪਾ ਵਿੱਚ ਸ਼ਾਮਲ ਹੋ ਸਕਦਾ ਹੈ। ਹੁਣ ਉਹ ਸ਼ਾਮਲ ਹੋਇਆ ਤਾਂ ਆਪਣੇ ਨਾਲ ਛੇ ਹੋਰ ਮੈਂਬਰਾਂ ਨੂੰ ਵੀ ਲੈ ਗਿਆ।

ਹੋ ਸਕਦਾ ਹੈ ਕੇਜਰੀਵਾਲ ਦਾ ਰਾਘਵ ਚੱਢਾ ਨਾਲ ਕੋਈ ਗੁੱਸਾ, ਰੋਸਾ ਹੋਵੇ, ਪਰ ਦੂਜਿਆਂ ਪ੍ਰਤੀ ਤਾਂ ਅਜਿਹਾ ਕਦੇ ਵਿਖਾਈ ਨਹੀਂ ਸੀ ਦਿੱਤਾ, ਪਰ ਉਹ ਗਰੁੱਪ ਬਣਾ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਇਸਦਾ ਇੱਕ ਕਾਰਨ ਤਾਂ ਇਹ ਹੈ ਕਿ ਇਹ ਸਾਰੇ ਮੈਂਬਰ ਨਾ ਤਾਂ ਸਿਆਸੀ ਸਨ ਅਤੇ ਨਾ ਹੀ ਲੋਕ ਆਗੂ ਸਨ। ਇਨ੍ਹਾਂ ਕਦੇ ਲੋਕਾਂ ਲਈ ਕੋਈ ਸੰਘਰਸ਼ ਨਹੀਂ ਸੀ ਕੀਤਾ ਅਤੇ ਪੰਜਾਬ ਦੇ ਲੋਕਾਂ ਨਾਲ ਵੀ ਇਨ੍ਹਾਂ ਦਾ ਕੋਈ ਮੋਹ ਪਿਆਰ ਨਹੀਂ ਸੀ। ਇਹੋ ਕਾਰਨ ਸੀ ਕਿ ਉਹਨਾਂ ਰਾਜ ਸਭਾ ਵਿੱਚ ਵੀ ਪੰਜਾਬ ਦੇ ਭਲੇ ਜਾਂ ਹਿਤਾਂ ਦੀ ਰਾਖੀ ਲਈ ਕਦੇ ਆਵਾਜ਼ ਨਹੀਂ ਸੀ ਉਠਾਈ। ਪਰ ਫਿਰ ਆਮ ਆਦਮੀ ਪਾਰਟੀ ਨੇ ਉਹਨਾਂ ਨੂੰ ਰਾਜ ਸਭਾ ਮੈਂਬਰ ਕਿਉਂ ਬਣਾਇਆ ਸੀ? ਇਹ ਸਵਾਲ ਉਹਨਾਂ ਦੀ ਨਿਯੁਕਤੀ ਤੋਂ ਹੀ ਚਰਚਾ ਵਿੱਚ ਰਿਹਾ ਹੈ। ਆਮ ਲੋਕਾਂ ਦਾ ਕਹਿਣਾ ਸੀ ਕਿ ਇਹ ਲੋਕ ਘਰ ਘਰ ਜਾ ਕੇ ਮਿੰਨਤਾਂ ਨਾਲ ਵੋਟਾਂ ਹਾਸਲ ਕਰਕੇ ਤਾਂ ਬਣੇ ਨਹੀਂ ਸਨ, ਸਿਰਫ ਪੈਸੇ ਦੇ ਜ਼ੋਰ ਨਾਲ ਬਣੇ ਸਨ, ਤਾਂ ਜੋ ਉਹ ਈ ਡੀ ਜਾਂ ਸੀ ਬੀ ਆਈ ਵਰਗੀਆਂ ਏਜੰਸੀਆਂ ਤੋਂ ਬਚੇ ਰਹਿਣ। ਮਿਸਾਲ ਵਜੋਂ 15 ਅਪ੍ਰੈਲ ਨੂੰ ਈ ਡੀ ਨੇ ਅਸ਼ੋਕ ਮਿੱਤਲ ਦੇ ਕਈ ਟਿਕਾਣਿਆਂ 'ਤੇ ਛਾਪੇਮਾਰੀ ਵੀ ਕੀਤੀ ਸੀ, ਜਿਸਨੂੰ ਲੋਕ ਭਾਜਪਾ ਦੇ ਲੋਟਸ ਅਪਰੇਸ਼ਨ ਵਾਂਗ ਹੀ ਦੇਖ ਰਹੇ ਸਨ। ਮੁਕੱਦਮਿਆਂ ਤੋਂ ਬਚ ਕੇ ਸੁਰੱਖਿਅਤ ਰਹਿਣ ਲਈ ਅਤੇ ਕਿਸੇ ਵੱਡੇ ਅਹੁਦੇ ਦੀ ਭੁੱਖ ਮਿਟਾਉਣ ਲਈ ਉਹ ਬਣੇ ਸਨ, ਉਂਝ ਉਹਨਾਂ ਦਾ ਕੋਈ ਸਿਧਾਂਤ ਤਾਂ ਹੈ ਹੀ ਨਹੀਂ ਹੈ ਅਤੇ ਨਾ ਹੀ ਉਹ ਦੇਸ਼ ਭਗਤ ਹਨ ਜਾਂ ਕਦਰਾਂ ਕੀਮਤਾਂ ਪ੍ਰਤੀ ਇਮਾਨਦਾਰ ਹਨ।

ਅੱਜ ਆਮ ਆਦਮੀ ਪਾਰਟੀ ਲਈ ਉਹਨਾਂ ਵੱਲੋਂ ਭਾਜਪਾ ਵਿੱਚ ਜਾਣਾ ਪਾਰਟੀ ਲਈ ਸਭ ਤੋਂ ਵੱਡਾ ਝਟਕਾ ਹੈ। ਪਾਰਟੀ ਬਹੁਤ ਨਿਰਾਸ ਅਤੇ ਦੁਖੀ ਹੈ। ਪਰ ਹੁਣ ਜਦੋਂ 'ਚਿੜੀਆਂ ਚੁਗ ਗਈ ਖੇਤ, ਅਬ ਪਛਤਾਏ ਕਿਆ ਬਣੇ' ਕਹਾਵਤ ਅਨੁਸਾਰ ਕੁਝ ਨਹੀਂ ਹੋ ਸਕਦਾ। ਇਨ੍ਹਾਂ ਲੋਕਾਂ ਨੂੰ ਰਾਜ ਸਭਾ ਮੈਂਬਰ ਬਣਾਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਸੋਚਣਾ ਚਾਹੀਦਾ ਸੀ ਕਿ ਉਹ ਕਿਹੋ ਜਿਹੇ ਲੋਕਾਂ ਨੂੰ ਇਸ ਅਹੁਦੇ 'ਤੇ ਬਿਠਾ ਰਹੇ ਹਨ? ਕੀ ਉਹ ਇਸਦੇ ਕਾਬਲ ਹਨ? ਕੀ ਉਹ ਵਿਸ਼ਵਾਸਪਾਤਰ ਰਹਿਣਗੇ? ਕੀ ਉਹ ਲੋਕ ਸੇਵਾ ਲਈ ਇਹ ਅਹੁਦਾ ਲੈਣ ਦੇ ਚਾਹਵਾਨ ਹਨ? ਪਰ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਨੇ ਬਗੈਰ ਕਿਸੇ ਨਾਲ ਸਲਾਹ ਕੀਤਿਆਂ ਜਿਸ ਉੱਤੇ ਉਂਗਲ ਧਰ ਦਿੱਤੀ, ਉਸਨੂੰ ਪਾਰਟੀ ਨੇ ਰਾਜ ਸਭਾ ਮੈਂਬਰ ਬਣਾ ਦਿੱਤਾ। ਪਰ ਉਹਨਾਂ ਇਹ ਉਂਗਲ ਉਹਨਾਂ ਉੱਤੇ ਹੀ ਕਿਉਂ ਧਰੀ? ਇਸ ਸਵਾਲ ਦਾ ਜਵਾਬ ਤਾਂ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਪਿਆ ਹੈ। ਪਰ ਉਹਨਾਂ ਵੱਲੋਂ ਆਪਣੀ ਪਾਰਟੀ ਨਾਲ ਦਗ਼ਾ ਕਮਾ ਕੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪੰਜਾਬ ਨੂੰ ਵੀ ਬਦਨਾਮੀ ਝੱਲਣੀ ਪੈ ਰਹੀ ਹੈ। ਇਸ ਸ਼ਮੂਲੀਅਤ ਨੂੰ ਚੰਗਾ ਨਹੀਂ ਕਿਹਾ ਜਾ ਸਕਦਾ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਹ ਭਾਜਪਾ ਦੀਆਂ ਪੰਜਾਬ ਉੱਪਰ ਸਿਆਸੀ ਕਬਜ਼ਾ ਕਰਕੇ ਅਗਲੀ ਸਰਕਾਰ ਬਣਾਉਣ ਵਾਲੀਆਂ ਤਿਕੜਮਬਾਜ਼ੀਆਂ ਦਾ ਹੀ ਇੱਕ ਹਿੱਸਾ ਹੈ। ਭਾਜਪਾ ਲੰਬੇ ਸਮੇਂ ਤੋਂ ਹੀ ਅਜਿਹੀਆਂ ਸਾਜ਼ਿਸਾਂ ਰਚਦੀ ਰਹੀ ਹੈ। ਉਹ ਦੂਜੀਆਂ ਪਾਰਟੀ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ। ਅਗਲੇ ਸਾਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਉਸਦਾ ਸਾਰਾ ਧਿਆਨ ਇਸ ਰਾਜ 'ਤੇ ਲੱਗਾ ਹੋਇਆ ਹੈ। ਉਹ ਦੂਜੀਆਂ ਪਾਰਟੀਆਂ ਵਿੱਚੋਂ ਉਹਨਾਂ ਦੇ ਆਗੂਆਂ ਨੂੰ ਆਪਣੀ ਪਾਰਟੀ ਵਿੱਚ ਰਲਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਅਜਿਹਾ ਹੋਰ ਵੀ ਕਾਫ਼ੀ ਕੁਝ ਸਾਹਮਣੇ ਆਉਣ ਦਾ ਖਦਸ਼ਾ ਹੈ। ਪਰ ਇਹ ਨੀਤੀ ਨਾ ਦੇਸ਼ ਜਾਂ ਸੂਬਿਆਂ ਦੇ ਭਲੇ ਵਿੱਚ ਹੈ ਅਤੇ ਨਾ ਹੀ ਸਮਾਜ ਜਾਂ ਲੋਕਾਂ ਦੇ ਹਿਤ ਵਿੱਚ ਹੈ। ਕਿਸੇ ਵੀ ਪਾਰਟੀ ਪ੍ਰਤੀ ਹਮਦਰਦੀ ਹੋਣੀ ਜਾਂ ਉਸਦਾ ਵਿਰੋਧੀ ਹੋਣਾ ਇੱਕ ਵੱਖਰਾ ਸਵਾਲ ਹੈ, ਪਰ ਅਜਿਹੀ ਰਲੇਵਾਂ ਨੀਤੀ ਮਾੜੀ ਹੈ।

ਰਾਜ ਸਭਾ ਦੇ ਇਨ੍ਹਾਂ ਮੈਂਬਰਾਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਦੇਸ਼ ਲਈ ਕਾਲਾ ਅਧਿਆਇ ਹੈ ਅਤੇ ਲੋਕਤੰਤਰ ਉੱਤੇ ਕਾਲਾ ਧੱਬਾ ਹੈ। ਲੋੜ ਹੈ ਕਿ ਪੰਜਾਬ ਦੇ ਲੋਕ ਕੇਂਦਰ ਸਰਕਾਰ ਜਾਂ ਭਾਜਪਾ ਦੀਆਂ ਅਜਿਹੀਆਂ ਕਾਰਵਾਈਆਂ ਪ੍ਰਤੀ ਜਾਗਰੂਕ ਹੋਣ, ਸੁਚੇਤ ਰਹਿਣ ਅਤੇ ਭਾਰਤੀ ਲੋਕਤੰਤਰ ਨੂੰ ਬਚਾਉਣ ਲਈ ਆਵਾਜ਼ ਉਠਾਉਣ। ਦੂਜੀਆਂ ਸਿਆਸੀ ਪਾਰਟੀਆਂ ਨੂੰ ਵੀ ਆਮ ਆਦਮੀ ਪਾਰਟੀ ਦੀ ਅੰਦਰੂਨੀ ਫੁੱਟ ਅਤੇ ਇਸ ਰਲੇਵਾਂ ਸਾਜ਼ਿਸ਼ ਤੋਂ ਸਬਕ ਸਿੱਖਣਾ ਚਾਹੀਦਾ ਹੈ।

# ਜਨਗਣਨਾ 2027 ਦੇ ਮੁੱਖ ਪਹਿਲੂ ਅਤੇ ਨਾਗਰਿਕ ਜ਼ਿੰਮੇਵਾਰੀ



ਤਰਲੋਚਨ ਸਿੰਘ ਭੱਟੀ

ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਅਨੁਸਾਰ ਜਨਗਣਨਾ 2027 ਡਿਜਿਟਲ ਢੰਗ ਨਾਲ ਕੀਤੀ ਜਾ ਰਹੀ ਹੈ। ਭਾਰਤ ਦੀ 16ਵੀਂ ਅਤੇ ਅਜ਼ਾਦੀ ਤੋਂ ਬਾਅਦ ਹੋਣ ਵਾਲੀ ਜਨਗਣਨਾ 2027, 8ਵੀਂ ਜਨਗਣਨਾ ਹੈ, ਜੋ ਦੋ ਪੜਾਵਾਂ ਵਿੱਚ ਹੋਵੇਗੀ। ਪਹਿਲਾ ਪੜਾਅ ਵਿੱਚ ਘਰਾਂ ਦੀ ਸੂਚੀਕਰਨ ਅਤੇ ਰਿਹਾਇਸ਼ੀ ਜਨਗਣਨਾ 1 ਅਪ੍ਰੈਲ 2026 ਤੋਂ ਸਤੰਬਰ 2026 ਤਕ ਚਲੇਗੀ। ਇਸ ਤੋਂ ਬਾਅਦ ਦੂਜੇ ਪੜਾਅ ਫਰਵਰੀ 2027 ਵਿੱਚ ਅਬਾਦੀ ਜਨਗਣਨਾ ਸ਼ੁਰੂ ਹੋਵੇਗੀ। ਜਨਗਣਨਾ ਅਸਲ ਵਿੱਚ 2021 ਵਿੱਚ ਸ਼ੁਰੂ ਕੀਤੀ ਜਾਣੀ ਸੀ ਪਰ ਕੋਵਿਡ-19 ਮਹਾਂਮਾਰੀ ਕਾਰਨ ਇਸ ਨੂੰ ਮੁਲਤਵੀ ਕਰਨਾ ਪਿਆ। ਲਿਹਾਜ਼ਾ ਹੁਣ ਜਨਗਣਨਾ 2027 ਦਾ ਅਭਿਆਸ ਸ਼ੁਰੂ ਹੋਇਆ ਹੈ ਜੋ 2027 ਵਿੱਚ ਮੁਕੰਮਲ ਹੋਵੇਗਾ। ਇਸ 16ਵੀਂ ਜਨਗਣਨਾ ਵਿੱਚ 1931 ਤੋਂ ਬਾਅਦ ਪਹਿਲੀ ਵਾਰ ਜਾਤੀ ਜਨਗਣਨਾ ਨੂੰ ਸ਼ਾਮਲ ਕੀਤਾ ਗਿਆ ਹੈ। ਜਾਤੀ ਜਨਗਣਨਾ ਕੁਝ ਹਿਮਾਲੀਅਨ ਅਤੇ ਬਰਫ ਘਿਰੇ ਖੇਤਰਾਂ (ਜਿਵੇਂ ਕਿ ਲਦਾਖ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਉਤਰਾਖੰਡ ਵਿੱਚ ਜਨਗਣਨਾ ਗਤੀਵਿਧੀਆਂ ਸਤੰਬਰ 2026 ਤੋਂ ਸ਼ੁਰੂ ਹੋਣਗੀਆਂ। ਜਨਗਣਨਾ 2027 ਗ੍ਰਹਿ ਮੰਤਰਾਲਾ ਭਾਰਤ ਸਰਕਾਰ ਵੱਲੋਂ ਕਰਵਾਈ ਜਾ ਰਹੀ ਹੈ, ਜਿਸ ਵਿੱਚ ਮੋਬਾਇਲ ਐਪਲੀਕੇਸ਼ਨ ਦੀ ਵਰਤੋਂ ਕਰਕੇ 16 ਭਾਸ਼ਾਵਾਂ ਵਿੱਚ ਡਿਜਿਟਲ ਰੂਪ ਵਿੱਚ ਕੀਤੀ ਜਾਵੇਗੀ। ਇਹ ਪਹਿਲੀ ਜਨਗਣਨਾ ਹੈ ਜਿਸ ਵਿੱਚ ਸਵੈਗਣਨਾ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਭਾਰਤ ਦੇ ਨਾਗਰਿਕ ਇੱਕ ਸਮਰਪਿਤ ਪੋਰਟਲ ਰਾਹੀਂ ਆਪਣੇ ਵੇਰਵੇ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਜ਼ਿਕਰਯੋਗ ਹੈ ਕਿ ਘਰਾਂ ਦੀਆਂ ਸੂਚੀਆਂ ਵਿੱਚ ਘਰ-ਸੂਚੀ ਸ਼ਡਿਊਲ ਵਿੱਚ 31 ਸਵਾਲ ਸ਼ਾਮਲ ਕੀਤੇ ਗਏ ਹਨ। ਇਮਾਰਤ ਦਾ ਨੰਬਰ (ਨਗਰ ਨਿਗਮ, ਸਥਾਨਿਕ ਸਰਕਾਰ ਅਥਾਰਿਟੀ ਵੱਲੋਂ ਜਾਰੀ ਨੰਬਰ ਜਾਂ ਜਨਗਣਨਾ ਨੂੰ) ਜਨਗਣਨਾ ਦਾ ਘਰ ਨੰਬਰ, ਜਨਗਣਨਾ ਦਾ ਘਰ ਦਾ ਫਰਸ਼/ਕੰਧ ਅਤੇ ਛੱਤ ਦੀ ਪ੍ਰਮੁੱਖ ਸਮਗਰੀ, ਘਰ ਦੀ ਨਿਸ਼ਚਿਤ ਵਰਤੋਂ, ਘਰ ਦੀ ਸਥਿਤੀ, ਘਰ ਦਾ ਨੰਬਰ, ਘਰ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ, ਘਰ ਦੇ ਮੁਖੀ ਦਾ ਨਾਮ, ਘਰ ਦਾ ਮੁਖੀ ਮਰਦ/ਔਰਤ, ਘਰ ਦਾ ਮੁਖੀ ਅਨੁਸੁਚਿਤ ਜਾਤੀ/ਜਨਜਾਤੀ ਦਾ ਵੇਰਵਾਂ, ਘਰ ਦੀ ਮਾਲਕੀ ਦੀ ਸਥਿਤੀ, ਰਿਹਾਇਸ਼ੀ ਕਮਰਿਆਂ ਦੀ ਸਥਿਤੀ, ਘਰ ਵਿੱਚ ਰਹਿ ਰਹੇ ਵਿਆਹੇ ਜੋੜਿਆਂ ਦੀ ਗਿਣਤੀ, ਪੀਣ ਵਾਲੇ ਪਾਣੀ ਦਾ ਸਰੋਤ, ਰੋਸ਼ਨੀ ਦਾ ਮੁੱਖ ਸਰੋਤ, ਲੈਟਰਿਨ ਤਕ ਪਹੁੰਚ, ਲੈਟਰਿਨ ਦੀ ਕਿਸਮ, ਗੰਦੇ ਪਾਣੀ ਦਾ ਨਿਕਾਸ, ਨਹਾਉਣ ਲਈ ਸਹੂਲਤਾਂ ਦੀ ਉਪਲਬਧੀ, ਰਸੋਈ ਵਿੱਚ ਐੱਲ.ਪੀ.ਜੀ / ਪੀ.ਐੱਨ.ਜੀ ਕੁਨੈਕਸ਼ਨ ਦੀ ਉਪਲਬਧਤਾ, ਖਾਣਾ ਪਕਾਉਣ ਲਈ ਵਰਤੇ ਜਾਣ ਵਾਲਾ ਬਾਲਣ, ਰੇਡੀਓ/ਟਰਾਂਜ਼ਿਸਟਰ, ਟੈਲੀਫ਼ੋਨ/ਮੋਬਾਇਲ ਫ਼ੋਨ/ਸਮਾਰਟ ਫ਼ੋਨ, ਇੰਟਰਨੈੱਟ ਤਕ ਪਹੁੰਚ, ਟੈਲੀਵਿਜ਼ਨ, ਸਾਈਕਲ/ਸਕੂਟਰ/ਮੋਪੇਡ, ਕਾਰ/ਜੀਪ/ਵੈਨ, ਘਰ ਵਿੱਚ ਖਪਤ ਹੋਣ ਵਾਲਾ ਮੁੱਖ ਅਨਾਜ, ਮੋਬਾਇਲ ਫ਼ੋਨ ਨੰਬਰ।




ਅਬਾਦੀ ਦੀ ਗਿਣਤੀ ਦੇ 6 ਤੋਂ 8 ਮਹੀਨਿਆਂ ਦੇ ਅੰਤਰਾਲ ਦੇ ਅੰਦਰ ਰਿਹਾਇਸ਼ੀ ਜਨਗਣਨਾ ਸ਼ੁਰੂ ਹੋਵੇਗੀ, ਜਿਸ ਵਿੱਚ ਹਰੇਕ ਵਿਅਕਤੀ ਦੀ ਉਮਰ, ਲਿੰਗ, ਵਿਆਹੁਤਾ ਸਥਿਤੀ, ਧਰਮ, ਅਨੁਸੂਚਿਤ ਜਾਤੀ/ਜਨਜਾਤੀ, ਮਾਤ੍ਰੀਭਾਸ਼ਾ, ਸਿੱਖਿਆ ਪੱਧਰ, ਅਪੰਗਤਾ, ਆਰਥਿਕ ਗਤੀਵਿਧੀ, ਪ੍ਰਵਾਸ, ਉਪਜਾਊ ਸ਼ਕਤੀ (ਕੇਵਲ ਔਰਤਾਂ ਲਈ) 11 ਕਾਲਮਾਂ ਵਿੱਚ ਇਕੱਠੀ ਕੀਤੀ ਜਾਵੇਗੀ। ਡਿਜਿਟਲ ਜਨਗਣਨਾ ਲਈ 30 ਲੱਖ ਗਿਣਤੀਕਾਰਾਂ ਨੂੰ ਸੂਚੀਬੱਧ ਕੀਤਾ ਜਾਵੇਗਾ, ਜਿਸ ਵਿੱਚ ਉਹ ਸਮਾਰਟ ਫ਼ੋਨਾਂ ਦੀ ਵਰਤੋਂ ਕਰ ਸਕਣਗੇ। ਡਿਜਿਟਲ ਜਨਗਣਨਾ ਦੇ ਨਾਲ ਨਾਲ ਕਾਗਜ਼ੀ ਅਭਿਆਸ ਦਾ ਵਿਕਲਪ ਵੀ ਉਪਲਬਧ ਰਹੇਗਾ। ਇਕੱਤਰ ਕੀਤੀ ਜਾਣਕਾਰੀ ਨੂੰ ਰਾਸ਼ਟਰੀ ਪੋਰਟਲ ਵਿੱਚ ਜਮ੍ਹਾਂ ਕੀਤਾ ਜਾਵੇਗਾ ਅਤੇ ਰਾਸ਼ਟਰੀ ਅਬਾਦੀ ਰਜਿਸਟਰ ਨੂੰ ਜਨਗਣਨਾ 2027 ਨਾਲ ਜੋੜਿਆ ਜਾਵੇਗਾ। ਸਾਲ 2011 ਵਿੱਚ ਕਰਵਾਈ ਗਈ 15ਵੀਂ ਜਨਗਣਨਾ ਵਿੱਚ 1931 ਤੋਂ ਬਾਅਦ ਪਹਿਲੀ ਵਾਰ ਸਮਾਜਿਕ, ਆਰਥਿਕ ਅਤੇ ਜਾਤੀ ਸਥਿਤੀ ਦੇ ਆਧਾਰ 'ਤੇ ਅਬਾਦੀ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਪੂਰੀ ਜਨਗਣਨਾ 2027 ਜਨਗਣਨਾ ਐਕਟ 1948 ਦੀਆਂ ਵੱਖ ਵੱਖ ਧਾਰਾਵਾਂ ਅਤੇ ਜਨਗਣਨਾ ਨਿਯਮ 1990 ਅਧੀਨ ਬਣੇ ਕਾਨੂੰਨੀ ਢਾਂਚੇ ਅਨੁਸਾਰ ਕੀਤੀ ਜਾਵੇਗੀ। 2027 ਦੀ ਜਨਗਣਨਾ ਵਿੱਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੇ ਵਰਗੀਕਰਣ ਸ਼੍ਰੇਣੀ ਦੀ ਬਜਾਏ ਵਿਅਕਤੀ ਦੀ ਖਾਸ ਜਾਤ ਲਿਖੀ ਜਾਵੇਗੀ। ਜਨਗਣਨਾ 2027 ਦਾ ਮੁੱਖ ਪਹਿਲੂ ਇਹ ਹੈ ਕਿ ਪਿਛਲੇ 100 ਸਾਲਾਂ ਵਿੱਚ ਪਹਿਲੀ ਵਾਰ ਜਾਤੀ ਜਨਗਣਨਾ ਨੂੰ ਜਨਗਣਨਾ 2027 ਦਾ ਹਿੱਸਾ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ 1871-72 ਵਿੱਚ ਭਾਰਤ ਵਿੱਚ ਅੰਗਰੇਜ਼ੀ ਸਮਰਾਜ ਵੇਲੇ ਪਹਿਲੀ ਵਾਰ ਵਿਸਥਾਰਤ ਜਨਗਣਨਾ ਕਰਵਾਈ ਗਈ ਸੀ, ਜਿਸ ਵਿੱਚ ਜਾਤੀ ਜਨਗਣਨਾ ਨੂੰ ਸ਼ਾਮਲ ਕੀਤਾ ਗਿਆ ਸੀ। ਅੰਕੜਿਆਂ ਅਨੁਸਾਰ ਜਨਗਣਨਾ 1871 ਵੇਲੇ 4147 ਜਾਤੀਆਂ ਦੀ ਪਛਾਣ ਕੀਤੀ ਗਈ ਸੀ। ਕੇਂਦਰ ਸਰਕਾਰ ਵੱਲੋਂ 1951 ਵਿੱਚ ਜਾਤੀ ਜਨਗਣਨਾ ਨੂੰ ਬੰਦ ਕਰ ਦਿੱਤਾ ਗਿਆ। ਜਾਤੀ ਦੀ ਬਜਾਏ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਨੂੰ ਜਨਗਣਨਾ ਵਿੱਚ ਸ਼ਾਮਲ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਜਨਗਣਨਾ 2027 ਨੂੰ ਮੁਕੰਮਲ ਕਰਨ ਲਈ 11718.24 ਕਰੋੜ ਰੁਪਏ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜਨਗਣਨਾ 2027 ਭਾਰਤ ਦੀ ਪੂਰੀ ਅਬਾਦੀ ਨੂੰ ਕਵਰ ਕਰੇਗੀ। ਜਨਗਣਨਾ ਦਾ ਡਾਟਾ ਘੱਟੋ ਘੱਟ ਸਮੇਂ ਵਿੱਚ ਉਪਲਬਧ ਕਰਾਇਆ ਜਾਵੇਗਾ। ਇੱਕ ਅੰਦਾਜ਼ੇ ਅਨੁਸਾਰ ਜਨਗਣਨਾ ਦੌਰਾਨ ਲਗਭਗ 1.02 ਕਰੋੜ ਦਿਨਾਂ ਦਾ ਰੁਜ਼ਗਾਰ ਪੈਦਾ ਹੋਵੇਗਾ। ਜਨਗਣਨਾ ਪਿੰਡ, ਕਸਬਾ, ਵਾਰਡ ਪੱਧਰ ਅਤੇ ਪ੍ਰਾਇਮਰੀ ਡਾਟਾ ਦੇ ਵੱਡੇ ਸਰੋਤ ਹਨ। ਜਨਗਣਨਾ ਕਾਰਜਾਂ ਦਾ ਡਾਟਾ ਸੰਗ੍ਰਹਿ ਅਤੇ ਨਿਗਰਾਨੀ ਲਈ 30 ਲੱਖ ਗਿਣਤੀਕਾਰ, ਸੁਪਰਵਾਈਜ਼ਰ, ਮਾਸਟਰ ਟ੍ਰੇਨਰ, ਚਾਰਜ ਅਫਸਰ, ਪ੍ਰਿੰਸੀਪਲ/ਜ਼ਿਲ੍ਹਾ ਜਨਗਣਨਾ ਅਫਸਰ ਨਿਯੁਕਤ ਕੀਤੇ ਜਾ ਰਹੇ ਹਨ। ਭਾਰਤੀ ਜਨਗਣਨਾ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਸ਼ਾਸਕੀ ਅਤੇ ਅੰਕੜਾਤਮਕ ਅਭਿਆਸ ਹੈ ਜਿਸ ਵਿੱਚ ਲਗਭਗ 30 ਲੱਖ ਖੇਤਰੀ ਕਰਮਚਾਰੀ ਰਾਸ਼ਟਰੀ ਮਹੱਤਵ ਦੇ ਇਸ ਕਾਰਜ ਨੂੰ ਪੂਰਾ ਕਰਨਗੇ। ਜਨਸੰਖਿਆ ਪ੍ਰਕਿਰਿਆ ਵਿੱਚ ਹਰੇਕ ਘਰ ਦਾ ਦੌਰਾ ਕਰਨਾ ਅਤੇ ਘਰ ਸੂਚੀਕਰਨ ਅਤੇ ਰਿਹਾਇਸ਼ੀ ਜਨਗਣਨਾ ਅਤੇ ਅਬਾਦੀ ਜਨਗਣਨਾ ਲਈ ਵੱਖਰੀ ਪ੍ਰਸ਼ਨਾਵਲੀ ਦੀ ਚੋਣ ਕਰਨਾ ਸ਼ਾਮਲ ਹੈ। ਜਨਗਣਨਾ 2027 ਵਿੱਚ ਦੇਸ਼ ਵਿਆਪੀ ਜਾਗਰੂਕਤਾ, ਸਮਾਵੇਸ਼ੀ ਭਾਗੀਦਾਰੀ, ਆਖਰੀ-ਮੀਲ ਦੀ ਸ਼ਮੂਲੀਅਤ ਅਤੇ ਫੀਲਡ ਕਾਰਜਾਂ ਲਈ ਸਹਾਇਤਾ ਲਈ ਇੱਕ ਕੇਂਦਰਿਤ ਅਤੇ ਵਿਆਪਕ ਪ੍ਰਚਾਰ ਮੁਹਿੰਮ ਹੋਵੇਗੀ।

**(ਬਾਕੀ ਸਫ਼ਾ 27 'ਤੇ)**

# ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ: ਸਿੱਖ ਲੀਡਰਸ਼ਿਪ ਦੀ ਤ੍ਰਾਸਦੀ ਅਤੇ ਭਵਿੱਖ



ਇਕਬਾਲ ਸਿੰਘ ਲਾਲਪੁਰਾ

ਆਗੂ ਕੌਮ ਦੀ ਪਛਾਣ ਹੁੰਦੇ ਹਨ। ਗੁਰਬਾਣੀ ਵੀ ਸਿਖਾਉਂਦੀ ਹੈ— ਤਖ਼ਤਿ ਬਹੈ ਤਖ਼ਤੈ ਕੀ ਲਾਇਕ ਅਰਥਾਤ ਜਿਹੜਾ ਤਖ਼ਤ 'ਤੇ ਬੈਠੇ, ਉਹ ਯੋਗਤਾ ਵਾਲਾ ਹੋਵੇ। ਅੰਨ੍ਹਾ ਆਗੂ ਨਾ ਕੇਵਲ ਆਪ ਭਟਕਦਾ ਹੈ, ਸਗੋਂ ਪੂਰੀ ਕੌਮ ਨੂੰ ਵੀ ਰਾਹ ਤੋਂ ਭਟਕਾ ਦਿੰਦਾ ਹੈ। ਇਤਿਹਾਸ ਸਾਫ਼ ਦੱਸਦਾ ਹੈ ਕਿ ਜਦੋਂ ਵੀ ਕੌਮ ਨੂੰ ਦੂਰਦਰਸ਼ੀ ਤੇ ਨੀਤੀਵਾਨ ਆਗੂ ਮਿਲੇ, ਉਹ ਉਚਾਈਆਂ 'ਤੇ ਪਹੁੰਚੀ; ਪਰ ਜਦੋਂ ਸਵਾਰਥੀ ਲੀਡਰਸ਼ਿਪ ਹਾਵੀ ਹੋਈ, ਤਾਂ ਪਤਨ ਵੀ ਨਿਸ਼ਚਿਤ ਹੋਇਆ।

ਦਸਮ ਪਾਤਸ਼ਾਹ ਜੀ ਨੇ ਪੂਜਾ ਅਕਾਲ ਕੀ, ਦੀਦਾਰ ਖ਼ਾਲਸਾ ਕੇ, ਪਰਚਾ ਸ਼ਬਦ ਕਾ ਦੇ ਸਿਧਾਂਤ ਰਾਹੀਂ ਜੀਵਨ ਦਾ ਮੂਲ ਮੰਤਰ ਦਿੱਤਾ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੱਗੇ ਕਰਕੇ ਜ਼ੁਲਮ ਦਾ ਨਾਸ਼ ਕਰਨ ਲਈ ਪੰਜਾਬ ਹੀ ਨਹੀਂ ਭੇਜਿਆ, ਸਗੋਂ ਖ਼ਾਲਸਾ ਰਾਜ ਦੀ ਬੁਨਿਆਦ ਰੱਖੀ। 1708 ਤੋਂ 1716 ਦਾ ਸਮਾਂ ਭਾਵੇਂ ਛੋਟਾ ਸੀ, ਪਰ ਇਸ ਵਿੱਚ ਹੀ ਹਲੇਮੀ ਰਾਜ, ਨਿਆਂ-ਪ੍ਰਧਾਨ ਪ੍ਰਬੰਧ, ਕਿਸਾਨਾਂ ਦੀ ਮੁਕਤੀ ਅਤੇ ਗੁਰੂ ਦੇ ਨਾਮ ਉਪਰ ਕਰੰਸੀ ਤੱਕ ਦੀ ਸਥਾਪਨਾ ਕਰ ਦਿੱਤੀ ਗਈ। ਇਹ ਇਸ ਸਪੱਸ਼ਟ ਸੰਦੇਸ਼ ਦੀ ਪਾਲਣਾ ਸੀ ਕਿ ਰਾਜ ਬਿਨਾਂ ਨਹਿ ਧਰਮ ਚਲੈ ਹੈ । ਸਿੱਖ ਲਈ ਧਰਮ ਅਤੇ ਰਾਜ ਦੋਵੇਂ ਅਟੁੱਟ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਵੀ ਮਿਸਲਾਂ ਦੇ ਸਰਦਾਰਾਂ ਨੇ ਨਵਾਬ ਕਪੂਰ ਸਿੰਘ, ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਆਦਿ ਦੀ ਅਗਵਾਈ ਹੇਠ ਖ਼ਾਲਸਾ ਸ਼ਕਤੀ ਨੂੰ ਇੱਕਜੁੱਟ ਤੇ ਮਜ਼ਬੂਤ ਰੱਖਿਆ। 1783 ਵਿੱਚ ਦਿੱਲੀ 'ਤੇ ਕਬਜ਼ਾ ਅਤੇ ਲਾਹੌਰ 'ਤੇ ਰਾਜ ਇਸੇ ਸ਼ਕਤੀ ਦੀ ਮਿਸਾਲ ਸੀ। ਮਹਾਰਾਜਾ ਰਣਜੀਤ ਸਿੰਘ ਨੇ 1799 ਤੋਂ 1839 ਤੱਕ ਇੱਕ ਮਜ਼ਬੂਤ ਤੇ ਧਰਮ-ਨਿਰਪੱਖ ਰਾਜ ਕਾਇਮ ਕੀਤਾ, ਜਿੱਥੇ ਹਰ ਵਰਗ ਨੂੰ ਇਨਸਾਫ਼ ਮਿਲਦਾ ਸੀ।

ਪਰ ਇਸੇ ਦੌਰ ਵਿੱਚ ਅੰਗਰੇਜ਼ ਹਕੂਮਤ ਵੀ ਭਾਰਤ ਵਿੱਚ ਮਜ਼ਬੂਤ ਹੋ ਰਹੀ ਸੀ। ਉਹ ਸਿਰਫ਼ ਜੇਤੂ ਹੀ ਨਹੀਂ, ਸਗੋਂ ਚਾਣਕਿਆ ਨੀਤੀ ਦੇ ਮਾਹਿਰ ਵੀ ਸਨ। ਉਨ੍ਹਾਂ ਨੇ ਸਿੱਖਾਂ ਦੀਆਂ ਕਮਜ਼ੋਰੀਆਂ ਨੂੰ ਸਮਝ ਕੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ। ਮਿਸਲ ਕਾਲ ਵਿੱਚ ਜਿੱਥੇ ਗਿਆਰਾਂ ਮਿਸਲਾਂ ਦੇ ਸਰਦਾਰ ਇੱਕਜੁੱਟ ਸਨ, ਉੱਥੇ ਹੀ ਪਟਿਆਲਾ ਰਿਆਸਤ ਫੁਲਕੀਆਂ ਘਰਾਣਾ ਅਬਦਾਲੀ ਦਾ ਗੁਲਾਮ ਵੀ ਸੀ। ਉਸ ਪਰਿਵਾਰ ਤੇ ਕੁਝ ਹੋਰ ਸਿੱਖਾਂ ਨੂੰ ਅੰਗਰੇਜ਼ਾਂ ਨੇ ਆਪਣੇ ਨਾਲ ਜੋੜ ਕੇ ਸਿੱਖਾਂ ਦੀ ਏਕਤਾ ਨੂੰ ਖ਼ਤਮ ਕਰ ਦਿੱਤਾ। ਨਤੀਜੇ ਵਜੋਂ, ਸਿੱਖ ਰਾਜ ਦੀ ਹੱਦ ਸਤਲੁਜ ਤੱਕ ਸੀਮਿਤ ਰਹਿ ਗਈ। ਪਰ ਮਹਾਬਲੀ ਰਣਜੀਤ ਸਿੰਘ ਨੇ ਖ਼ਾਲਸਾ ਸ਼ਕਤੀ ਦਾ ਝੰਡਾ ਬੁਲੰਦ ਰੱਖਿਆ। ਜੇਕਰ ਆਪਣੇ ਅੰਗਰੇਜ਼ਾਂ ਦੇ ਪਿੱਠੂ ਨਾ ਬਣਦੇ, ਤਾਂ ਮਹਾਰਾਜਾ ਦਿੱਲੀ ਫ਼ਤਿਹ ਕਰਨ ਦੇ ਸਮਰੱਥ ਵੀ ਸੀ ਅਤੇ ਉਸ ਦੇ ਬੇਹੱਦ ਨੇੜੇ ਵੀ ਪਹੁੰਚ ਗਿਆ ਸੀ।

ਸ਼ੇਰੇ-ਪੰਜਾਬ ਦੇ ਅਕਾਲ ਚਲਾਣੇ ਨਾਲ ਸਿੱਖ ਸਮਰਾਜ ਦਾ ਸੂਰਜ ਹੀ ਅਸਤ ਨਹੀਂ ਹੋਇਆ, ਸਗੋਂ ਸਾਜ਼ਿਸ਼ਾਂ ਰਾਹੀਂ ਉਨ੍ਹਾਂ ਦਾ ਪਰਿਵਾਰ ਵੀ ਖ਼ਤਮ ਕਰ ਦਿੱਤਾ ਗਿਆ। ਸ਼ਾਹ ਮੁਹੰਮਦ ਇਸ ਸਥਿਤੀ ਨੂੰ ਸਪੱਸ਼ਟ ਕਰਦਾ ਹੈ:

ਪਿੱਛੇ ਇੱਕ ਸਰਕਾਰ ਦੇ ਖੇਡ ਚੱਲੀ, ਪਈ
ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ 'ਤੇ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਨੂੰ ਖ਼ਤਮ ਕਰਨਾ ਜਾਂ ਵਿਦੇਸ਼ ਭੇਜਣਾ ਇੱਕ ਵੱਡੀ ਸਾਜ਼ਿਸ਼ ਸੀ। ਕੀ ਕੌਮ ਦੇ ਇਤਿਹਾਸਕਾਰਾਂ ਨੇ ਇਸ ਬਾਰੇ ਗੰਭੀਰ ਖੋਜ ਕੀਤੀ ਹੈ? ਇਸ ਦੇ ਨਾਲ ਹੀ ਅੰਗਰੇਜ਼ ਹਕੂਮਤ ਨੇ ਸਿੱਖ ਧਾਰਮਿਕ ਆਗੂਆਂ ਦਾ ਇੱਕ ਅਜਿਹਾ ਵਰਗ ਪੈਦਾ ਕੀਤਾ, ਜਿਸ ਨੇ ਗੁਰਮਤਿ ਦੇ ਮੂਲ ਸਿਧਾਂਤਾਂ ਨੂੰ ਛੱਡ ਕੇ ਅਕਾਲ ਦੇ ਪੁਜਾਰੀਆਂ ਨੂੰ ਕਰਮਕਾਂਡਾਂ ਵੱਲ ਲਾ ਦਿੱਤਾ। 'ਸ਼ਬਦ ਗੁਰੂ' ਦੀ ਥਾਂ ਦੇਹਧਾਰੀ ਬਾਬਿਆਂ ਨੇ ਲੈ ਲਈ, ਜਿਸ ਨਾਲ ਸਿੱਖੀ ਦੀ ਅਸਲ ਰੂਹ ਕਮਜ਼ੋਰ ਹੋਈ।

ਸਿੰਘ ਸਭਾ ਲਹਿਰ ਨੇ ਇਸ ਗਿਰਾਵਟ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਅੰਗਰੇਜ਼ਾਂ ਨੇ ਉਸ ਵਿੱਚ ਵੀ ਫੁੱਟ ਪਾ ਦਿੱਤੀ। ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਬਣੀਆਂ, ਪਰ ਉਹ ਵੀ ਕੌਮ ਨੂੰ ਇੱਕ ਮਜ਼ਬੂਤ ਦਿਸ਼ਾ ਦੇਣ ਵਿੱਚ ਅਸਫ਼ਲ ਰਹੀਆਂ। ਗੁਰਦੁਆਰਾ ਸੁਧਾਰ ਲਹਿਰ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ, ਪਰ ਆਖ਼ਰਕਾਰ ਗੁਰਦੁਆਰਾ ਪ੍ਰਬੰਧ ਵੀ ਸਿਆਸੀ ਪ੍ਰਭਾਵ ਹੇਠ ਆ ਗਿਆ।

ਆਜ਼ਾਦੀ ਤੋਂ ਬਾਅਦ ਵੀ ਹਾਲਾਤ ਬਹੁਤ ਵੱਖਰੇ ਨਹੀਂ ਰਹੇ। ਅਕਾਲੀ ਆਗੂ ਕਾਂਗਰਸ ਦੇ ਪ੍ਰਭਾਵ ਹੇਠ ਆ ਗਏ ਅਤੇ ਕੌਮੀ ਮਸਲਿਆਂ ਨੂੰ ਨਿੱਜੀ ਸਿਆਸਤ ਲਈ ਵਰਤਿਆ ਗਿਆ। ਜਾਤ-ਪਾਤ ਦੇ ਖ਼ਿਲਾਫ਼ ਮਾਣਸ ਕੀ ਜਾਤ ਸਭੈ ਏਕੈ ਪਹਿਚਾਨਬੋ ਦਾ ਹੋਕਾ ਦੇਣ ਵਾਲਾ ਪੰਥ ਅੱਜ ਖ਼ੁਦ ਜਾਤਾਂ ਵਿੱਚ ਵੰਡਿਆ ਗਿਆ ਹੈ।

ਸਿੱਖ ਦਾਨੀ ਵੀ ਹੈ ਤੇ ਬਹਾਦਰ ਵੀ। ਉਹ ਸਵਾ ਲਾਖ ਸੇ ਏਕ ਲੜਾਊਂ ਦੇ ਬਚਨ ਪੂਰੇ ਕਰਦਾ ਆਇਆ ਹੈ। ਉਹ ਸਾਰਾਗੜ੍ਹੀ ਵਿੱਚ ਕੇਵਲ 21 ਹੋ ਕੇ 10,000 ਅਫ਼ਗਾਨੀਆਂ ਨੂੰ ਮਾਤ ਦੇ ਸਕਦਾ ਹੈ, ਪਰ ਜਦੋਂ ਆਪਸ ਵਿੱਚ ਮਿਲ ਕੇ ਕੌਮ ਲਈ ਨੀਤੀ ਘੜਨ ਦੀ ਵਾਰੀ ਆਉਂਦੀ ਹੈ, ਤਾਂ ਮੈਦਾਨ ਅਕਸਰ ਸਵਾਰਥੀ ਲੋਕਾਂ ਲਈ ਖਾਲੀ ਛੱਡ ਦਿੱਤਾ ਜਾਂਦਾ ਹੈ। ਸ਼ਮਸ਼ੀਰ ਦੀ ਲੜਾਈ ਜਿੱਤ ਕੇ ਵੀ ਅਸੀਂ ਵਿਚਾਰ ਅਤੇ ਤਰਕ ਦੀ ਲੜਾਈ ਕਿਉਂ ਹਾਰ ਜਾਂਦੇ ਹਾਂ? ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਬਹੁਤੇ ਆਗੂ ਕੁਰਸੀ ਦੀ ਖ਼ਾਤਰ ਪੰਥ ਦੀ ਪਿੱਠ ਵਿੱਚ ਛੁਰਾ ਮਾਰ ਕੇ ਦੂਜੇ ਪਾਸੇ ਜਾ ਖੜ੍ਹੇ ਹੋਏ। ਅਜੋਕੇ ਸੰਦਰਭ ਵਿੱਚ ਸ਼ਾਹ ਮੁਹੰਮਦ ਦੀਆਂ ਇਹ ਸਤਰਾਂ ਢੁਕਦੀਆਂ ਹਨ:

ਲਹਿਣਾ ਸਿੰਘ ਸਿਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਮਹਾਂਬਲੀ ਸਿਰਦਾਰ ਸੀ ਪੰਥ ਵਿਚੋਂ,
ਡਿੱਠੀ ਬਣੀ ਕੁਚਲਣੀ ਚਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ, ਸਾਰਾ ਛੱਡ ਕੇ ਦੰਗ ਦਵਾਲ ਮੀਆਂ।

ਅੱਜ ਦੁਨੀਆ ਭਰ ਵਿੱਚ ਸਿੱਖ ਹਰ ਖੇਤਰ ਵਿੱਚ ਮੋਹਰੀ ਹਨ, ਪਰ ਕੌਮੀ ਪੱਧਰ 'ਤੇ ਇੱਕ ਸਾਂਝੀ ਨੀਤੀ ਦੀ ਘਾਟ ਹੈ। ਪੰਜਾਬ ਵਿੱਚ ਅਸੀਂ ਲੋਕਤੰਤਰ ਦੇ ਤਿੰਨਾਂ ਥੰਮ੍ਹਾਂ—ਵਿਧਾਨਪਾਲਿਕਾ, ਨੌਕਰਸ਼ਾਹੀ ਅਤੇ ਨਿਆਂਪਾਲਿਕਾ—ਵਿੱਚ ਪਛੜਦੇ ਜਾ ਰਹੇ ਹਾਂ। ਅੱਜ ਲੜਾਈ ਤੇਗ਼ ਚਲਾਉਣ ਦੀ ਨਹੀਂ, ਸਗੋਂ 'ਵਿਚਾਰ' ਅਤੇ ਸਮਰਪਿਤ ਅਗਵਾਈ ਦੀ ਹੈ।

ਸ਼ਾਹ ਮੁਹੰਮਦ ਦੇ ਸ਼ਬਦਾਂ ਵਿੱਚ:

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ...
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਇਹ ਕਵਿਤਾ ਸਿਰਫ਼ ਇਤਿਹਾਸ ਨਹੀਂ, ਸਗੋਂ ਇੱਕ ਸਬਕ ਹੈ ਕਿ ਇੱਕਜੁੱਟਤਾ ਅਤੇ ਯੋਗ ਆਗੂ ਤੋਂ ਬਿਨਾਂ ਸਭ ਤੋਂ ਬਹਾਦਰ ਕੌਮ ਵੀ ਹਾਰ ਸਕਦੀ ਹੈ। ਅੱਜ ਲੋੜ ਹੈ ਅਜਿਹੇ ਆਗੂਆਂ ਦੀ ਜੋ ਨੀਅਤ, ਨੀਤੀ ਅਤੇ ਨਿਸ਼ਕਾਮਤਾ ਨਾਲ ਕੌਮ ਨੂੰ ਚੜ੍ਹਦੀ ਕਲਾ ਵੱਲ ਲੈ ਕੇ ਜਾਣ। ਆਓ, ਵਿੱਦਿਆ ਅਤੇ ਗਿਆਨ ਦੇ ਚਾਨਣ ਰਾਹੀਂ ਨੌਜਵਾਨੀ ਨੂੰ ਅੱਗੇ ਤੋਰੀਏ ਅਤੇ ਕੌਮੀ ਫ਼ੈਸਲਿਆਂ ਲਈ ਇੱਕ ਸਦੀਵੀ ਵਿਦਵਾਨ ਸੰਸਥਾ ਬਣਾਈਏ। ਅੱਜ ਦੀ ਅਸਲ ਲੜਾਈ 'ਵਿਚਾਰ' ਦੀ ਲੜਾਈ ਹੈ।

# ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਦੂਹਰੇ ਮਾਪਦੰਡ ਕਿਉਂ ?



ਬਘੇਲ ਸਿੰਘ ਧਾਲੀਵਾਲ
9815700916

2027 ਵਿੱਚ ਆ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਾਰਨ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਫਿਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬੰਦੀ ਸਿੰਘਾਂ ਦਾ ਮਸਲਾ ਮਹਿਜ਼ ਕਾਨੂੰਨੀ ਵਿਵਾਦ ਨਹੀਂ ਰਹਿ ਗਿਆ, ਸਗੋਂ ਇਹ ਭਾਰਤੀ ਨਿਆਂ ਪ੍ਰਣਾਲੀ, ਸਟੇਟ ਦੀ ਵਿਤਕਰੇਬਾਜ਼ੀ ਅਤੇ ਸਿੱਖ ਲੀਡਰਸ਼ਿਪ ਦੀ ਨਾਕਾਮੀ ਦਾ ਪ੍ਰਤੀਕ ਬਣ ਚੁੱਕਾ ਹੈ। ਇਹ ਕੌੜਾ ਸੱਚ ਹੈ ਕਿ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਉਹ ਜੁਝਾਰੂ ਸਿੰਘ, ਜਿਨ੍ਹਾਂ ਨੇ ਕੌਮੀ ਕਾਰਜਾਂ ਲਈ ਆਪਣੀ ਜ਼ਿੰਦਗੀ ਦਾ 20-30 ਸਾਲ ਤੋਂ ਵੱਧ ਮਹੱਤਵਪੂਰਨ ਸਮਾਂ ਕੈਦ ਵਿੱਚ ਬਿਤਾ ਦਿੱਤਾ ਹੈ, ਉਹ ਮੌਜੂਦਾ ਸਿੱਖ ਸਿਆਸਤ ਲਈ ਚੋਣ ਮੁੱਦੇ ਤੋਂ ਵੱਧ ਕੇ ਕੁਝ ਨਹੀਂ ਹਨ।

ਜੇਕਰ ਭਾਰਤੀ ਨਿਆਂ ਪ੍ਰਣਾਲੀ ਦੀ ਗੱਲ ਕੀਤੀ ਜਾਵੇ, ਤਾਂ ਭਾਰਤ ਆਪਣੇ ਆਪ ਨੂੰ ਇੱਕ ਲੋਕਤੰਤਰਿਕ ਅਤੇ ਸੰਵਿਧਾਨਕ ਦੇਸ਼ ਕਹਿੰਦਾ ਹੈ, ਜਿੱਥੇ ਨਿਆਂ, ਸਮਾਨਤਾ ਅਤੇ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ। ਪਰ ਜਦੋਂ ਇਹ ਸਿਧਾਂਤ ਜ਼ਮੀਨੀ ਹਕੀਕਤ ਨਾਲ ਮੇਲ ਕੇ ਦੇਖੇ ਜਾਂਦੇ ਹਨ, ਤਾਂ ਬਹੁਤ ਵਾਰ ਇਹ ਸਿਰਫ਼ ਕਾਗਜ਼ੀ ਦਾਅਵੇ ਹੀ ਨਜ਼ਰ ਆਉਂਦੇਹਨ। ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਇਸੇ ਤਰ੍ਹਾਂ ਦੀ ਇੱਕ ਕਸੌਟੀ ਬਣ ਚੁੱਕਾ ਹੈ, ਜਿੱਥੇ ਕਾਨੂੰਨ, ਰਾਜਨੀਤੀ ਅਤੇ ਵਿਤਕਰੇਬਾਜ਼ੀ ਦੇ ਤਿੰਨੋਂ ਰੰਗ ਸਾਫ਼ ਦਿਖਾਈ ਦੇ ਰਹੇ ਹਨ। ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਸਿੱਖਾਂ 'ਤੇ ਜ਼ੁਲਮ ਢਾਹੇ ਤੇ ਜੇਲ੍ਹਾਂ ਵਿੱਚ ਸੁੱਟਿਆ ਅਤੇ ਹੁਣ ਮੌਜੂਦਾ ਸਰਕਾਰ ਉਨ੍ਹਾਂ ਸਿੱਖਾਂ ਨੂੰ ਕਿਸੇ ਵੀ ਕੀਮਤ 'ਤੇ ਬਾਹਰ ਨਹੀਂ ਆਉਣ ਦੇਣਾ ਚਾਹੁੰਦੀ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦਿੱਲੀ ਦੇ ਤਖ਼ਤ 'ਤੇ ਬੇਸ਼ੱਕ ਕੋਈ ਵੀ ਹੋਵੇ, ਸਿੱਖਾਂ ਨਾਲ ਵਿਤਕਰੇਬਾਜ਼ੀ ਜਾਰੀ ਰਹੇਗੀ।

ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਇਹ ਕਹਿਣਾ ਕਿ ਬੰਦੀ ਸਿੰਘਾਂ ਦੀ ਰਿਹਾਈ ਫਿਰ ਹੀ ਹੋ ਸਕਦੀ ਹੈ, ਜੇਕਰ ਉਨ੍ਹਾਂ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੋਵੇ, ਨਿਆਂ ਦੇ ਬੁਨਿਆਦੀ ਅਸੂਲਾਂ ਦੇ ਅਨੁਕੂਲ ਨਹੀਂ ਸਮਝਿਆ ਜਾ ਸਕਦਾ। ਭਾਰਤ ਦੀ ਕਾਨੂੰਨੀ ਪ੍ਰਣਾਲੀ ਵਿੱਚ ਸਜ਼ਾ ਦੀ ਮਿਆਦ ਅਤੇ ਵਿਹਾਰਕ ਮੁਲਾਂਕਣ ਮੁੱਖ ਮਾਪਦੰਡ ਹਨ, ਜਦੋਂਕਿ ਰਾਜਨੀਤਿਕ ਜਾਂ ਭਾਵਨਾਤਮਕ ਸ਼ਰਤਾਂ ਕਾਨੂੰਨੀ ਪ੍ਰਣਾਲੀ ਦੇ ਖੁੰਢਾ ਹੋਣ ਦੇ ਸਬੂਤ ਹਨ। ਜੇਕਰ ਅਜਿਹੀ ਸ਼ਰਤ ਸਾਢੇ ਤਿੰਨ-ਚਾਰ ਦਹਾਕੇ ਪਹਿਲਾਂ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਸਮੇਂ ਰੱਖੀ ਜਾਂਦੀ ਤਾਂ ਸਮਝ ਪੈਂਦੀ ਸੀ, ਪਰ ਦੋ-ਦੋ ਸਜ਼ਾਵਾਂ ਕੱਟ ਲੈਣ ਤੋਂ ਬਾਅਦ ਇਹ ਕਹਿਣਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਤੋਂ ਵੱਧ ਹੋਰ ਕੁਝ ਨਹੀਂ ਹੈ। ਭਾਜਪਾ ਦੇ ਇੱਕ ਹੋਰ ਸਿੱਖ ਆਗੂ ਆਰ.ਪੀ. ਸਿੰਘ ਦਾ ਇਹ ਬਿਆਨ ਕਿ 'ਮੁਆਫ਼ੀ ਮੰਗਣ ਨਾਲ ਰਿਹਾਈ ਬਾਰੇ ਵਿਚਾਰ ਹੋ ਸਕਦਾ ਹੈ', ਜਿੱਥੇ ਸਿੱਖ ਕੌਮ ਨੂੰ ਸ਼ਰਮਸਾਰ ਕਰਨ ਵਾਲਾ ਹੈ, ਉੱਥੇ ਹੀ ਇਹ ਬਿਆਨ ਲੋਭ-ਲਾਲਸਾ ਵਿੱਚ ਗ੍ਰਸੇ ਸਿੱਖ ਦੀ ਮਾਨਸਿਕਤਾ ਦੀ ਗਿਰਾਵਟ ਨੂੰ ਦਰਸਾਉਂਦਾ ਹੈ, ਜਿਹੜਾ ਆਪਣੇ ਕੌਮੀ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਕੇਂਦਰੀ ਤਾਕਤਾਂ ਦਾ ਵਫ਼ਾਦਾਰ ਬਣੇ ਰਹਿਣ ਵਿੱਚ ਜ਼ਿਆਦਾ ਮਾਣ ਮਹਿਸੂਸ ਕਰਦਾ ਹੈ।



ਜੇਕਰ ਸੰਵਿਧਾਨਕ ਪੱਖ ਤੋਂ ਗੱਲ ਕੀਤੀ ਜਾਵੇ, ਤਾਂ ਭਾਰਤ ਦੇ ਸੰਵਿਧਾਨ ਦਾ ਆਰਟੀਕਲ 14 ਸਪੱਸ਼ਟ ਕਰਦਾ ਹੈ ਕਿ ਸਾਰੇ ਨਾਗਰਿਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਇਸ ਦੇ ਨਾਲ ਹੀ ਆਰਟੀਕਲ 21 ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ ਦਿੰਦਾ ਹੈ। ਇਸ ਤੋਂ ਇਲਾਵਾ, ਆਰਟੀਕਲ 72 ਅਤੇ 161 ਰਾਸ਼ਟਰਪਤੀ ਅਤੇ ਰਾਜਪਾਲ ਨੂੰ ਮੁਆਫ਼ੀ ਜਾਂ ਸਜ਼ਾ ਘਟਾਉਣ ਦੇ ਅਧਿਕਾਰ ਦਿੰਦੇ ਹਨ। ਪਰ ਇਹ ਸਾਰੇ ਅਧਿਕਾਰ ਇੱਕ ਨਿਰਪੱਖ ਅਤੇ ਸਮਾਨ ਪ੍ਰਕਿਰਿਆ ਦੇ ਅਧੀਨ ਵਰਤੇ ਜਾਣੇ ਚਾਹੀਦੇ ਹਨ। ਸੁਪਰੀਮ ਕੋਰਟ ਦੇ ਕਈ ਫ਼ੈਸਲੇ ਇਹ ਦਰਸਾਉਂਦੇ ਹਨ ਕਿ ਉਮਰ ਕੈਦ ਕੱਟ ਰਹੇ ਕੈਦੀਆਂ ਦੀ ਰਿਹਾਈ ਲਈ ਮੁੱਖ ਮਾਪਦੰਡ ਉਨ੍ਹਾਂ ਦੀ ਸਜ਼ਾ ਦੀ ਮਿਆਦ, ਵਿਹਾਰ ਅਤੇ ਸਮਾਜ ਵਿੱਚ ਵਾਪਸੀ ਦੀ ਸੰਭਾਵਨਾ ਹੁੰਦੇ ਹਨ। ਕਿਸੇ ਵੀ ਫ਼ੈਸਲੇ ਵਿੱਚ ਪਛਤਾਵਾ ਜਤਾਉਣਾ ਲਾਜ਼ਮੀ ਸ਼ਰਤ ਨਹੀਂ ਬਣਾਇਆ ਗਿਆ।

ਬੰਦੀ ਸਿੰਘਾਂ ਦਾ ਮਾਮਲਾ ਇਸ ਸੰਦਰਭ ਵਿੱਚ ਹੋਰ ਵੀ ਗੰਭੀਰ ਬਣ ਜਾਂਦਾ ਹੈ, ਕਿਉਂਕਿ ਕਈ ਕੈਦੀ 30-35 ਸਾਲ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਬਿਤਾ ਚੁੱਕੇ ਹਨ। ਜੇ ਇਹ ਸਮਾਂ ਵੀ ਰਿਹਾਈ ਲਈ ਕਾਫ਼ੀ ਨਹੀਂ, ਤਾਂ ਫਿਰ ਕਾਨੂੰਨ ਦੀ ਮਿਆਦ ਦਾ ਕੀ ਮਤਲਬ ਰਹਿ ਜਾਂਦਾ ਹੈ? ਰਾਜੀਵ ਗਾਂਧੀ ਹੱਤਿਆ ਮਾਮਲੇ ਵਿੱਚ ਦੋਸ਼ੀਆਂ ਨੂੰ ਰਿਹਾਈ ਮਿਲ ਚੁੱਕੀ ਹੈ; ਉਨ੍ਹਾਂ ਦੇ ਮਾਮਲੇ ਵਿੱਚ ਕਾਨੂੰਨੀ ਪ੍ਰਕਿਰਿਆ ਨੂੰ ਮੱਦੇਨਜ਼ਰ ਰੱਖਿਆ ਗਿਆ, ਨਾ ਕਿ ਕੋਈ ਵਾਧੂ ਸ਼ਰਤ ਲਗਾਈ ਗਈ। ਇਸੇ ਤਰ੍ਹਾਂ ਮਰਹੂਮ ਇੰਦਰਾ ਗਾਂਧੀ ਨਾਲ ਜੁੜੇ ਜਹਾਜ਼ ਅਗਵਾ ਮਾਮਲੇ ਦੇ ਦੋਸ਼ੀਆਂ ਨੂੰ ਤਾਂ ਰਾਜਨੀਤਿਕ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। 20 ਦਸੰਬਰ 1978 ਨੂੰ ਮਰਹੂਮ ਇੰਦਰਾ ਗਾਂਧੀ ਨੂੰ ਸੰਸਦ ਦੀ ਮਾਣਹਾਨੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਦੇ ਰੋਸ ਵਿੱਚ ਭੋਲਾ ਨਾਥ ਪਾਂਡੇ ਅਤੇ ਦਵਿੰਦਰ ਪਾਂਡੇ ਨੇ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ (93-410) ਅਗਵਾ ਕਰ ਲਿਆ ਸੀ। ਉਨ੍ਹਾਂ ਦੀ ਮੰਗ ਸੀ ਕਿ ਇੰਦਰਾ ਗਾਂਧੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਨੇ ਆਤਮ-ਸਮਰਪਣ ਕਰ ਦਿੱਤਾ ਸੀ, ਪਰੰਤੂ 1980 ਵਿੱਚ ਜਦੋਂ ਦੁਬਾਰਾ ਕਾਂਗਰਸ ਦੀ ਸਰਕਾਰ ਬਣੀ, ਤਾਂ ਉੱਤਰ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਵਿਰੁੱਧ ਕੇਸ ਵਾਪਸ ਲੈ ਲਏ। ਇੱਥੇ ਹੀ ਬੱਸ ਨਹੀਂ, ਬਾਅਦ ਵਿੱਚ ਉਨ੍ਹਾਂ ਨੂੰ ਕਾਂਗਰਸ ਵੱਲੋਂ ਟਿਕਟਾਂ ਦੇ ਕੇ ਵੀ ਨਿਵਾਜਿਆ ਗਿਆ। ਦੂਜੇ ਪਾਸੇ, ਜਹਾਜ਼ ਅਗਵਾ ਦੇ ਮਾਮਲੇ ਵਿੱਚ ਸਿੱਖਾਂ ਨੂੰ ਜਲਾਵਤਨ ਰਹਿ ਕੇ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਕੀਤਾ ਗਿਆ ਅਤੇ ਭਾਰਤ ਵਿੱਚ ਰਹਿ ਗਏ ਸਿੱਖਾਂ ਨੂੰ ਜਿੱਥੇ ਲੰਮਾ ਸਮਾਂ ਜੇਲ੍ਹਾਂ ਕੱਟਣੀਆਂ ਪਈਆਂ, ਉੱਥੇ ਹੁਣ ਬੁਢਾਪੇ ਵਿੱਚ ਵੀ ਅਦਾਲਤਾਂ ਦੇ ਚੱਕਰਾਂ ਵਿੱਚ ਉਲਝਾ ਕੇ ਰੱਖਿਆ ਹੋਇਆ ਹੈ।

ਸਾਰੀਆਂ ਉਦਾਹਰਨਾਂ ਇਹੋ ਦਰਸਾਉਂਦੀਆਂ ਹਨ ਕਿ ਭਾਰਤ ਅੰਦਰ ਕਾਨੂੰਨ ਦਾ ਮਾਪਦੰਡ ਹਰ ਜਗ੍ਹਾ ਇੱਕੋ ਜਿਹਾ ਨਹੀਂ ਹੈ। ਡੇਰਾ ਸਿਰਸਾ ਮੁਖੀ ਦਾ ਮਾਮਲਾ ਵੀ ਇਸੇ ਦੋਹਰੇ ਮਾਪਦੰਡ ਦੀ ਇੱਕ ਹੋਰ ਮਿਸਾਲ ਹੈ। ਗੰਭੀਰ ਜ਼ੁਰਮਾਂ ਵਿੱਚ ਸਜ਼ਾ ਕੱਟਣ ਦੇ ਬਾਵਜੂਦ ਉਸ ਨੂੰ ਵਾਰ-ਵਾਰ ਪੈਰੋਲ ਮਿਲ ਰਹੀ ਹੈ, ਜਦੋਂ ਕਿ ਬੰਦੀ ਸਿੰਘਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮੌਤ 'ਤੇ ਵੀ ਪੈਰੋਲ ਨਹੀਂ ਮਿਲਦੀ ਜਾਂ ਫਿਰ ਕੁਝ ਘੰਟਿਆਂ ਦੀ ਹੀ ਮਿਲਦੀ ਹੈ।ਇਹ ਵੀ ਸਚਾਈ ਹੈ ਕਿ ਸਿੱਖਾਂ ਦੀ ਇਸ ਦੁਰਦਸ਼ਾ ਲਈ ਸਿੱਖ ਲੀਡਰਸ਼ਿਪ ਬਰਾਬਰ ਜ਼ਿੰਮੇਵਾਰ ਹੈ। ਅੱਜ ਸਿੱਖ ਰਾਜਨੀਤੀ ਦਾ ਹਾਲ ਇਹ ਹੈ ਕਿ ਬੰਦੀ ਸਿੰਘਾਂ ਦਾ ਮਸਲਾ ਸਿਰਫ਼ ਇੱਕ ਜਜ਼ਬਾਤੀ ਨਾਅਰਾ ਬਣ ਕੇ ਰਹਿ ਗਿਆ ਹੈ। ਹਰ ਪਾਰਟੀ ਅਤੇ ਆਗੂ ਇਸ ਦੀ ਵਰਤੋਂ ਸਿਆਸੀ ਲਾਭ ਲਈ ਕਰਦਾ ਹੈ, ਪਰ ਹਕੀਕਤ ਵਿੱਚ ਕੋਈ ਠੋਸ ਕਾਨੂੰਨੀ ਜਾਂ ਰਣਨੀਤਿਕ ਲੜਾਈ ਨਹੀਂ ਲੜੀ ਜਾ ਰਹੀ। ਸ਼੍ਰੋਮਣੀ ਅਕਾਲੀ ਦਲ ਹੋਵੇ ਜਾਂ ਹੋਰ ਸਿੱਖ ਧਿਰਾਂ, ਸਭ ਨੇ ਇਸ ਮਸਲੇ ਨੂੰ ਆਪਣੇ ਸਿਆਸੀ ਮੁਫ਼ਾਦ ਲਈ ਵਰਤਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨਾਂ ਦੀ ਭੂਮਿਕਾ ਵੀ ਕੋਈ ਤਸੱਲੀਬਖਸ਼ ਨਹੀਂ ਰਹੀ। ਇਹ ਸਚਾਈ ਹੈ ਕਿ ਆਜ਼ਾਦ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ, ਮੀਰੀ-ਪੀਰੀ ਦੇ ਸਰਵਉੱਚ ਅਸਥਾਨ 'ਤੇ ਬੈਠ ਕੇ ਵੀ ਸਿੰਘ ਸਾਹਿਬਾਨ ਕੌਮ ਦੇ ਹਿੱਤਾਂ ਪ੍ਰਤੀ ਸੰਜੀਦਾ ਨਹੀਂ ਰਹੇ।

ਕੇਂਦਰੀ ਤਾਕਤਾਂ ਵੱਲੋਂ ਸਿੱਖਾਂ ਨਾਲ ਵਿਤਕਰੇਬਾਜ਼ੀ ਕਰਨ ਦੇ ਪਿੱਛੇ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਸਿੱਖ ਅੰਦਰੂਨੀ ਤੌਰ 'ਤੇ ਕਮਜ਼ੋਰ ਹੋ ਚੁੱਕੇ ਹਨ। ਆਪਸੀ ਧੜੇਬੰਦੀ, ਨਿੱਜੀ ਵਿਰੋਧ ਅਤੇ ਰਾਜਨੀਤਿਕ ਟਕਰਾਅ ਨੇ ਕੌਮ ਦੀ ਸਾਂਝੀ ਤਾਕਤ ਨੂੰ ਖੋਖਲਾ ਕਰ ਦਿੱਤਾ ਹੈ। ਜਦੋਂ ਕੋਈ ਕੌਮ ਅੰਦਰੋਂ ਕਮਜ਼ੋਰ ਹੋਵੇ, ਤਾਂ ਬਾਹਰੀ ਤਾਕਤਾਂ ਲਈ ਉਸ 'ਤੇ ਦਬਾਅ ਬਣਾਉਣਾ ਆਸਾਨ ਹੋ ਜਾਂਦਾ ਹੈ। ਪੰਜਾਬ ਦੀ ਸਮਾਜਿਕ ਸਥਿਤੀ ਵੀ ਚਿੰਤਾਜਨਕ ਹੈ; ਜਵਾਨੀ ਦਾ ਵੱਡਾ ਹਿੱਸਾ ਵਿਦੇਸ਼ਾਂ ਵੱਲ ਕੂਚ ਕਰ ਚੁੱਕਾ ਹੈ, ਜਦੋਂ ਕਿ ਇੱਥੇ ਰਹਿ ਗਈ ਜਵਾਨੀ ਨੂੰ ਸਾਜ਼ਿਸ਼ ਤਹਿਤ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ।ਅਜਿਹੇ ਹਾਲਾਤ ਵਿੱਚ ਸਿਰਫ਼ ਅਪੀਲਾਂ ਅਤੇ ਬਿਆਨਾਂ ਨਾਲ ਕੁਝ ਨਹੀਂ ਬਦਲੇਗਾ। ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿੱਖ ਕੌਮ ਦੀ ਪਾਟੋਧਾੜ ਤੋਂ ਅਲੱਗ ਨਹੀਂ ਹੈ। ਅੱਜ ਸਭ ਤੋਂ ਵੱਡੀ ਲੋੜ ਇੱਕਜੁੱਟਤਾ ਦੀ ਹੈ। ਸਿੱਖ ਕੌਮ ਨੂੰ ਆਪਣੇ ਅੰਦਰੂਨੀ ਕਾਟੋ-ਕਲੇਸ਼ ਤੋਂ ਉੱਪਰ ਉੱਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਇੱਕ ਸਾਂਝੀ ਰਣਨੀਤੀ ਬਣਾਉਣੀ ਪਵੇਗੀ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਅਕਾਲ ਤਖ਼ਤ ਸਾਹਿਬ ਤੋਂ ਸਪੱਸ਼ਟ ਦਿਸ਼ਾ ਮਿਲੀ ਹੈ, ਸਿੱਖ ਕੌਮ ਨੇ ਨਵੇਂ ਦਿਸਹੱਦੇ ਸਿਰਜੇ ਹਨ। 2018 ਦਾ 'ਬਰਗਾੜੀ ਇਨਸਾਫ਼ ਮੋਰਚਾ' ਇਸ ਗੱਲ ਦਾ ਗਵਾਹ ਹੈ ਕਿ ਸਿੱਖ ਸੰਗਤ ਨੇ ਅਗਵਾਈ ਨੂੰ ਕਬੂਲਿਆ ਅਤੇ ਸਰਕਾਰਾਂ ਨੂੰ ਗੋਡਿਆਂ ਭਾਰ ਕਰ ਦਿੱਤਾ ਸੀ, ਪਰ ਕੌਮ ਦੀ ਬਦਕਿਸਮਤੀ ਰਹੀ ਕਿ ਲੀਡਰਸ਼ਿਪ ਖੁਦ ਆਪਣੇ ਬਚਨਾਂ 'ਤੇ ਪਹਿਰਾ ਨਾ ਦੇ ਸਕੀ।

(ਬਾਕੀ ਸਫ਼ਾ 27 'ਤੇ)

# ਗੁਰਦੁਆਰਾ ਪ੍ਰਬੰਧ ਵਿੱਚ 'ਪੰਜ ਪਿਆਰੇ' ਪ੍ਰਣਾਲੀ ਅਤੇ 'ਕਸਟੋਡੀਅਨ' ਦੀ ਮਾਨਤਾ ਸਮੇਂ ਦੀ ਮੁੱਖ ਲੋੜ

ਮਨਿੰਦਰ ਸਿੰਘ
ਮੋਬਾ: 9646688073
Email: manidersinghchugh@gmail.com



ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ, ਸੁਰੱਖਿਆ ਅਤੇ ਸੁਚੱਜੀ ਸੰਭਾਲ ਲਈ ਨਵੇਂ ਨਿਯਮ ਤੈਅ ਕੀਤੇ ਜਾਣ ਦੀ ਉਮੀਦ ਹੈ। ਇਸ ਅਹਿਮ ਪੜਾਅ 'ਤੇ ਸਿੱਖ ਜਗਤ ਅਤੇ ਸਮੂਹ ਸੰਗਤ ਵੱਲੋਂ ਇਹ ਪੁਰਜ਼ੋਰ ਮੰਗ ਉੱਠ ਰਹੀ ਹੈ ਕਿ ਇਹ ਨਿਯਮ ਕੇਵਲ ਮੌਜੂਦਾ ਕਮੇਟੀ ਕਲਚਰ ਤੱਕ ਸੀਮਤ ਨਾ ਰਹਿਣ, ਸਗੋਂ ਇਹਨਾਂ ਵਿੱਚ ਅਸਲ ਸਿੱਖ ਸਿਧਾਂਤਾਂ ਦੀ ਝਲਕ ਮਿਲੇ। ਇੱਕ ਪਾਰਦਰਸ਼ੀ ਅਤੇ ਜ਼ਿੰਮੇਵਾਰ ਪ੍ਰਬੰਧ ਲਈ ਰਵਾਇਤੀ 'ਪੰਜ ਪਿਆਰੇ' ਪ੍ਰਣਾਲੀ ਅਤੇ ਇੱਕ ਨਿਸ਼ਚਿਤ 'ਕਸਟੋਡੀਅਨ' (ਸੰਭਾਲਕਰਤਾ) ਨੂੰ ਕਾਨੂੰਨੀ ਮਾਨਤਾ ਦੇਣਾ ਬੇਹੱਦ ਜ਼ਰੂਰੀ ਹੈ।

ਇਹ ਕੋਈ ਸਿਆਸੀ ਮੁੱਦਾ ਨਹੀਂ, ਸਗੋਂ ਗੁਰੂ ਸਾਹਿਬ ਦੇ ਸਤਿਕਾਰ ਅਤੇ ਪੰਥਕ ਸੰਸਥਾਵਾਂ ਦੀ ਪਵਿੱਤਰਤਾ ਦਾ ਸਵਾਲ ਹੈ।

**ਪੰਜ ਪਿਆਰੇ: ਗੁਰੂ ਸਾਹਿਬ ਵੱਲੋਂ ਬਖਸ਼ੀ ਅਗਵਾਈ**

1699 ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਪੰਜ ਪਿਆਰੇ' ਸਾਜ ਕੇ ਸੰਸਾਰ ਨੂੰ ਦੱਸਿਆ ਸੀ ਕਿ ਫੈਸਲੇ ਲੈਣ ਦੀ ਸ਼ਕਤੀ ਕਿਸੇ ਇੱਕ ਵਿਅਕਤੀ ਕੋਲ ਨਹੀਂ, ਸਗੋਂ ਸਮੂਹਿਕ ਬੁੱਧੀ ਅਤੇ ਗੁਰਮਤਿ ਕੋਲ ਹੋਣੀ ਚਾਹੀਦੀ ਹੈ। ਪੰਜ ਪਿਆਰੇ ਸਾਂਝੀ ਜ਼ਿੰਮੇਵਾਰੀ, ਬਰਾਬਰੀ, ਨਿਮਰਤਾ ਅਤੇ ਨਿਰਪੱਖ ਨਿਆਂ ਦੇ ਪ੍ਰਤੀਕ ਹਨ। ਅੱਜ ਦੇ ਦੌਰ ਵਿੱਚ ਇਸੇ ਸਿਧਾਂਤ ਨੂੰ ਪ੍ਰਸ਼ਾਸਨਿਕ ਨਿਯਮਾਂ ਦਾ ਹਿੱਸਾ ਬਣਾਉਣ ਦੀ ਲੋੜ ਹੈ।

**ਕਮੇਟੀ ਪ੍ਰਣਾਲੀ ਦੀਆਂ ਸੀਮਾਵਾਂ**

ਇਹ ਇੱਕ ਇਤਿਹਾਸਕ ਤੱਥ ਹੈ ਕਿ ਮੌਜੂਦਾ ਗੁਰਦੁਆਰਾ ਕਮੇਟੀਆਂ ਦਾ ਢਾਂਚਾ (ਪ੍ਰਧਾਨ, ਸਕੱਤਰ, ਵੋਟਿੰਗ ਆਦਿ) ਗੁਰੂ ਕਾਲ ਦੀ ਦੇਣ ਨਹੀਂ, ਸਗੋਂ ਬਸਤੀਵਾਦੀ ਦੌਰ ਅਤੇ ਬਾਅਦ ਦੇ ਸੰਸਥਾਗਤ ਵਿਕਾਸ ਵਿੱਚੋਂ ਨਿਕਲਿਆ ਹੈ। ਜਦੋਂ ਸਾਰੀ ਤਾਕਤ ਇੱਕ ਪ੍ਰਧਾਨ ਜਾਂ ਛੋਟੀ ਕਮੇਟੀ ਕੋਲ ਕੇਂਦਰਿਤ ਹੋ ਜਾਂਦੀ ਹੈ, ਤਾਂ ਹੇਠ ਲਿਖੇ ਖ਼ਤਰੇ ਪੈਦਾ ਹੁੰਦੇ ਹਨ:

ਸ਼ਕਤੀ ਦਾ ਕੇਂਦਰੀਕਰਨ: ਜਿੱਥੇ ਸੇਵਾ ਨਾਲੋਂ ਅਹੁਦਾ ਵੱਡਾ ਹੋ ਜਾਂਦਾ ਹੈ।

ਪਾਰਦਰਸ਼ਤਾ ਦੀ ਘਾਟ: ਗੋਲਕ, ਫੰਡਾਂ ਅਤੇ ਸੰਪਤੀਆਂ ਦੇ ਪ੍ਰਬੰਧ ਵਿੱਚ ਸੰਗਤ ਦਾ ਭਰੋਸਾ ਡੋਲਦਾ ਹੈ।

ਮਰਯਾਦਾ ਵਿੱਚ ਦਖ਼ਲ: ਕਈ ਵਾਰ ਸਿਆਸੀ ਜਾਂ ਨਿੱਜੀ ਹਿੱਤਾਂ ਲਈ ਗੁਰਮਤਿ ਮਰਯਾਦਾ ਨਾਲ ਸਮਝੌਤਾ ਕਰ ਲਿਆ ਜਾਂਦਾ ਹੈ।

**ਪੰਜ ਪਿਆਰੇ + ਕਸਟੋਡੀਅਨ: ਇੱਕ ਸੰਤੁਲਿਤ ਮਾਡਲ**

ਜੇਕਰ ਸਰਕਾਰੀ ਨਿਯਮਾਂ ਵਿੱਚ ਪੰਜ ਪਿਆਰਿਆਂ ਦੀ ਅਗਵਾਈ ਅਤੇ ਇੱਕ ਜ਼ਿੰਮੇਵਾਰ ਕਸਟੋਡੀਅਨ ਨੂੰ ਮਾਨਤਾ ਮਿਲਦੀ ਹੈ, ਤਾਂ ਪ੍ਰਬੰਧ ਵਿੱਚ ਵੱਡਾ ਸੁਧਾਰ ਆ ਸਕਦਾ ਹੈ:

ਪੰਜ ਪਿਆਰੇ (ਸਮੂਹਿਕ ਨਿਗਰਾਨੀ): ਇਹ ਸਮੂਹ ਸੰਗਤ ਵਿੱਚੋਂ ਨਿਰਪੱਖ ਤੌਰ 'ਤੇ ਚੁਣਿਆ ਜਾਵੇ ਜੋ ਮਰਯਾਦਾ, ਵਿਵਾਦਾਂ ਦੇ ਹੱਲ ਅਤੇ ਪਾਰਦਰਸ਼ਤਾ ਲਈ 'ਜਿਊਰੀ' ਵਜੋਂ ਕੰਮ ਕਰੇ।

ਕਸਟੋਡੀਅਨ (ਪ੍ਰਬੰਧਕੀ ਜ਼ਿੰਮੇਵਾਰੀ): ਇੱਕ ਅਜਿਹਾ ਵਿਅਕਤੀ ਜੋ ਰੋਜ਼ਾਨਾ ਦੇ ਰਿਕਾਰਡ, ਪਾਵਨ ਸਰੂਪਾਂ ਦੀ ਆਵਾਜਾਈ ਦੇ ਰਜਿਸਟਰ ਅਤੇ ਕਾਨੂੰਨੀ ਪਾਲਣਾ ਲਈ ਜਵਾਬਦੇਹ ਹੋਵੇ।

**ਸੁਝਾਅ: ਨਿਯਮਾਂ ਵਿੱਚ ਇਹਨਾਂ ਦਾ ਘੇਰਾ**

ਸਰਕਾਰ ਨੂੰ ਅਪੀਲ ਹੈ ਕਿ ਹੇਠ ਲਿਖੇ ਕਾਰਜਾਂ ਲਈ ਪੰਜ ਪਿਆਰਿਆਂ ਅਤੇ ਕਸਟੋਡੀਅਨ ਦੀ ਭੂਮਿਕਾ ਲਾਜ਼ਮੀ ਕੀਤੀ ਜਾਵੇ:

ਪਾਵਨ ਸਰੂਪਾਂ ਦੀ ਇੱਕ ਥਾਂ ਤੋਂ ਦੂਜੀ ਥਾਂ ਆਵਾਜਾਈ ਦਾ ਰਿਕਾਰਡ ਰੱਖਣਾ।

ਗੋਲਕ ਅਤੇ ਚੜ੍ਹਾਵੇ ਦੀ ਪਾਰਦਰਸ਼ੀ ਗਿਣਤੀ ਅਤੇ ਵਰਤੋਂ ਦੀ ਨਿਗਰਾਨੀ।

ਗੁਰਦੁਆਰਾ ਸਾਹਿਬਾਨ ਵਿੱਚ ਹੋਣ ਵਾਲੇ ਵਿਵਾਦਾਂ ਦੌਰਾਨ ਨਿਰਪੱਖ ਫੈਸਲੇ ਲੈਣਾ।

ਮਰਯਾਦਾ ਅਨੁਸਾਰ ਪਾਵਨ ਸਰੂਪਾਂ ਦੀ ਸੇਵਾ ਸੰਭਾਲ ਅਤੇ ਅਗਨ-ਭੇਟ ਦੀ ਪ੍ਰਕਿਰਿਆ।

ਸੇਵਾਦਾਰਾਂ ਅਤੇ ਗ੍ਰੰਥੀ ਸਿੰਘਾਂ ਦੇ ਹੱਕਾਂ ਦੀ ਰਾਖੀ ਕਰਨਾ ਤਾਂ ਜੋ ਉਹ ਬਿਨਾਂ ਕਿਸੇ ਡਰ ਦੇ ਸੇਵਾ ਕਰ ਸਕਣ।

**ਸਿੱਟਾ** :ਗੁਰੂ ਗ੍ਰੰਥ ਸਾਹਿਬ ਜੀ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਣ ਲਈ ਇਹ ਜ਼ਰੂਰੀ ਹੈ ਕਿ ਪ੍ਰਬੰਧਕੀ ਢਾਂਚਾ ਗੁਰਮਤਿ ਅਨੁਸਾਰ ਹੋਵੇ। ਨਿਯਮ ਅਜਿਹੇ ਹੋਣੇ ਚਾਹੀਦੇ ਹਨ ਜੋ ਕਿਸੇ ਵਿਅਕਤੀ ਵਿਸ਼ੇਸ਼ ਨੂੰ ਗੁਰੂ ਘਰ ਦੇ ਪ੍ਰਬੰਧ 'ਤੇ ਹਾਵੀ ਨਾ ਹੋਣ ਦੇਣ। ਸਮੂਹਿਕ ਜ਼ਿੰਮੇਵਾਰੀ ਵਾਲਾ ਇਹ ਮਾਡਲ ਨਾ ਸਿਰਫ ਵਧੇਰੇ ਪਾਰਦਰਸ਼ੀ ਹੋਵੇਗਾ, ਸਗੋਂ ਇਸ ਨਾਲ ਸੰਗਤ ਦਾ ਵਿਸ਼ਵਾਸ ਵੀ ਮਜ਼ਬੂਤ ਹੋਵੇਗਾ।

ਸੰਗਤ ਦੀ ਸਰਕਾਰ ਨੂੰ ਪੁਰਜ਼ੋਰ ਸਿਫਾਰਿਸ਼: ਸਰਕਾਰੀ ਨਿਯਮਾਂ ਵਿੱਚ ਪਾਰਦਰਸ਼ੀ ਢੰਗ ਨਾਲ ਚੁਣੇ ਗਏ 'ਪੰਜ ਪਿਆਰਿਆਂ' ਅਤੇ ਇੱਕ 'ਕਸਟੋਡੀਅਨ' ਰਾਹੀਂ ਸਮੂਹਿਕ ਨਿਗਰਾਨੀ ਪ੍ਰਣਾਲੀ ਨੂੰ ਮਾਨਤਾ ਦਿੱਤੀ ਜਾਵੇ, ਤਾਂ ਜੋ ਸ਼ਕਤੀ ਕਿਸੇ ਇੱਕ ਹੱਥ ਵਿੱਚ ਕੇਂਦਰਿਤ ਨਾ ਹੋਵੇ ਅਤੇ ਗੁਰੂ ਸਾਹਿਬ ਦਾ ਸਤਿਕਾਰ ਸਿਖ਼ਰਾਂ 'ਤੇ ਰਹੇ।

# ਗੁਰਬਾਣੀ ਦੀ ਛਪਾਈ ਅਤੇ ਸੇਵਾ-ਸੰਭਾਲ 'ਤੇ ਸਰਕਾਰੀ ਨਿਗਰਾਨੀ ਇੱਕ ਗੰਭੀਰ ਚੁਣੌਤੀ



ਤਲਵਿੰਦਰ ਸਿੰਘ

ਹਾਲ ਹੀ ਦੌਰਾਨ ਪੰਜਾਬ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਬਣਾਇਆ ਹੈ। ਇਸ ਦਰਮਿਆਨ ਸਿੱਖ ਵਿਦਵਾਨਾਂ, ਕਾਨੂੰਨਦਾਨਾਂ ਅਤੇ ਧਾਰਮਿਕ ਆਗੂਆਂ ਵੱਲੋਂ ਇਸ ਕਾਨੂੰਨ ਦੇ ਵਿਧਾਨਿਕ ਅਤੇ ਸਿਧਾਂਤਕ ਪੱਖਾਂ 'ਤੇ ਸ਼ੰਕੇ ਅਤੇ ਇਤਰਾਜ਼ ਉੱਠਣ ਲੱਗੇ ਹਨ। ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੁਆਰਾ ਸੋਧ ਬਿੱਲ ਨੂੰ ਪੇਸ਼ ਕਰਨ ਵੇਲੇ ਕੀਤੇ ਵਿਖਿਆਨ ਤੇ ਕਾਨੂੰਨੀ ਸ਼ਕਲ 'ਚ ਜਾਰੀ ਹੋਏ ਨੋਟੀਫਿਕੇਸ਼ਨ ਵਿਚਲੇ ਅੰਤਰ ਨੂੰ ਵੇਖ ਕੇ ਇਹ ਕਾਨੂੰਨ ਬੇਅਦਬੀਆਂ ਰੋਕਣ ਦੀ ਭਾਵਨਾਤਮਿਕ ਮੰਗ ਦੇ ਪਰਦੇ ਹੇਠ ਕੀਤੀ ਗਈ ਸਿਆਸੀ ਕਾਰਵਾਈ ਦਾ ਪ੍ਰਭਾਵ ਦਿੰਦਾ ਹੈ, ਕਿਉਂਕਿ ਮੁੱਖ ਮੰਤਰੀ ਵਲੋਂ ਕੀਤੇ ਦਾਅਵੇ ਦੇ ਉਲਟ ਇਸ ਕਾਨੂੰਨ ਵਿੱਚ ਕਿਧਰੇ ਵੀ ਬੇਅਦਬੀ ਕਰਨ ਵਾਲੇ ਕਥਿਤ ਮਾਨਸਿਕ ਰੋਗੀ ਜਾਂ ਨਾਬਾਲਗ ਦੇ ਵਾਰਸਾਂ ਦੀ ਕੋਈ ਭੂਮਿਕਾ/ ਜ਼ਿੰਮੇਵਾਰੀ ਤੈਅ ਨਹੀਂ ਕੀਤੀ ਗਈ। ਉਲਟਾ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲੀ ਗੁਰਦੁਆਰਾ ਕਮੇਟੀ, ਸੰਸਥਾ ਜਾਂ ਵਿਅਕਤੀ ਨੂੰ 'ਕਸਟੋਡੀਅਨ' ਦੀ ਪਰਿਭਾਸ਼ਾ ਦੇ ਕੇ ਸਾਰੀ ਜ਼ਿੰਮੇਵਾਰੀ ਉਨ੍ਹਾਂ 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਸਭ ਇਤਰਾਜ਼ਾਂ ਦੇ ਕੇਂਦਰ ਵਿੱਚ ਇੱਕ ਸਾਂਝਾ ਦਾਰਸ਼ਨਿਕ ਸਵਾਲ ਇਹ ਵੀ ਹੈ, ਕੀ ਅਬਿਨਾਸੀ ਜੋਤਿ ਗੁਰੂ ਗ੍ਰੰਥ ਸਾਹਿਬ ਨੂੰ ਕਾਨੂੰਨ ਦੀ ਭਾਸ਼ਾ ਤੇ ਅਮਲ ਦੁਆਰਾ ਮਹਿਜ਼ ਇੱਕ ਭੌਤਿਕ ਆਕਾਰ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਸਿੱਖਾਂ ਦੇ 'ਸ਼ਬਦ ਗੁਰੂ' ਦੇ ਪ੍ਰਜੂਲਿਤ ਆਦਰਸ਼ਵਾਦ ਦੇ ਅਨੁਕੂਲ ਹੈ?

ਇਸ ਸੰਦਰਭ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਰਮਾਨ- ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਨੁਸਾਰ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਸ਼ਬਦ ਰੂਪ ਹਨ। ਸਿੱਖ ਚਿੰਤਨ ਦੇ ਕੇਂਦਰ ਵਿੱਚ ਗੁਰੂ ਮਾਨਿਓ ਗ੍ਰੰਥ ਤੇ ਪਰਗਟ ਗੁਰਾਂ ਕੀ ਦੇਹੁ ਦਾ ਰੂਹਾਨੀ ਸੰਕਲਪ ਇੱਕ ਅਜਿਹਾ ਗਹਿਰਾ ਦਾਰਸ਼ਨਿਕ ਪੱਖ ਹੈ ਜੋ 'ਸ਼ਬਦ ਗੁਰੂ' ਨੂੰ ਸਿੱਖ ਉਮਤਿ ਵਿੱਚ ਮਾਰਗਦਰਸ਼ਕ ਦੇ ਰੂਪ ਵਿੱਚ ਸਰਬਉੱਚਤਾ ਦਿੰਦਾ ਹੈ। ਨਵੇਂ ਕਾਨੂੰਨ ਦੀ ਸ਼ਬਦਾਵਲੀ 'ਸ਼ਬਦ ਗੁਰੂ' ਨੂੰ ਭੌਤਿਕ ਆਕਾਰ ਤੇ ਸਿੱਖ ਦੇ ਆਪਣੇ ਗੁਰੂ ਪ੍ਰਤੀ ਸਤਿਕਾਰ ਨੂੰ ਬੰਧਨਾਂ ਵਿੱਚ ਬੰਨ੍ਹਣ ਨੂੰ ਉਤਸ਼ਾਹਿਤ ਕਰਦੀ ਹੈ, ਜਦਕਿ 'ਸ਼ਬਦ ਗੁਰੂ' ਪ੍ਰਤੀ ਸਤਿਕਾਰ ਦੀ ਵਿਹਾਰਕਤਾ 'ਚੋਂ ਜਿੱਥੇ ਸਾਨੂੰ ਸੁਚੇਤ ਰੂਪ ਵਿੱਚ ਇਹ ਸਮਝ ਹਾਸਿਲ ਹੁੰਦੀ ਹੈ ਕਿ ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀ ਹਮਾਰਾ ।੨੦। (ਗੁਰ ਪ੍ਰਤਾਪ ਸੂਰਜ ਗ੍ਰੰਥ) ਤਾਂ ਉੱਥੇ ਹੀ 'ਸ਼ਬਦ ਗੁਰੂ' ਦੇ ਮੰਥਨ 'ਚੋਂ ਇਹ ਸੋਝੀ ਵੀ ਪ੍ਰਾਪਤ ਹੁੰਦੀ ਹੈ ਕਿ ਇਹ ਅਦਬ/ਸਤਿਕਾਰ ਸਿਰਫ਼ ਰਸਮ ਤੱਕ ਹੀ ਨਹੀਂ, ਬਲਕਿ ਇਸ ਤੋਂ ਅੱਗੇ ਅਮਲ ਵਿੱਚ ਲਿਆਉਣ ਨਾਲ ਮੁਕੰਮਲਤਾ ਹਾਸਿਲ ਕਰਦਾ ਹੈ:-

ਬਿਨੁ ਬੂਝੇ ਸਭ ਹੋਇ ਖੁਆਰ ॥
ਨਾਨਕ ਗੁਰਮੁਖਿ ਉਤਰਸਿ ਪਾਰਿ ॥੧ ॥
(ਸੂਹੀ, ਮ:1, ਅੰਗ:791)

ਇਸ ਦੇ ਮੱਦੇਨਜ਼ਰ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਦਬ ਅਤੇ ਸਿੱਖ ਰਹਿਤ ਮਰਿਆਦਾ ਨੂੰ ਕਾਨੂੰਨੀ ਨਿਯਮਾਂ ਵਿਚ ਢਾਲੇ ਜਾਣ ਦੀ ਕਾਰਵਾਈ 'ਸ਼ਬਦ ਗੁਰੂ' ਦਾ ਦਰਸਾਇਆ ਬ੍ਰਹਮ ਤੱਤ ਨਜ਼ਰਅੰਦਾਜ਼ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ ਅਤੇ ਧਰਮ ਦੇ ਰੂਹਾਨੀ ਆਭਾ-ਮੰਡਲ ਨੂੰ ਸਰਕਾਰ ਦੀ ਦਖ਼ਲਅੰਦਾਜ਼ੀ ਅਤੇ ਪੁਲਿਸ ਦੀ ਜਾਂਚ-ਪੜਤਾਲ ਦੇ ਘੇਰੇ ਹੇਠ ਲਿਆਉਂਦੀ ਹੈ। ਮਿਸਾਲ ਵਜੋਂ ਨਵੇਂ ਕਾਨੂੰਨ ਦੀ ਵਿਆਖਿਆ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦੀ ਟਹਿਲ-ਸੇਵਾ ਕਰਨ ਵਾਲਿਆਂ ਨੂੰ 'ਕਸਟੋਡੀਅਨ' ਆਖ ਕੇ



ਜਿੱਥੇ ਸੰਭਾਵੀ ਬੇਅਦਬੀ ਦੀ ਘਟਨਾ ਵਾਪਰਨ 'ਤੇ ਜਵਾਬਦੇਹੀ ਅਤੇ ਸ਼ੱਕ ਦੇ ਦਾਇਰੇ ਵਿੱਚ ਲਿਆਂਦਾ ਗਿਆ, ਉੱਥੇ ਇਕ ਹੋਰ ਵੱਡਾ ਇਤਰਾਜ਼ ਨਵੇਂ ਕਾਨੂੰਨ ਦੀ ਧਾਰਾ-5 ਅਨੁਸਾਰ 2008 ਵਾਲੇ ਮੂਲ ਐਕਟ ਦੀ ਧਾਰਾ-3 ਤੋਂ ਬਾਅਦ ਸ਼ਾਮਿਲ ਕੀਤੀ ਧਾਰਾ 3-ਏ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਸਟੋਰੇਜ ਅਤੇ ਵੰਡ ਨੂੰ ਕਾਨੂੰਨੀ ਸ਼ਬਦਾਵਾਲੀ ਰਾਹੀਂ ਸਰਕਾਰ ਦੀ ਸਿੱਧੀ ਨਿਗਰਾਨੀ ਹੇਠ ਲਿਆਉਣ 'ਤੇ ਹੈ। ਇਹ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਲਿਖਣ ਦੀ ਪਰੰਪਰਾ ਅਤੇ ਗੁਰਬਾਣੀ 'ਤੇ ਸਰਕਾਰੀ ਨਿਗਰਾਨੀ ਅਤੇ ਕੰਟਰੋਲ ਵੱਲ ਵੱਡਾ ਕਦਮ ਸਾਬਤ ਹੋਵੇਗਾ। ਇਸ ਦੇ ਨਾਲ ਸਤਿਕਾਰ ਕਾਨੂੰਨ ਦੀ ਦੁਰਵਰਤੋਂ, ਗੁਰਦੁਆਰਾ ਕਮੇਟੀਆਂ ਵਿੱਚ ਝਗੜੇ ਅਤੇ ਦੁਬਿਧਾਵਾਂ ਵਧਣਗੀਆਂ ਅਤੇ ਸਿੱਖਿਆ ਦੇ ਪਾਠਕ੍ਰਮਾਂ, ਕਿਤਾਬਾਂ, ਅਖ਼ਬਾਰਾਂ ਅਤੇ ਹੋਰ ਸਾਧਨਾਂ ਰਾਹੀਂ ਗੁਰਬਾਣੀ ਫ਼ਲਸਫ਼ੇ ਦੇ ਪਸਾਰ ਨੂੰ ਵੀ ਬੰਦਿਸ਼ਾਂ ਵਿੱਚ ਲਿਆਉਣ ਦੀ ਸੰਭਾਵਨਾ ਵਧੇਗੀ।

ਬੇਅਦਬੀਆਂ ਰੋਕਣ ਦੇ ਸੰਬੰਧ ਵਿੱਚ ਬਣੇ ਕਾਨੂੰਨ ਦੀ ਸ਼ਬਦਾਵਲੀ ਵੀ ਸਿੱਖ ਸਿਧਾਂਤ, ਸੰਕਲਪ ਅਤੇ ਪਰੰਪਰਾ ਨਾਲ ਮੇਲ ਨਹੀਂ ਖਾਂਦੀ। ਸਿੱਖ ਪਰੰਪਰਾ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ 'ਬੀੜ' ਸ਼ਬਦ ਘੱਟ ਸਤਿਕਾਰ ਦਾ ਲਖਾਇਕ ਨਹੀਂ ਹੈ, ਜੋ ਹੁਣ ਸਰਕਾਰ ਨੂੰ ਕਾਨੂੰਨੀ ਭਾਸ਼ਾ ਵਿੱਚ ਇਸ ਨੂੰ ਹਟਾ ਕੇ 'ਸਰੂਪ' ਲਿਖਣਾ ਪਿਆ ਹੈ। ਪੁਰਾਤਨ ਇਤਿਹਾਸਕ ਸਰੋਤਾਂ, ਰਹਿਤਨਾਮੇ, ਮਹਿਮਾ ਪ੍ਰਕਾਸ਼ 1776, ਗੁਰਬਿਲਾਸ ਪਾ. ੬, ਗੁਰਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਭੱਟ ਵਹੀਆਂ ਤੇ ਭਾਈ ਗੁਰਦਾਸ ਜੀ ਅਤੇ ਸਿੱਖ ਰਹਿਤ ਮਰਿਆਦਾ ਨੇ 'ਬੀੜ' ਸ਼ਬਦ ਹੀ ਵਰਤਿਆ ਹੈ।

ਕਾਨੂੰਨ ਵਿੱਚ ਵਰਤੇ 'ਕਸਟੋਡੀਅਨ' ਸ਼ਬਦ ਦਾ ਅਰਥ 'ਰਖਵਾਲਾ' ਹੈ, ਜਿਸ ਦਾ ਕਾਨੂੰਨੀ ਅਰਥ ਅਯੋਗ ਵਿਅਕਤੀਆਂ, ਸਥਾਨਾਂ ਅਤੇ ਭੌਤਿਕ ਚੀਜ਼ਾਂ ਨੂੰ ਸੰਭਾਲਣ ਵਾਲੇ ਦੇ ਰੂਪ ਵਿੱਚ ਹੈ, ਜਦਕਿ 'ਸ਼ਬਦ ਗੁਰੂ' ਦੇ ਮੰਥਨ 'ਚੋਂ ਤਾਂ ਸਿੱਖ-ਸਾਧਕ ਦਾ ਆਪਣੇ ਗੁਰੂ ਪ੍ਰਤੀ ਇਹ ਭਰੋਸਾ ਦ੍ਰਿੜ੍ਹ ਹੁੰਦਾ ਹੈ:

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧ ॥
(ਧਨਾਸਰੀ, ਮ:5, ਅੰਗ:673)

ਕਾਨੂੰਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਟੋਰੇਜ ਅਤੇ ਵੰਡ ਸ਼ਬਦ ਵੀ ਸਿੱਖ ਪਰੰਪਰਾ ਵਿੱਚ ਸ਼ਬਦ ਗੁਰੂ ਦੀ ਅਜ਼ਮਤ ਨੂੰ ਬੇਅਦਬ ਕਰਨ ਵਾਲੇ ਹਨ, ਜਦਕਿ ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੁਖ-ਆਸਨ, ਨਿਜ ਅਸਥਾਨ ਅਤੇ ਸੇਵਾ-ਸੰਭਾਲ ਸ਼ਬਦ ਵਧੇਰੇ ਸਤਿਕਾਰ ਦੇ ਸੂਚਕ ਹਨ।

ਨਵੇਂ ਕਾਨੂੰਨ ਦਾ ਵਖਿਆਨ ਕਿਸ ਤਰੀਕੇ ਦਸ ਪਾਤਿਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਲੌਕਿਕ ਅਜ਼ਮਤ ਦੇ ਉਲਟ ਹੈ, ਇਸ ਨੂੰ ਸਮਝਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦੇਹਧਾਰੀ ਗੁਰਤਾ ਦੀ ਲੋਕਿਕ ਪਰੰਪਰਾ ਸਮਾਪਤ ਕਰਦਿਆਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪਣ ਵੇਲੇ ਬਖ਼ਸ਼ਿਸ਼ ਕੀਤੇ ਆਤਮਾ ਗ੍ਰੰਥ ਵਿੱਚ, ਸਰੀਰ ਪੰਥ ਵਿੱਚ ਅਤੇ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿਧਾਂਤ ਨੂੰ ਸਮਝਣ ਦੀ ਲੋੜ ਹੈ। ਜਿਵੇਂ ਆਤਮਾ ਅਮਰ ਅਤੇ ਅਬਿਨਾਸੀ ਚੇਤਨਾ ਦਾ ਸੋਮਾ ਹੈ ਅਤੇ ਸਰੀਰ ਉਸ ਦਾ ਵਾਹਕ। ਓਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਸ ਗੁਰੂ ਸਾਹਿਬਾਨ ਦੀ ਜੋਤਿ ਰੂਪ ਆਤਮਾ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦਾ ਧਾਰਨੀ ਪੰਥ ਉਨ੍ਹਾਂ ਦਾ ਸਰੀਰ ਹੈ।

ਨਵੇਂ ਕਾਨੂੰਨ ਵਿੱਚ ਬੇਅਦਬੀ ਦੀ ਪਰਿਭਾਸ਼ਾ ਦੀ ਸ਼ਬਦਾਵਲੀ ਇਹ ਵਿਚਾਰ ਸਥਾਪਤ ਕਰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇਹ ਸਰੂਪ ਹਨ ਤੇ ਇਨ੍ਹਾਂ ਨੂੰ ਸਰੀਰਕ ਰੂਪ ਵਿਚ ਨੁਕਸਾਨਿਆ, ਖਰਾਬ ਕੀਤਾ, ਸਾੜਿਆ, ਪਾੜਿਆ ਅਤੇ ਚੋਰੀ ਕੀਤਾ ਜਾ ਸਕਦਾ ਹੈ, ਜਦਕਿ ਸਿਆਹੀ, ਕਾਗਜ਼ ਤੇ ਜਿਲਦ ਮਿਲ ਕੇ 'ਸ਼ਬਦ ਗੁਰੂ' ਦੇ ਅੱਖਰ ਨੂੰ ਜ਼ਾਹਰ ਕਰਨ ਦਾ ਜ਼ਰੀਆ ਬਣਦੇ ਹਨ। 'ਅੱਖਰ' ਗੁਰੂ ਗ੍ਰੰਥ ਸਾਹਿਬ ਦੇ 'ਸ਼ਬਦ' ਦਾ ਜ਼ਹੂਰ (ਪ੍ਰਗਟਾਵਾ) ਹਨ। ਸਮਾਂ ਪਾ ਕੇ ਇਹ ਅੱਖਰ, ਸਿਆਹੀ, ਕਾਗਜ਼ ਤੇ ਜਿਲਦ ਆਪਣੀ ਮਿਆਦ ਪੁਗਾ ਜਾਂਦੇ ਹਨ। ਇਸੇ ਕਾਰਨ ਹੀ ਪਰੰਪਰਾਗਤ ਤਰੀਕੇ ਬਿਰਧ ਬੀੜਾਂ ਦਾ ਸਸਕਾਰ ਕਰਨ ਦੀ ਮਰਿਆਦਾ ਹੈ। ਦੂਜੇ ਪਾਸੇ ਅਕਾਲ ਪੁਰਖ ਅਤੇ ਉਸ ਦਾ ਸ਼ਬਦ ਤਾਂ ਅਨਾਦੀ ਹੈ। ਉਹ ਅਬਿਨਾਸੀ ਹੈ।

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧ ॥
(ਗਉੜੀ, ਪੂਰਬੀ, ਭਗਤ ਕਬੀਰ ਜੀ, ਅੰਗ:340)

ਭਾਵ, ਲਿਪੀਆਂ ਦੇ ਅੱਖਰਾਂ ਰਾਹੀਂ ਸਾਰੇ ਜਗਤ ਦਾ ਵਰਤਾਰਾ ਚੱਲ ਰਿਹਾ ਹੈ ਪਰ ਜਿਵੇਂ ਜਗਤ ਦੀ ਹਰ ਚੀਜ਼ ਨਾਸ਼ਵੰਤ ਹੈ, ਉਵੇਂ ਇਹ ਅੱਖਰ ਵੀ ਕਾਲ ਦੀ ਬੰਦਿਸ਼ ਵਿਚ ਹਨ ਪਰ ਉਹ 'ਅੱਖਰ' (ਅਬਿਨਾਸੀ) ਇਨ੍ਹਾਂ ਅੱਖਰਾਂ ਦੇ ਨਾਲ ਖ਼ਤਮ ਨਹੀਂ ਹੋਣ ਵਾਲਾ।

ਆਖ਼ਰਕਾਰ ਸਵਾਲ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਨੂੰ ਰੋਕਣ ਦੀ ਭਾਵਨਾ 'ਤੇ ਨਹੀਂ ਹੈ, ਸਵਾਲ ਬੇਅਦਬੀਆਂ ਰੋਕਣ ਅਤੇ ਸਤਿਕਾਰ ਬਹਾਲ ਰੱਖਣ ਲਈ ਬਣਾਈ ਕਾਨੂੰਨੀ ਪਰਿਭਾਸ਼ਾ, ਨਿਯਮਾਂ ਤੇ ਸ਼ਰਤਾਂ ਬਾਰੇ ਹਨ, ਜੋ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਨਾਲ ਵਿਰੋਧਾਭਾਸ ਪ੍ਰਗਟਾਉਂਦੇਹਨ।

ਨਵਾਂ ਕਾਨੂੰਨ ਜਿਸ ਤਰੀਕੇ ਨਾਲ ਪਰਿਭਾਸ਼ਿਤ ਹੋ ਰਿਹਾ ਹੈ, ਉਹ ਗੁਰੂ ਗ੍ਰੰਥ ਸਾਹਿਬ ਨਾਲ ਸੀਮਤ ਤੇ ਚੋਣਵੇਂ ਦਾਇਰੇ ਵਿਚ ਰੱਖਣ ਵਾਲੀ ਵਸਤੂ ਵਾਂਗ ਵਿਹਾਰ ਕਰਦਾ ਪ੍ਰਤੀਤ ਹੁੰਦਾ ਹੈ। ਇਸ ਦੇ ਉਲਟ ਸਾਡੀ ਪਰੰਪਰਾ ਇਹ ਹੈ ਕਿ ਗੁਰਦੁਆਰਿਆਂ, ਸਿੱਖ ਸੰਸਥਾਵਾਂ ਅਤੇ ਗੁਰਸਿੱਖ ਪਰਿਵਾਰਾਂ ਤੋਂ ਇਲਾਵਾ ਸਿੱਖ ਜੱਜ, ਸਿਵਲ ਅਫ਼ਸਰ ਅਤੇ ਫ਼ੌਜੀ ਆਪਣੀਆਂ ਪਲਟਨਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਅੰਗ-ਸੰਗ ਰੱਖਣਾ ਆਪਣਾ ਸੁਭਾਗ ਮੰਨਦੇ ਹਨ। ਪੁਰਾਤਨ ਸਫ਼ਰੀ ਬੀੜਾਂ ਵੀ ਇਸ ਦੀ ਉਦਾਹਰਨ ਹਨ। ਸਿੱਖਾਂ ਤੋਂ ਇਲਾਵਾ ਸਿੰਧੀ, ਹਿੰਦੂ ਤੇ ਹੋਰ ਬਹੁਤ ਸਾਰੇ ਗ਼ੈਰ-ਸਿੱਖ ਸਾਧਕ ਵੀ ਆਪਣੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਕਰਦੇ ਆ ਰਹੇ ਹਨ ਅਤੇ ਗੁਰਬਾਣੀ ਪਾਠ/ਅਧਿਐਨ ਕਰਦੇ ਹਨ।

(ਬਾਕੀ ਸਫ਼ਾ 27 'ਤੇ)



# ਜੰਗਾਂ ਵਿੱਚ ਘਿਰੀ ਦੁਨੀਆ 'ਚ ਕਿਵੇਂ ਆਵੇ ਸ਼ਾਂਤੀ?

# ਕੌਣ ਬਣੇਗਾ 'ਵਿਸ਼ਵ ਸ਼ਾਂਤੀ ਦਾ ਮਸੀਹਾ'?

## ਆਈਸਲੈਂਡ, ਆਇਰਲੈਂਡ ਅਤੇ ਨਿਊਜ਼ੀਲੈਂਡ ਦੀ ਸ਼ਾਂਤੀ ਅਤੇ ਸੁਰੱਖਿਆ ਤੋਂ ਸੇਧ ਲੈਣ ਵਿਸ਼ਵ ਦੇ ਹੋਰ ਦੇਸ਼

**ਅੱਜ ਦੇ ਆਧੁਨਿਕ ਅਤੇ ਇੰਟਰਨੈੱਟ ਦੇ ਯੁੱਗ ਵਿੱਚ ਪੂਰੀ ਦੁਨੀਆ ਇੱਕ ਗਲੋਬਲ ਪਿੰਡ ਬਣ ਗਈ ਹੈ। ਵਿਸ਼ਵ ਦੇ ਕਿਸੇ ਵੀ ਇਲਾਕੇ ਵਿੱਚ ਵਾਪਰੀ ਹਰ ਘਟਨਾ ਮਿੰਟਾਂ ਸਕਿੰਟਾਂ ਵਿੱਚ ਹੀ ਪੂਰੀ ਦੁਨੀਆ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਜਾਂਦੀ ਹੈ। ਇਸੇ ਕਾਰਨ ਤਨਾਓ, ਹਿੰਸਾ ਅਤੇ ਅਸ਼ਾਂਤੀ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਵਿਸ਼ਵ ਸ਼ਾਂਤੀ ਲਈ ਦੁਨੀਆ ਦੇ ਸਾਰੇ ਧਾਰਮਿਕ ਆਗੂਆਂ ਨੂੰ ਰਲ ਮਿਲ ਕੇ ਸਾਂਝੇ ਅਤੇ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਇਸ ਦੁਨੀਆਂ ਨੂੰ ਜੰਗਾਂ ਰਾਹੀਂ ਤਬਾਹ ਹੋਣ ਤੋਂ ਬਚਾਇਆ ਜਾ ਸਕੇ।**




ਜਗਮੋਹਨ ਸਿੰਘ 'ਲੱਕੀ'
9463819174

ਪੂਰਾ ਵਿਸ਼ਵ ਹੀ ਇਸ ਸਮੇਂ ਵੱਖ- ਵੱਖ ਜੰਗਾਂ ਵਿੱਚ ਉਲਝਿਆ ਪਿਆ ਹੈ। ਇੱਕ ਪਾਸੇ ਰੂਸ ਅਤੇ ਯੂਕ੍ਰੇਨ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਯੁੱਧ ਚੱਲ ਰਿਹਾ ਹੈ, ਜਿਸ ਦਾ ਕੋਈ ਅੰਤ ਹੁੰਦਾ ਅਜੇ ਦਿਖਾਈ ਨਹੀਂ ਦਿੰਦਾ। ਦੂਜੇ ਪਾਸੇ ਅਮਰੀਕਾ ਅਤੇ ਇਰਾਨ ਵਿਚਾਲੇ ਕਦੇ ਜੰਗ ਅਤੇ ਕਦੇ ਜੰਗਬੰਦੀ ਵਾਲਾ ਮਾਹੌਲ ਹੈ। ਅਮਰੀਕਾ, ਇਜ਼ਰਾਇਲ ਅਤੇ ਇਰਾਨ ਜੰਗ ਕਾਰਨ ਪੂਰੀ ਦੁਨੀਆ ਵਿੱਚ ਉੱਥਲ ਪੁੱਥਲ ਮੱਚ ਗਈ ਹੈ ਅਤੇ ਵੱਡੀ ਗਿਣਤੀ ਦੇਸ਼ਾਂ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਿਆ ਹੈ। ਇਸ ਤੋਂ ਇਲਾਵਾ ਇਜ਼ਰਾਇਲ ਤੇ ਹਮਾਸ, ਇਜ਼ਰਾਇਲ ਤੇ ਲਿਬਨਾਨ ਵਿਚਾਲੇ ਜੰਗਾਂ ਦਾ ਸੇਕ ਅਜੇ ਵੀ ਜੰਗ ਪ੍ਰਭਾਵਿਤ ਇਲਾਕਿਆਂ ਦੇ ਲੋਕ ਸਹਿ ਰਹੇ ਹਨ। ਕਦੇ-ਕਦੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਵੀ ਜੰਗ ਦੇ ਆਸਾਰ ਬਣ ਜਾਂਦੇ ਹਨ। ਦੋਵਾਂ ਦੇਸ਼ਾਂ ਦੀਆਂ ਸਰਹੱਦਾਂ 'ਤੇ ਤਨਾਓ ਤਾਂ ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਹੀ ਜਾਰੀ ਹੈ।

ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਦੋ ਵਿਸ਼ਵ ਜੰਗਾਂ ਦਾ ਸਾਹਮਣਾ ਕਰ ਚੁੱਕੀ ਇਸ ਦੁਨੀਆ ਵਿੱਚ ਤੀਜੀ ਵਿਸ਼ਵ ਜੰਗ ਕਿਸ਼ਤਾਂ ਵਿੱਚ ਲੜੀ ਜਾ ਰਹੀ ਹੈ। ਇਸ ਸਮੇਂ ਵਿਸ਼ਵ ਪੱਧਰ 'ਤੇ ਡਰ, ਸਹਿਮ, ਬੇਭਰੋਸਗੀ ਦਾ ਮਾਹੌਲ ਬਣਿਆ ਹੋਇਆ ਹੈ। ਇਸ ਸਾਰੇ ਮਾਹੌਲ ਵਿੱਚ ਆਮ ਲੋਕਾਂ ਦੇ ਮਨ ਵਿੱਚ ਇੱਕੋ ਸਵਾਲ ਉੱਠਦਾ ਹੈ ਕਿ ਕੋਈ ਅਜਿਹਾ ਦੇਸ਼ ਵੀ ਇਸ ਦੁਨੀਆ ਵਿੱਚ ਹੈ ਜਿੱਥੇ ਜਾ ਕੇ ਜੀਵਨ ਦਾ ਸਕੂਨ, ਸੁਰੱਖਿਆ ਅਤੇ ਇਨਸਾਫ਼ ਮਿਲ ਸਕੇ? ਆਮ ਲੋਕ ਅਕਸਰ ਸਵਾਲ ਕਰਦੇ ਹਨ ਕਿ ਕੀ ਦੁਨੀਆ ਵਿੱਚ ਅਜਿਹਾ ਕੋਈ ਇਲਾਕਾ ਨਹੀਂ ਹੈ? ਜਿੱਥੇ ਸਿਰਫ਼ ਸ਼ਾਂਤੀ ਅਤੇ ਸੁਰੱਖਿਆ ਹੋਵੇ ਤੇ ਕੋਈ ਡਰ ਤੇ ਚਿੰਤਾ ਨਾ ਹੋਵੇ।

ਕੁਝ ਸਮਾਂ ਪਹਿਲਾਂ ਜਾਰੀ ਹੋਈ ਇੱਕ ਅੰਤਰਰਾਸ਼ਟਰੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜੰਗਾਂ ਵਿੱਚ ਘਿਰੀ ਇਸ ਦੁਨੀਆ ਵਿੱਚ ਸ਼ਾਂਤਮਈ ਅਤੇ ਸੁਰੱਖਿਅਤ ਦੇਸ਼ ਵੀ ਮੌਜੂਦ ਹਨ। 'ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ' ਵੱਲੋਂ ਜਾਰੀ ਇਸ ਅੰਤਰਰਾਸ਼ਟਰੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ 'ਆਈਸਲੈਂਡ' ਸਾਡੀ ਦੁਨੀਆ ਦਾ ਸਭ ਤੋਂ ਸ਼ਾਂਤ ਦੇਸ਼ ਹੈ। ਇਸ ਸੂਚੀ ਵਿੱਚ ਆਇਰਲੈਂਡ ਮਜ਼ਬੂਤ ਸਮਾਜਿਕ ਸਥਿਰਤਾ ਨਾਲ ਦੂਜੇ ਨੰਬਰ 'ਤੇ ਅਤੇ ਨਿਊਜ਼ੀਲੈਂਡ ਏਸ਼ੀਆ-ਪੈਸਿਫਿਕ ਖੇਤਰ ਵਿੱਚ ਸਭ ਤੋਂ ਅੱਗੇ ਹੋਣ ਕਰਕੇ ਤੀਜੇ ਨੰਬਰ 'ਤੇ ਹੈ। ਇਹ ਇੰਡੈਕਸ ਅੰਦਰੂਨੀ-ਬਾਹਰੀ ਟਕਰਾਅ, ਸਮਾਜਿਕ ਸੁਰੱਖਿਆ, ਅਪਰਾਧ ਦਰ, ਰਾਜਨੀਤਕ ਸਥਿਰਤਾ ਅਤੇ ਫ਼ੌਜੀਕਰਨ ਵਰਗੇ 23 ਮਾਪਦੰਡਾਂ 'ਤੇ ਅਧਾਰਿਤ ਹੁੰਦਾ ਹੈ। ਆਈਸਲੈਂਡ, ਆਇਰਲੈਂਡ ਅਤੇ ਨਿਊਜ਼ੀਲੈਂਡ ਦੀ ਇਹ ਉੱਚ ਰੈਂਕਿੰਗ ਸਿਰਫ਼ ਅੰਕੜਿਆਂ ਤੱਕ ਸੀਮਿਤ ਨਹੀਂ, ਸਗੋਂ ਇਸ ਦੇ ਪਿੱਛੇ ਇੱਕ ਪੂਰਾ ਮਨੁੱਖੀ ਅਤੇ ਨੈਤਿਕ ਦਰਸ਼ਨ ਖੜ੍ਹਾ ਹੈ। ਦੂਜੇ ਪਾਸੇ ਅਮਰੀਕਾ, ਜਿਸ ਨੂੰ ਅਕਸਰ ਦੁਨੀਆ ਦਾ 'ਸਰਪੰਚ' ਕਿਹਾ ਜਾਂਦਾ ਹੈ ਅਤੇ ਜਿੱਥੇ ਪਹੁੰਚਣ ਲਈ ਲੋਕ ਹਰ ਹੀਲਾ ਵਰਤਦੇ ਹਨ, ਉਹ ਇਸ ਸੂਚੀ ਵਿੱਚ ਲਗਭਗ 128ਵੇਂ ਸਥਾਨ 'ਤੇ ਪਾਇਆ ਗਿਆ ਹੈ।



ਵਿਸ਼ਵ ਦੀ ਸਭ ਤੋਂ ਵੱਡੀ 'ਸੁਪਰ ਸ਼ਕਤੀ' ਮੰਨੇ ਜਾਂਦੇ ਅਮਰੀਕਾ 'ਚ ਅੰਦਰੂਨੀ ਹਿੰਸਾ, ਗੰਨ ਕਲਚਰ, ਸਮਾਜਿਕ ਵੰਡ ਅਤੇ ਲਗਾਤਾਰ ਵਿਸ਼ਵ ਪੱਧਰੀ ਟਕਰਾਅ ਵਿੱਚ ਸ਼ਮੂਲੀਅਤ ਕਾਰਨ, ਉੱਥੇ ਆਮ ਨਾਗਰਿਕਾਂ ਨੂੰ ਜੀਵਨ ਦਾ ਉਹ ਸਕੂਨ ਨਹੀਂ ਮਿਲ ਸਕਦਾ, ਜੋ ਅਸਲ ਸ਼ਾਂਤੀ ਦੀ ਨਿਸ਼ਾਨੀ ਹੁੰਦਾ ਹੈ। ਇਹ ਰਿਪੋਰਟ ਸਾਫ਼ ਤੌਰ 'ਤੇ ਦਰਸਾਉਂਦੀ ਹੈ ਕਿ ਅਸਲੀ ਤਾਕਤ ਹਥਿਆਰਾਂ ਜਾਂ ਧਮਕੀਆਂ ਵਿੱਚ ਨਹੀਂ, ਸਗੋਂ ਸ਼ਾਂਤੀ, ਇਨਸਾਫ਼, ਮਨੁੱਖੀ ਅਧਿਕਾਰਾਂ ਅਤੇ ਸਾਫ਼ ਰਾਜਨੀਤੀ ਵਿੱਚ ਹੁੰਦੀ ਹੈ।

ਇਹ ਹਕੀਕਤ ਹੈ ਕਿ ਵਿਸ਼ਵ ਵਿੱਚ ਕੁਝ ਦੇਸ਼ ਸ਼ਾਂਤੀ ਪਸੰਦ ਵੀ ਹਨ, ਪਰ ਵਿਸ਼ਵ ਦੇ ਵੱਡੀ ਗਿਣਤੀ ਦੇਸ਼ ਅੰਦਰੂਨੀ ਅਤੇ ਬਾਹਰੀ ਤਨਾਓ, ਹਿੰਸਾ ਅਤੇ ਜੰਗਾਂ ਦਾ ਸ਼ਿਕਾਰ ਹਨ। ਭਾਰਤ ਵਰਗੇ ਦੇਸ਼ਾਂ ਨੂੰ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ ਨੂੰ ਇਸ ਦੇ ਵਸਨੀਕ ਸਤਿਕਾਰ ਵਜੋਂ 'ਭਾਰਤ ਮਾਤਾ' ਕਹਿੰਦੇ ਹਨ ਪਰ ਇਸੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਅਕਸਰ ਵੱਖ-ਵੱਖ ਧਰਮਾਂ ਅਤੇ ਜਾਤੀਆਂ ਵਿਚਾਲੇ ਦੰਗੇ ਹੋ ਜਾਂਦੇ ਹਨ। 1984 ਵਿੱਚ ਹੋਈ ਸਿੱਖ ਨਸਲਕੁਸ਼ੀ ਦੇ ਜ਼ਖ਼ਮ ਅਜੇ ਵੀ ਤਾਜ਼ਾ ਹਨ। ਇੱਥੋਂ ਦੇ ਕੁਝ ਧਾਰਮਿਕ ਸਥਾਨਾਂ ਵਿੱਚ ਲੜਕੀਆਂ ਨਾਲ ਬਲਾਤਕਾਰ ਹੋਣ ਵਰਗੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਸ ਕਰਕੇ ਭਾਰਤ ਵਿੱਚ ਅਸ਼ਾਂਤੀ ਦਾ ਬੋਲਬਾਲਾ ਹੈ।







ਜਦੋਂ ਵਿਸ਼ਵ ਦੇ ਵੱਡੀ ਗਿਣਤੀ ਦੇਸ਼ਾਂ ਦੇ ਲੋਕ ਡਰ ਅਤੇ ਸਹਿਮ ਦੇ ਸਾਏ ਹੇਠ ਜੀਅ ਰਹੇ ਹੋਣ ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਹੁਣ ਵਿਸ਼ਵ ਵਿੱਚ ਸ਼ਾਂਤੀ ਕਿਸ ਤਰੀਕੇ ਨਾਲ ਆਵੇਗੀ। ਅਸਲ ਵਿੱਚ ਪੂਰੇ ਵਿਸ਼ਵ 'ਚ ਇਸ ਸਮੇਂ ਕਿਸੇ 'ਰੱਬੀ ਰਹਿਬਰ' ਭਾਵ ਮਹਾਨ ਮਹਾਂਪੁਰਖ ਦੀ ਵੱਡੀ ਲੋੜ ਹੈ, ਜੋ ਕਿ ਇਸ ਧਰਤੀ 'ਤੇ ਜਨਮ ਲੈ ਕੇ ਸਾਰੀ ਦੁਨੀਆ ਨੂੰ ਏਕਤਾ, ਸ਼ਾਂਤੀ ਅਤੇ ਭਾਈਚਾਰੇ ਦੇ ਸੂਤਰ ਵਿੱਚ ਪਰੋ ਸਕੇ। 'ਪੋਪ' ਅਤੇ ਹੋਰ ਅੰਤਰਰਾਸ਼ਟਰੀ ਧਾਰਮਿਕ ਆਗੂ ਅਕਸਰ ਵਿਸ਼ਵ ਸ਼ਾਂਤੀ ਦਾ ਸੁਨੇਹਾ ਦਿੰਦੇ ਹਨ ਪਰ ਦੁਨੀਆ ਦੀਆਂ ਵੱਡੀਆਂ ਤਾਕਤਾਂ ਉਹਨਾਂ ਦੀ ਆਵਾਜ਼ ਨੂੰ ਅਣਸੁਣਿਆ ਕਰ ਦਿੰਦੀਆਂ ਹਨ, ਜਿਸ ਕਾਰਨ ਹਰ ਪਾਸੇ ਅਫ਼ਰਾ ਤਫ਼ਰੀ ਦਾ ਮਾਹੌਲ ਹੈ। ਇਹ ਠੀਕ ਹੈ ਕਿ ਇਸ ਦੁਨੀਆ ਵਿੱਚ 'ਰੱਬ' ਨੂੰ ਨਾ ਮੰਨਣ ਵਾਲੇ ਨਾਸਤਿਕਾਂ ਦੀ ਵੀ ਵੱਡੀ ਗਿਣਤੀ ਹੈ ਪਰ ਸਾਡਾ ਮੰਨਣਾ ਹੈ ਕਿ ਨਾਸਤਿਕ ਉਹ ਵਿਅਕਤੀ ਨਹੀਂ ਹੁੰਦਾ, ਜਿਸ ਨੂੰ 'ਰੱਬ' ਉੱਪਰ ਵਿਸ਼ਵਾਸ ਨਾ ਹੋਵੇ ਸਗੋਂ ਅਸਲ ਵਿੱਚ ਨਾਸਤਿਕ ਉਹ ਵਿਅਕਤੀ ਹੁੰਦਾ ਹੈ, ਜਿਸ ਨੂੰ ਆਪਣੇ ਆਪ 'ਤੇ ਵਿਸ਼ਵਾਸ ਨਾ ਹੋਵੇ। ਇਸ ਲਈ 'ਪੋਪ', ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਵਿਸ਼ਵ ਦੇ ਹੋਰ ਰੂਹਾਨੀ ਆਗੂਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਵਿਸ਼ਵ ਸ਼ਾਂਤੀ ਲਈ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ। ਜਦੋਂ ਰਾਜਨੀਤੀ 'ਤੇ ਧਰਮ ਦਾ ਕੰਟਰੋਲ ਹੋ ਜਾਵੇਗਾ ਤਾਂ ਵਿਸ਼ਵ ਸ਼ਾਂਤੀ ਲਈ ਨਵਾਂ ਰਾਹ ਆਪਣੇ ਆਪ ਨਿਕਲ ਆਵੇਗਾ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

## FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE
ROAD SQUAD

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਪੰਜ ਦਰਿਆਵਾਂ ਦਾ ਫਲਸਫ਼ਾ: ਸਿੱਖ ਸਭਿਅਤਾ, ਸਾਹਿਤ ਅਤੇ ਚੇਤਨਾ ਦਾ ਵਹਾਅ

ਬਲਵਿੰਦਰਪਾਲ ਸਿੰਘ ਪ੍ਰੋਫ਼ੈਸਰ

ਦਰਿਆ ਮਨੁੱਖੀ ਸਭਿਅਤਾ ਦੇ ਸਿਰਫ਼ ਭੌਤਿਕ ਪੰਘੂੜੇ ਹੀ ਨਹੀਂ ਹਨ, ਸਗੋਂ ਇਹ ਮਨੁੱਖੀ ਚੇਤਨਾ ਅਤੇ ਦਾਰਸ਼ਨਿਕ ਚਿੰਤਨ ਦੇ ਸਭ ਤੋਂ ਡੂੰਘੇ ਸੋਮੇ ਵੀ ਹਨ। ਇਥੋਂ ਹੀ ਪੰਜਾਬੀਆਂ ਦੀ ਸਭਿਅਤਾ ਪੁੰਗਰੀ ਹੈ ਤੇ ਸਿੱਖ ਧਰਮ ਵਿਕਸਤ ਹੋਇਆ ਹੈ। ਇੱਕ ਦਰਿਆ ਦਾ ਵਹਾਅ ਸਾਨੂੰ ਜੀਵਨ ਦੇ ਉਸ ਸੱਚ ਨਾਲ ਜੋੜਦਾ ਹੈ ਜਿੱਥੇ ਅਤੀਤ, ਵਰਤਮਾਨ ਅਤੇ ਭਵਿੱਖ ਇੱਕੋ ਧਾਰਾ ਵਿੱਚ ਘੁਲੇ ਹੋਏ ਪ੍ਰਤੀਤ ਹੁੰਦੇ ਹਨ।

ਸਮਾਂ ਵੀ ਇੱਕ ਦਰਿਆ ਵਾਂਗ ਹੈ ਜੋ ਸਾਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ। ਦਰਿਆ ਦੀ ਫਿਲਾਸਫੀ ਸਾਨੂੰ ਇਹ ਸਿਖਾਉਂਦੀ ਹੈ ਕਿ ਅਤੀਤ ਕਦੇ ਮਰਦਾ ਨਹੀਂ; ਇਹ ਸਿਰਫ਼ ਸਤਹ ਦੇ ਹੇਠਾਂ ਉਤਰ ਜਾਂਦਾ ਹੈ ਅਤੇ ਜਦੋਂ ਵਰਤਮਾਨ ਦੀ ਗਤੀ ਸ਼ਾਂਤ ਹੁੰਦੀ ਹੈ, ਤਾਂ ਉਹ ਯਾਦਾਂ ਮੁੜ ਉੱਭਰ ਕੇ ਸਾਹਮਣੇ ਆ ਜਾਂਦੀਆਂ ਹਨ।

ਇਹ ਕੋਈ ਇਤਫ਼ਾਕ ਨਹੀਂ ਹੈ ਕਿ ਦੁਨੀਆ ਦੀਆਂ ਮਹਾਨ ਸੱਭਿਅਤਾਵਾਂ ਅਤੇ ਸਾਹਿਤ ਤੇ ਦਰਸ਼ਨ ਦੀ ਕਲਾ ਦਰਿਆਵਾਂ ਦੇ ਕੰਢਿਆਂ ’ਤੇ ਹੀ ਪ੍ਰਫੁੱਲਿਤ ਹੋਈ। ਸਿੱਖ ਸਭਿਅਤਾ ਦਾ ਜਨਮ ਅਤੇ ਵਿਕਾਸ ਪੰਜਾਬ ਦੀ ਉਸ ਧਰਤੀ ’ਤੇ ਹੋਇਆ ਜਿਸ ਨੂੰ ‘ਪੰਜਾਂ ਪਾਣੀਆਂ ਦੀ ਧਰਤੀ’ ਕਿਹਾ ਜਾਂਦਾ ਸੀ ਜੋ 1947 ਦੌਰਾਨ ਫਿਰਕੂ ਹਿੰਸਾ ਤੇ ਰਾਜਨੀਤੀ ਕਾਰਣ ਟੁਕੜਿਆਂ ਵਿੱਚ ਵੰਡੀ ਦਿਤੀ ਗਈ ਸੀ।

ਗੁਰੂ ਸਾਹਿਬਾਨ ਨੇ ਦਰਿਆਵਾਂ ਨੂੰ ਸਿਰਫ਼ ਪਾਣੀ ਦੇ ਸਰੋਤ ਵਜੋਂ ਨਹੀਂ, ਸਗੋਂ ਰੱਬੀ ਪ੍ਰੀਤ ਅਤੇ ਮਾਨਵਤਾ ਦੇ ਵਹਾਅ ਵਜੋਂ ਦੇਖਿਆ। ਪ੍ਰਸਿੱਧ ਦਾਰਸ਼ਨਿਕ ਕਵੀ ਪ੍ਰੋਫ਼ੈਸਰ ਪੂਰਨ ਸਿੰਘ ਨੇ ਸਹੀ ਲਿਖਿਆ ਹੈ

ਰਾਵੀ ਸੁਹਣੀ ਪਈ ਵਗਦੀ ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ ’ਵਾਜ਼ਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ ’ਤੇ ਵੱਜਦੀ ।
ਖਾੜ ਖਾੜ ਚਲਣ ਵਿੱਚ ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ,
ਠੰਢੇ ’ਤੇ ਠਾਰਦੇ, ਪਿਆਰਦੇ ।

ਸਿੱਖ ਧਰਮ ਦੀ ਬੁਨਿਆਦ ਵਿੱਚ ਦਰਿਆਈ ਪਾਣੀ ਦੀ ਇੱਕ ਅਹਿਮ ਭੂਮਿਕਾ ਹੈ। ਸੁਲਤਾਨਪੁਰ ਲੋਧੀ ਵਿਖੇ ਕਾਲੀ ਵੇਈਂ ਉਹ ਸਥਾਨ ਹੈ ਜਿੱਥੇ ਜਗਤ ਗੁਰੂ ਬਾਬਾ ਨਾਨਕ ਜੀ ਨੇ ਤਿੰਨ ਦਿਨ ਜਲ ਵਿੱਚ ਚੁੱਭੀ ਲਾਈ ਅਤੇ ‘ਨਾ ਕੋ ਹਿੰਦੂ ਨਾ ਮੁਸਲਮਾਨ’ ਦਾ ਮਾਨਵਤਾਵਾਦੀ ਹੋਕਾ ਦਿੱਤਾ। ਜਿਵੇਂ ਦਰਿਆ ਸਭ ਨੂੰ ਬਿਨਾਂ ਭੇਦਭਾਵ ਪਾਣੀ ਦਿੰਦਾ ਹੈ, ਉਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਦਰਿਆ ਦੇ ਕਿਨਾਰੇ ਤੋਂ ਹੀ ਇੱਕ ਅਜਿਹੀ ਸੱਭਿਅਤਾ ਦੀ ਨੀਂਹ ਰੱਖੀ ਜੋ ਸਰਬੱਤ ਦਾ ਭਲਾ ਮੰਗਦੀ ਸੀ।

ਗੁਰੂ ਸਾਹਿਬਾਨ ਨੇ ਨਵੇਂ ਨਗਰ ਵਸਾਉਣ ਲਈ ਹਮੇਸ਼ਾ ਦਰਿਆਵਾਂ ਦੀ ਚੋਣ ਕੀਤੀ, ਜੋ ਨਾ ਸਿਰਫ਼ ਆਰਥਿਕ ਪੱਖੋਂ , ਸਗੋਂ ਮਾਨਸਿਕ ਸ਼ਾਂਤੀ ਲਈ ਵੀ ਜ਼ਰੂਰੀ ਸਨ। ਸਤਿਗੁਰੂ ਬਾਬਾ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਰਾਵੀ ਦੇ ਕੰਢੇ ਖੇਤੀ ਕੀਤੀ ਅਤੇ ‘ਕਿਰਤ ਕਰੋ, ਨਾਮ ਜਪੋ, ਵੰਡ ਛਕੋ’ ਦਾ ਫਲਸਫ਼ਾ ਦਿੱਤਾ। ਰਾਵੀ ਦੇ ਕੰਢੇ ਉਚਾਰੇ ਗੁਰੂ ਬਾਬਾ ਨਾਨਕ ਸਾਹਿਬ ਜੀ ਦੇ ਸ਼ਬਦਾਂ ਨੇ ਸਿੱਖੀ ਵਿੱਚ ਨਿਰੰਤਰ ਸੇਵਾ, ਕਿਰਤ ਅਤੇ ਵੰਡ ਛਕਣ ਦੇ ਫਲਸਫ਼ੇ ਨੂੰ ਰਵਾਨਗੀ ਦਿੱਤੀ ਹੈ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਬਿਆਸ ਦੇ ਕੰਢੇ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ, ਜਿੱਥੇ ਸਾਂਝੀਵਾਲਤਾ ਦੀ ਪ੍ਰਤੀਕ ‘ਬਾਉਲੀ ਸਾਹਿਬ’ ਦੀ ਸਿਰਜਣਾ ਹੋਈ। ਕੀਰਤਪੁਰ ਅਤੇ ਅਨੰਦਪੁਰ ਸਾਹਿਬ ਵਿਖੇ ਸਤਲੁਜ ਦੀਆਂ ਲਹਿਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਬੀਰ-ਰਸੀ ਇਤਿਹਾਸ ਨੂੰ ਆਪਣੇ ਅੰਦਰ ਸਮੋਇਆ ਹੋਇਆ ਹੈ।

ਜਦੋਂ ਅਸੀਂ ਸਾਹਿਤ ਦੀ ਕਲਾ ਦੀ ਗੱਲ ਕਰਦੇ ਹਾਂ, ਤਾਂ ਜਮੁਨਾ ਦੇ ਕੰਢੇ ਵਸਿਆ ਪਾਉਂਟਾਸਾਹਿਬ ਸਭ ਤੋਂ ਵੱਡੀ ਮਿਸਾਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਮੁਨਾ ਦੇ ਸ਼ਾਂਤ ਵਹਾਅ ਵਿੱਚ ਬੈਠ ਕੇ 52 ਕਵੀਆਂ ਦੇ ਦਰਬਾਰ ਲਗਾਏ ਅਤੇ ਅਦੁੱਤੀ ਸਾਹਿਤ ਦੀ ਰਚਨਾ ਕਰਵਾਈ।

ਸਿੱਖ ਇਤਿਹਾਸ ਵਿੱਚ ਦਰਿਆ ਸਿਰਫ਼ ਜੀਵਨ ਦੇ ਹੀ ਨਹੀਂ, ਸਗੋਂ ਸ਼ਹਾਦਤ ਦੇ ਵੀ ਗਵਾਹ ਹਨ। ਗੁਰੂ ਅਰਜਨ ਦੇਵ ਜੀ ਨੇ ਰਾਵੀ ਦੇ ਕੰਢੇ ਤੱਤੀ ਤਵੀ ’ਤੇ ਬੈਠ ਕੇ ‘ਤੇਰਾ ਕੀਆ ਮੀਠਾ ਲਾਗੈ’ ਦਾ ਸੰਦੇਸ਼ ਦਿੱਤਾ। ਸਰਸਾ ਨਦੀ ਦੇ ਕੰਢੇ ਪਰਿਵਾਰ ਵਿਛੋੜਾ ਹੋਇਆ, ਪਰ ਗੁਰੂ ਗੋਬਿੰਦ ਸਿੰਘ ਜੀ ਦਾ ਚੜ੍ਹਦੀ ਕਲਾ ਦਾ ਫਲਸਫ਼ਾ ਦਰਿਆ ਵਾਂਗ ਅੱਗੇ ਹੀ ਵਧਦਾ ਰਿਹਾ।

ਸਿੱਖ ਸਭਿਅਤਾ ਸਾਨੂੰ ਸਿਖਾਉਂਦੀ ਹੈ ਕਿ ਮਨੁੱਖ ਨੂੰ ਦਰਿਆ ਵਾਂਗ ਹੋਣਾ ਚਾਹੀਦਾ ਹੈ— ਨਿਰਮਲ, ਗਤੀਸ਼ੀਲ ਅਤੇ ਪਰਉਪਕਾਰੀ। ਗੁਰੂ ਸਾਹਿਬਾਨ ਨੇ ਦਰਿਆਵਾਂ ਦੇ ਕੰਢਿਆਂ ’ਤੇ ਬੈਠ ਕੇ ਜੋ ਇਲਾਹੀ ਬਾਣੀ ਰਚੀ, ਉਹ ਅਸਲ ਵਿੱਚ ਸ਼ਬਦ ਦਾ ਦਰਿਆ ਹੈ, ਜੋ ਸਦੀਆਂ ਤੋਂ ਭਟਕੀਆਂ ਰੂਹਾਂ ਦੀ ਪਿਆਸ ਬੁਝਾ ਰਿਹਾ ਹੈ। ਜਿਵੇਂ ਦਰਿਆ ਆਪਣੀ ਮੰਜ਼ਿਲ (ਸਮੁੰਦਰ) ਵੱਲ ਨਿਰੰਤਰ ਵਧਦਾ ਹੈ, ਸ਼ਬਦ ਗੁਰੂ ਫਲਸਫ਼ਾ ਵੀ ਮਨੁੱਖ ਨੂੰ ਆਪਣੇ ਅਸਲੇ (ਅਕਾਲ ਪੁਰਖ) ਵਿੱਚ ਅਭੇਦ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਦਰਿਆਵਾਂ ਦੀ ਰਵਾਨਗੀ ਅਤੇ ਗੁਰੂ ਦੇ ਸ਼ਬਦ ਦਾ ਸੰਗਮ ਹੀ ਉਹ ਬਿੰਦੂ ਹੈ, ਜਿੱਥੋਂ ਇੱਕ ਅਦੁੱਤੀ ਅਤੇ ਮਹਾਨ ਸਭਿਅਤਾ ਦਾ ਆਗਾਜ਼ ਹੋਇਆ ਹੈ। ਦਰਿਆ ਦੀ ਮੌਜੂਦਗੀ ਮਨੁੱਖੀ ਕਲਪਨਾ ਨੂੰ ਉਡਾਣ ਦਿੰਦੀ ਹੈ। ਇਨਸਾਨੀ ਮਨ ਅਕਸਰ ਅਨਿਸ਼ਚਤਤਾ ਕਰਕੇ ਪਰੇਸ਼ਾਨ ਰਹਿੰਦਾ ਹੈ ਕਿ ਕੱਲ੍ਹ ਕੀ ਹੋਵੇਗਾ ? ਮੇਰਾ ਕੀ ਬਣੇਗਾ ? ਪਰ ਦਰਿਆ ਨੂੰ ਦੇਖ ਕੇ ਸਾਨੂੰ ਅਹਿਸਾਸ ਹੁੰਦਾ ਹੈ ਕਿ ਇਸ ਦੀ ਮੰਜ਼ਿਲ ਤੈਅ ਹੈ। ਭਾਵੇਂ ਰਸਤੇ ਵਿੱਚ ਪਹਾੜ ਆਉਣ, ਮੋੜ ਆਉਣ ਜਾਂ ਰੁਕਾਵਟਾਂ, ਦਰਿਆ ਨੇ ਅਖੀਰ ਸਮੁੰਦਰ ਵਿੱਚ ਮਿਲ ਹੀ ਜਾਣਾ ਹੈ। ਇਹ ਨਿਸ਼ਚਤਤਾ ਭਟਕੇ ਹੋਏ ਮਨ ਨੂੰ ਇਹ ਸੁਨੇਹਾ ਦਿੰਦੀ ਹੈ ਕਿ ਜੀਵਨ ਦਾ ਵੀ ਇੱਕ ਕੁਦਰਤੀ ਅੰਤ ਹੈ, ਜਿੱਥੇ ਸਭ ਨੇ ਅਖੀਰ ਸ਼ਾਂਤ ਹੋ ਜਾਣਾ ਹੈ।

ਦਰਿਆ ਜਦੋਂ ਸਮੁੰਦਰ ਵਿੱਚ ਮਿਲਦਾ ਹੈ, ਤਾਂ ਉਹ ਆਪਣੀ ਵੱਖਰੀ ਹੋਂਦ ਖ਼ਤਮ ਕਰ ਦਿੰਦਾ ਹੈ। ਉਹ ਹੁਣ ਸਿਰਫ਼ ਦਰਿਆ ਨਹੀਂ ਰਹਿੰਦਾ, ਸਗੋਂ ਸਮੁੰਦਰ ਬਣ ਜਾਂਦਾ ਹੈ। ਭਟਕੇ ਹੋਏ ਮਨਾਂ ਲਈ ਇਹ ਇੱਕ ਵੱਡੀ ਸਿੱਖਿਆ ਹੈ—ਕਿ ਸਾਡੀਆਂ ਜ਼ਿਆਦਾਤਰ ਪਰੇਸ਼ਾਨੀਆਂ ਸਾਡੀ ਮੈਂ ਕਰਕੇ ਹਨ। ਜਦੋਂ ਅਸੀਂ ਕੁਦਰਤ ਦੇ ਵਿਸ਼ਾਲ ਵਹਾਅ ਅੱਗੇ ਸਮਰਪਣ ਕਰ ਦਿੰਦੇ ਹਾਂ, ਤਾਂ ਸਾਰੇ ਮਾਨਸਿਕ ਸੰਘਰਸ਼ ਖ਼ਤਮ ਹੋ ਜਾਂਦੇ ਹਨ। ਦਰਿਆ ਦਾ ਭਵਿੱਖ ਸਮੁੰਦਰ ਹੈ, ਪਰ ਉਹ ਉੱਥੇ ਪਹੁੰਚਣ ਲਈ ਕਾਹਲੀ ਨਹੀਂ ਕਰਦਾ; ਉਹ ਵਹਿੰਦਾ ਰਹਿੰਦਾ ਹੈ। ਇਹ ਗੱਲ ਸਾਨੂੰ ਸਿਖਾਉਂਦੀਹੈ ਕਿ ਜੇਕਰ ਅੰਤ (ਮੌਤ ਜਾਂ ਵਿਲੀਨ ਹੋਣਾ) ਨਿਸ਼ਚਿਤ ਹੈ, ਤਾਂ ਫਿਰ ਰਸਤੇ ਦੀਆਂ ਮੁਸ਼ਕਿਲਾਂ ਤੋਂ ਘਬਰਾਉਣ ਦੀ ਲੋੜ ਨਹੀਂ। ਇਹ ਸੋਚ ਮਨੁੱਖ ਨੂੰ ਵਰਤਮਾਨ ਵਿੱਚ ਜਿਉਣ ਦਾ ਹੌਸਲਾ ਦਿੰਦੀ ਹੈ। ਜਿਨ੍ਹਾਂ ਲੋਕਾਂ ਦਾ ਆਪਣੀ ਮੰਜ਼ਿਲ ਤੋਂ ਭਰੋਸਾ ਉੱਠ ਗਿਆ ਹੁੰਦਾ ਹੈ, ਉਹ ਦਰਿਆ ਦੇ ਅਟੁੱਟ ਵਹਾਅ ਨੂੰ ਦੇਖ ਕੇ ਜਿਉਣ ਦਾ ਨਵਾਂ ਅਰਥ ਲੱਭਦੇ ਹਨ।

ਦਰਿਆ ਸਾਨੂੰ ਇਹ ਵੀ ਸਮਝਾਉਂਦਾ ਹੈ ਕਿ ਇਸ ਸੰਸਾਰ ਵਿੱਚ ਕੁਝ ਵੀ ਸਥਿਰ ਨਹੀਂ ਹੈ। ਪਿਆਰ, ਮੌਤ, ਅਤੇ ਗੁਆਚ ਜਾਣ ਦਾ ਡਰ—ਇਹ ਸਭ ਉਸੇ ਤਰ੍ਹਾਂ ਹਨ ਜਿਵੇਂ ਪਾਣੀ ਵਿੱਚ ਉੱਠਦੀਆਂ ਲਹਿਰਾਂ। ਅਸੀਂ ਅਕਸਰ ਦੂਜਿਆਂ ਦੇ ਮਨਾਂ ਵਿੱਚ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਅਖੀਰ ਵਿੱਚ ਇਹ ਸੱਚ ਸਾਹਮਣੇ ਆਉਂਦਾਹੈ ਕਿ ਹਰ ਰੂਹ ਆਪਣੀ ਯਾਤਰਾ ਵਿੱਚ ਇਕੱਲੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਦਰਿਆ ਵਿੱਚ ਵਹਿੰਦਾ ਹਰ ਕਣ ਆਪਣਾ ਰਸਤਾ ਖੁਦ ਤੈਅ ਕਰਦਾ ਹੈ। ਪਰ ਇਸ ਇਕੱਲਤਾ ਵਿੱਚ ਕੋਈ ਉਦਾਸੀ ਨਹੀਂ, ਸਗੋਂ ਇੱਕ ਰੱਬੀ ਸੱਚ ਹੈ।

ਅਸੀਂ ਅਕਸਰ ਇੱਕ ਆਦਰਸ਼ ਦੁਨੀਆ ਦੀ ਭਾਲ ਵਿੱਚ ਭਟਕਦੇ ਰਹਿੰਦੇ ਹਾਂ ਅਤੇ ਮੌਜੂਦਾ ਜੀਵਨ ਦੀਆਂ ਕਮੀਆਂ ਤੋਂ ਦੁਖੀ ਹੁੰਦੇ ਹਾਂ। ਪਰ ਸਿਆਣਪ ਇਸੇ ਵਿੱਚ ਹੈ ਕਿ ਅਸੀਂ ਇਸ ਅਧੂਰੇਪਨ ਨੂੰ ਹੀ ਆਪਣੀ ਹਕੀਕਤ ਮੰਨ ਲਈਏ। ਜਿਵੇਂ ਦਰਿਆ ਕਦੇ ਵੀ ਰਸਤੇ ਦੇ ਪੱਥਰਾਂ ਜਾਂ ਟੇਢੇ-ਮੇਢੇ ਮੋੜਾਂ ਦੀ ਸ਼ਿਕਾਇਤ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਵਿਚਕਾਰ ਹੀ ਆਪਣਾ ਰਸਤਾ ਬਣਾਉਂਦਾ ਹੈ, ਉਵੇਂ ਹੀ ਸਾਨੂੰ ਵੀ ਜੀਵਨ ਦੇ ਹਾਲਾਤਾਂ ਨੂੰ ਪ੍ਰਵਾਨ ਕਰਕੇ ਅੱਗੇ ਵਧਣਾ ਚਾਹੀਦਾ ਹੈ।

ਦਰਿਆ ਦਾ ਸੁਨੇਹਾ ਸਪੱਸ਼ਟ ਹੈ: ਇਹ ਦੁਨੀਆ, ਭਾਵੇਂ ਕਿੰਨੀ ਵੀ ਟੁੱਟੀ-ਭੱਜੀ ਕਿਉਂ ਨਾ ਲੱਗੇ, ਸਾਡਾ ਇੱਕੋ-ਇੱਕ ਘਰ ਹੈ। ਕੁਦਰਤ ਦੀ ਸੁੰਦਰਤਾ ਨੂੰ ਮਹਿਸੂਸ ਕਰਨਾ ਅਤੇ ਇਸ ਦੇ ਵਹਾਅ ਵਿੱਚ ਆਪਣੀ ਹੋਂਦ ਨੂੰ ਪ੍ਰਵਾਨ ਕਰਨਾ ਹੀ ਅਸਲ ਮਨੁੱਖੀ ਸਿਆਣਪ ਹੈ। ਅਖੀਰ ਵਿੱਚ, ਅਸੀਂ ਸਭ ਉਸ ਪਗਡੰਡੀ ’ਤੇ ਚੱਲ ਰਹੇ ਮੁਸਾਫਿਰ ਹਾਂ ਜਿਸਦੇ ਦੋਵੇਂ ਪਾਸੇ ਅਣਜਾਣ ਖਲਾਅ ਹੈ, ਪਰ ਸਾਡੇ ਪੈਰਾਂ ਹੇਠਲੀ ਧਰਤੀ ਅਤੇ ਸਾਡੇ ਸਾਹਮਣੇ ਵਹਿੰਦਾ ਦਰਿਆ ਸਾਨੂੰ ਹਮੇਸ਼ਾ ਜਿਉਣ ਦੀ ਗਵਾਹੀ ਦਿੰਦਾ ਰਹੇਗਾ। ਆਓ ਇਸ ਗੱਲ ਨੂੰ ਪ੍ਰਵਾਨ ਕਰੀਏ ਕਿ ਸਾਡੀ ਹੋਂਦ ਇਸ ਵਿਸ਼ਾਲ ਬ੍ਰਹਿਮੰਡ ਵਿੱਚ ਇੱਕ ਛੋਟੀ ਜਿਹੀ ਹੈ ਪਰ ਇਹ ਬਹੁਤ ਹੀ ਖ਼ੂਬਸੂਰਤ ਯਾਤਰਾ ਹੈ।






ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਥਾਪਨਾ ਕੀਰਤਪੁਰ ਸਾਹਿਬ

ਕੀਰਤਪੁਰ ਸਾਹਿਬ ਸਿੱਖਾਂ ਦੇ ਮਹੱਤਵਪੂਰਨ ਧਾਰਮਿਕ ਸਥਾਨਾਂ ਵਿਚੋਂ ਇੱਕ ਹੈ। ਜਿਸ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ। ਹਾਲਾਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਕਰਤਾਰਪੁਰ ਨੇੜੇ ਜਲੰਧਰ ਰਹਿੰਦੇ ਸਨ। ਕਰਤਾਰਪੁਰ ਦੀ ਜੰਗ ਤੋਂ ਬਾਅਦ ਕੀਰਤਪੁਰ ਸਾਹਿਬ ਰਹਿਣ ਲੱਗੇ ਅਤੇ ਆਪਣੇ ਜੀਵਨ ਦੇ ਆਖਰੀ ਸਾਲ ਵੀ ਇੱਥੇ ਹੀ ਬਿਤਾਏ। ਗੁਰੂ ਹਰਿਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਗਮਨ ਇੱਥੇ ਹੋਇਆ ਅਤੇ ਗੁਰ ਗੱਦੀਆਂ ਪ੍ਰਾਪਤ ਹੋਈਆਂ। ਗੁਰੂ ਨਾਨਕ ਦੇਵ ਜੀ ਸੋਲਵੀਂ ਸਦੀ ਵਿੱਚ ਇੱਥੇ ਆਏ, ਉਦੋਂ ਲਗਭਗ ਉਜਾੜ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਵੀ ਆਉਣਾ ਜਾਣਾ ਰਿਹਾ। ਉਦਾਸੀ ਸੰਪਰਦਾਇ ਦੇ ਸੰਸਥਾਪਕ ਬਾਬਾ ਸ੍ਰੀ ਚੰਦ ਜੀ ਅਤੇ ਉਹਨਾਂ ਦੇ ਉਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਵੀ ਕਾਫ਼ੀ ਸਮਾਂ ਰਹੇ। ਗੁਰੂ ਹਰਿ ਰਾਇ ਸਾਹਿਬ ਜੀ ਦੀ ਸਪੁੱਤਰੀ ਬੀਬੀ ਰੂਪ ਕੌਰ ਨੇ ਆਪਣਾ ਸਾਰਾ ਜੀਵਨ ਇੱਥੇ ਗੁਜਾਰਿਆ। ਇਹ ਸਥਾਨ ਸੰਨ 1635-1665 ਤੱਕ ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਦੇ ਗੁਰੂ ਕਾਲ ਵਿੱਚ ਤੀਹ ਸਾਲ ਸਿੱਖ ਗਤੀਵਿਧੀਆਂ ਦਾ ਕੇਂਦਰ ਬਿੰਦੂ ਰਿਹਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 23 ਅਪ੍ਰੈਲ 1624 ਨੂੰ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ। ਕੀਰਤਪੁਰ ਸਾਹਿਬ ਦੀ ਜ਼ਮੀਨ ਕੋਹਿਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਵੱਲੋਂ ਖਰੀਦੀ ਗਈ ਸੀ। ਕੀਰਤਪੁਰ ਸਾਹਿਬ ਜੋ ਕਿ ਆਨੰਦਪੁਰ ਸਾਹਿਬ ਦੇ ਦੱਖਣ ਵਿੱਚ ਲਗਭਗ 9 ਕਿਲੋਮੀਟਰ ਅਤੇ ਰੋਪੜ ਨੰਗਲ ਮੁੱਖ ਮਾਰਗ 'ਤੇ ਰੋਪੜ ਦੇ ਉੱਤਰ ਵਿੱਚ ਕਰੀਬ 30 ਕਿਲੋਮੀਟਰ ਦੂਰ ਸਤਿਲੁੱਜ ਦਰਿਆ ਦੇ ਖੱਬੇ ਕੰਢੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਤਲਹਟੀ ਵਿੱਚ ਸਥਿਤ ਹੈ। ਇਸ ਕਸਬੇ ਨੂੰ ਵਸਾਉਣ ਲਈ ਬਾਬਾ ਗੁਰਦਿੱਤਾ ਜੀ ਅਤੇ ਬਾਬਾ ਸ੍ਰੀ ਚੰਦ ਜੀ ਦਾ ਪੂਰਨ ਸਹਿਯੋਗ ਰਿਹਾ। ਇਸ ਜ਼ਮੀਨ ਵਿੱਚ ਸ਼ੁਰੂ ਵਿੱਚ ਚਾਰ ਪਿੰਡ ਜੀਉਵਾਲ, ਕਲਿਆਣਪੁਰ, ਭਟੋਲੀਆ ਅਤੇ ਭਾਗੋਵਾਲਾ ਸ਼ਾਮਲ ਸਨ।

ਇਸ ਸਥਾਨ ਦੀ ਮਹੱਤਤਾ ਕੀਰਤਪੁਰ ਦੀ ਮਹਾਨ ਸਿੱਖ ਜੰਗ 1634 ਕਰਕੇ ਵੀ ਹੈ ਕਿ 1634 ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਕੁਰਕਸ਼ੇਤਰ ਤੋਂ ਵਾਪਸ ਕੀਰਤਪੁਰ ਸਾਹਿਬ ਦੀ ਯਾਤਰਾ ਕਰ ਰਹੇ ਸਨ। ਰੋਪੜ ਦੇ ਮੁਗਲ ਪਠਾਣ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਰਮਨ ਪਿਆਰਤਾ ਦੀ ਪ੍ਰਸਿੱਧੀ ਤੋਂ ਈਰਖਾ ਕਰਦੇ ਸਨ। ਉਹਨਾਂ ਨੇ ਖਰੜ ਦੇ ਨੇੜੇ ਦੇ ਪਿੰਡਾਂ ਵਿੱਚ ਗੁਰੂ ਸਾਹਿਬ ਜੀ 'ਤੇ ਹਮਲੇ ਦੀ ਯੋਜਨਾ ਬਣਾਈ। ਕੁਝ ਸਿੱਖ 1632 ਤੋਂ ਪਿੰਡ ਨਾਗਲ ਸਿੰਘਾਂ ਵਿੱਚ ਰਹਿ ਰਹੇ ਸਨ। ਉਹਨਾਂ ਨੂੰ ਪਠਾਣਾਂ ਦੀ ਕੋਝੀ ਚਾਲ ਦੀ ਖ਼ਬਰ ਸੀ। ਸਿੱਖਾਂ ਨੇ ਪਠਾਣਾ ਦੇ ਮਹਲੇ ਨੂੰ ਨਾਕਾਮ ਕਰਨ ਦੀ ਤਿਆਰੀ ਕਰ ਲਈ ਸੀ। ਪਡਿਆਲਾ ਵਿਖੇ ਭਿਆਨਕ ਖੂਨੀ ਜੰਗ ਹੋਈ। ਸਿੱਖ ਆਪਣੇ ਖੂਨ ਵਹਾ ਕੇ ਪਠਾਣਾ ਨਾਲ ਲੜੇ। ਗੁਰੂ ਸਾਹਿਬ ਲਈ ਕੀਰਤਪੁਰ ਸਾਹਿਬ ਦਾ ਰਸਤਾ ਸੁਰੱਖਿਅਤ ਕਰ ਦਿੱਤਾ। ਜਦੋਂ ਗੁਰੂ ਸਾਹਿਬ ਪਡਿਆਲਾ ਦੇ ਸਥਾਨ 'ਤੇ ਪਹੁੰਚੇ ਤਾਂ ਉਹਨਾਂ ਸ਼ਹੀਦ ਸਿੰਘਾਂ ਨੂੰ ਆਸ਼ੀਰਵਾਦ ਦਿੱਤਾ। ਸ਼ਹੀਦ ਸਿੰਘਾਂ ਦੇ ਸਸਕਾਰ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ। ਪਡਿਆਲਾ ਦੇ ਜੰਗੀ ਸਥਾਨ ਤੋਂ ਗੁਰਦੁਆਰਾ ਝੰਡਾ ਸਾਹਿਬ ਸਥਾਪਤ ਹੈ ਜੋ ਕੁਰਾਲੀ ਤੋਂ 4 ਕਿਲੋਮੀਟਰ ਅਤੇ ਚੰਡੀਗੜ੍ਹ ਤੋਂ ਲਗਰਭਗ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਨਾਲ ਸਬੰਧਿਤ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ 1665 ਵਿੱਚ ਆਪਣੇ ਮਹਿਲ ਅਤੇ ਹੋਰ ਸਿੱਖਾਂ ਨਾਲ ਕੀਰਤਪੁਰ ਸਾਹਿਬ ਤੋਂ ਦਿੱਲੀ ਜਾਂਦੇ ਸਮੇਂ ਇਸ ਸਥਾਨ 'ਤੇ ਆਏ ਸਨ। ਗੁਰੂ ਤੇਗ ਬਹਾਦਰ ਜੀ ਇੱਥੋਂ ਪਿੰਡ ਘੰਙੂਆਂ ਗਏ।

ਕੀਰਤਪੁਰ ਸਾਹਿਬ ਵਿੱਚ ਇਤਿਹਾਸਿਕ ਮਹੱਤਵ ਵਾਲੇ ਗੁਰਦੁਆਰੇ ਹਨ। ਜਿਹਨਾਂ ਦੀ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ-

1.ਗੁਰਦੁਆਰਾ ਚਰਨ ਕਮਲ ਸਾਹਿਬ: ਇਹ ਗੁਰੂ ਨਾਨਕ ਦੇਵ ਜੀ ਦੀਆਂ ਅਧਿਆਤਮਕ ਯਾਤਰਾਵਾਂ ਦੌਰਾਨ ਇਸ ਸਥਾਨ 'ਤੇ ਆਉਣ ਦੇ ਸਨਮਾਨ ਵਿੱਚ ਸ਼ਹਿਰ ਦੇ ਉਤਰ ਵੱਲ ਭਾਖੜਾ ਨਹਿਰ ਦੇ ਪਾਰ ਇੱਕ ਟਿੱਲੇ 'ਤੇ ਸਥਿਤ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਆਪਣੇ ਸ਼ਰਧਾਲੂ ਪੰਡਿਤ ਪੈਂਜੂ ਰਾਮ ਦੀ ਬੇਨਤੀ 'ਤੇ ਭਾਈ ਮਰਦਾਨਾ ਜੀ ਨਾਲ ਆਏ ਸਨ। ਉਦੋਂ ਸੋਲਵੀਂ ਸਦੀ ਦੇ ਸ਼ੁਰੂ ਵਿੱਚ ਇਹ ਸਥਾਨ ਲਗਭਗ ਉਜਾੜ ਸੀ। ਇੱਕ ਮੁਸਲਮ ਸੰਤ ਪੀਰ ਬੁੱਢਣ ਸ਼ਾਹ ਜੋ ਨੇੜੇ ਇੱਕ ਪਹਾੜੀ 'ਤੇ ਰਹਿੰਦਾ ਸੀ, ਗੁਰੂ ਸਾਹਿਬ ਜੀ ਨੂੰ ਮਿਲਣ ਆਇਆ। ਉਸ ਨੇ ਗੁਰੂ ਸਾਹਿਬ ਜੀ ਨੂੰ ਦੁੱਧ ਪਿਲਾਇਆ ਅਤੇ ਇੱਕ ਲੰਬਾ ਅਧਿਆਤਮਕ ਪ੍ਰਵਚਨ ਵੀ ਕੀਤਾ। ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਪੀਰ ਬੁੱਢਣ ਸ਼ਾਹ ਦੀ ਇੱਕ ਯਾਦਗਾਰ ਬਣਾਈ ਗਈ ਹੈ।

2.ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ : ਇਹ ਗੁਰਦੁਆਰਾ ਉਸ ਜਗ੍ਹਾ 'ਤੇ ਬਣਾਇਆ ਗਿਆ ਹੈ ਜੋ ਕਈ ਸਾਲਾਂ ਤੱਕ ਬਾਬਾ ਗੁਰਦਿੱਤਾ ਜੀ ਅਤੇ ਬਾਅਦ ਵਿੱਚ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਨਿਵਾਸ ਅਸਥਾਨ ਰਿਹਾ। ਇਹ ਕੀਰਤਪੁਰ ਸਾਹਿਬ ਦੀ ਪਹਿਲੀ ਇਮਾਰਤ ਦੀ ਨੀਂਹ ਬਾਬਾ ਸ੍ਰੀ ਚੰਦ ਜੀ ਨੇ ਰੱਖੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ 1635 ਵਿੱਚ ਇੱਥੇ ਆਏ ਸਨ। ਗੁਰੂ ਹਰਿਰਾਏ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਗਮਨ ਇੱਥੇ ਹੋਇਆ। ਇਹ ਬਾਬਾ ਰਾਮ ਰਾਇ ਜੀ ਅਤੇ ਗੁਰੂ ਹਰਿ ਰਾਇ ਜੀ ਦੇ ਸਪੁੱਤਰ ਅਤੇ ਸਪੁੱਤਰੀ ਬੀਬੀ ਰੂਪ ਕੌਰ ਦਾ ਜਨਮ ਸਥਾਨ ਵੀ ਹੈ।

ਇਹ ਗੁਰਦੁਆਰਾ ਹੋਰ ਗੁਰਦੁਆਰਿਆਂ ਜਿਵੇਂ ਕੋਟ ਸਾਹਿਬ, ਦਮਦਮਾ ਸਾਹਿਬ, ਹਰਿਮੰਦਰ ਸਾਹਿਬ ਅਤੇ ਚਬੂਚਾ ਸਾਹਿਬ ਦੇ ਕੇਂਦਰ ਵਿੱਚ ਹੈ। ਇਹ ਸਾਰੇ ਗੁਰੂ ਸਾਹਿਬਾਨ ਜੀ ਦੇ ਪੁਰਾਣੇ ਘਰ ਦੇ ਗਿਰਦ ਬਣੇ ਹਨ। ਗੁਰਦੁਆਰੇ ਦੀ ਸ਼ਾਨਦਾਰ ਦਿੱਖ ਵਿੱਚ ਚੰਗੀ ਕਿਸਮ ਦੇ ਕੱਚ ਇਸ ਨੂੰ ਸ਼ੀਸ਼ ਮਹਿਲ ਦੀ ਸ਼ਾਨ ਪ੍ਰਦਾਨ ਕਰਦੇ ਹਨ।

3. ਗੁਰਦੁਆਰਾ ਕੋਟ ਤਖ਼ਤ ਸਾਹਿਬ: ਸ਼ੀਸ਼ ਮਹਿਲ ਦੇ ਪਿਛਲੇ ਪਾਸੇ ਸਥਿਤ ਹੈ। ਇਸ ਨੂੰ ਤਖ਼ਤ ਸਾਹਿਬ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ ਇੱਕ ਕਿਲਾਬੰਦ ਸਿੰਘਾਸਨ ਸਥਾਪਤ ਕਰਵਾਇਆ ਅਤੇ ਇੱਥੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਾਂ ਨੂੰ ਚਲਾਇਆ। ਸੰਗਤਾਂ ਨਾਲ ਪ੍ਰਵਚਨ ਅਤੇ ਦੂਰ ਦੂਰ ਤੋਂ ਆਏ ਸ਼ਰਧਾਲੂਆਂ ਨੂੰ ਵੀ ਮਿਲਦੇ ਸਨ। ਜੋਤੀ ਜੋਤ ਸਮਾਉਣ ਵੇਲੇ ਆਪਣੇ ਸਪੁੱਤਰ ਗੁਰਦਿੱਤਾ ਜੀ ਦੇ ਸਪੁੱਤਰ ਹਰਿ ਰਾਇ ਜੀ ਅਰਥਾਤ ਆਪਣੇ ਪੋਤੇ ਨੂੰ ਗੁਰਗੱਦੀ ਸੌਂਪੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਇੱਥੇ ਹੀ ਗੁਰਗੱਦੀ ਪ੍ਰਾਪਤ ਕੀਤੀ ਸੀ।

ਤਖ਼ਤ ਸਾਹਿਬ ਇੱਕ ਵਰਗਾਕਾਰ ਕਮਰਾ ਹੈ, ਜੋ ਇੱਕ ਆਇਤਕਾਰ ਹਾਲ ਦੇ ਅੰਤ ਵਿੱਚ ਇੱਕ ਉੱਚੇ ਆਧਾਰ 'ਤੇ ਬਣਿਆ ਹੈ। ਜਿਸ ਦੇ ਵਿਚਕਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਛੱਤ 'ਤੇ ਤਖ਼ਤ ਸਾਹਿਬ ਦੇ ਉੱਪਰ ਇੱਕ ਸ਼ਾਨਦਾਰ ਚੋਟੀ ਵਾਲਾ ਇੱਕ ਸੁੰਦਰ ਗੁਬੰਦਦਾਰ ਮੰਡਪ ਇਸ ਦੀ ਦਿੱਖ ਦੀ ਸ਼ਾਨ ਵਧਾਉਂਦਾ ਹੈ।

4. ਗੁਰਦੁਆਰਾ ਦਮਦਮਾ ਸਾਹਿਬ : ਜਿਸ ਨੂੰ ਦੀਵਾਨ- ਏ- ਆਮ ਵੀ ਕਿਹਾ ਜਾਂਦਾ ਹੈ। ਇੱਕ ਇਕੱਲੇ ਸਧਾਰਣ ਕਮਰੇ ਵਾਲਾ ਢਾਂਚਾ ਹੈ। ਛੱਤ ਗੁਬੰਦਦਾਰ ਹੈ। ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਤੋਂ ਲਗਭਗ ਵੀਹ ਮੀਟਰ ਪੱਛਮ ਵੱਲ ਹੈ। ਗੁਰੂ ਹਰਿ ਰਾਇ ਸਾਹਿਬ ਆਏ ਯਾਤਰੂਆਂ ਨੂੰ ਮਿਲਦੇ ਅਤੇ ਸੰਗਤ ਨੂੰ ਉਪਦੇਸ਼ ਦਿੰਦੇ ਸਨ। ਇੱਥੇ ਗੁਰੂ ਕਾ ਲੰਗਰ ਰਸੋਈ ਵੀ ਸੀ।

5. ਗੁਰਦੁਆਰਾ ਹਰਿਮੰਦਰ ਸਾਹਿਬ : ਕੋਟ ਤਖ਼ਤ ਸਾਹਿਬ ਦੇ ਸਾਹਮਣੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ ਨੌ ਲੱਖਾ ਬਾਗ ਉਗਾਇਆ ਸੀ। ਜੋ ਕਿ ਪੌਦਿਆਂ, ਰੁੱਖਾਂ, ਜੜੀਆਂ, ਬੂਟੀਆਂ ਦੇ ਨਾਲ ਨਾਲ ਆਪਣੇ ਚਸ਼ਮੇ ਦੀ ਦਿੱਖ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਇਕਾਂਤ ਵਿੱਚ ਆਰਾਮ ਕਰਨ ਲਈ ਬਾਗ ਵਿੱਚ ਜਾਂਦੇ ਸਨ। ਇੱਕ ਵਾਰ ਗੁਰੂ ਹਰਿ ਰਾਇ ਸਾਹਿਬ ਜੀ ਨੇ ਚੋਲਾ ਝਾੜਿਆ ਤਾਂ ਪੌਦੇ ਤੋਂ ਇੱਕ ਫੁੱਲ ਡਿੱਗ ਪਿਆ। ਗੁਰੂ ਸਾਹਿਬ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ। ਬਾਅਦ ਵਿੱਚ ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਬਾਗ ਦੀ ਦੇਖਭਾਲ ਕੀਤੀ। ਉਥੇ ਇੱਕ ਚਿੜੀਆ ਘਰ ਅਤੇ ਦਵਾਖਾਨਾ ਵੀ ਸਥਾਪਤ ਕੀਤਾ। ਬਾਦਸ਼ਾਹ ਸ਼ਾਹਜਹਾਂ ਦੇ ਪੁੱਤਰ ਰਾਜ ਕੁਮਾਰ ਦਾਰਾ ਸ਼ਿਕੋਹ ਇੱਥੋਂ ਦੇ ਦਵਾਖਾਨੇ ਹਰੜ ਅਤੇ ਲੌਂਗ ਨਾਲ ਤੰਦਰੁਸਤ ਹੋਇਆ, ਜਦੋਂ ਉਹ ਸਖ਼ਤ ਬਿਮਾਰ ਸੀ। ਗੁਰੂ ਸਾਹਿਬ ਇੱਥੇ ਪ੍ਰਸਿੱਧ ਇਤਿਹਾਸਕਾਰ ਮੋਹਸਿਨ ਫਾਨੀ ਨੂੰ ਵੀ ਮਿਲੇ ਸਨ।

ਗੁਰਦੁਆਰਾ ਸਾਹਿਬ ਦੀ ਇਮਾਰਤ ਛੋਟੀਆਂ ਇੱਟਾਂ ਨਾਲ ਬਣੀ ਹੋਈ ਹੈ। ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਇਤਿਹਾਸਿਕ ਬਾਊਲੀ ਜਿਸ ਨੂੰ ਗੁਰੂ ਕਾ ਖੂਹ ਕਿਹਾ ਜਾਂਦਾ ਹੈ। ਇਮਾਰਤ ਦੇ ਪਿਛਲੇ ਪਾਸੇ ਸਥਿਤ ਹੈ। ਇੱਕ ਮੀਟਰ ਵਿਆਸ ਅਤੇ ਤੰਗ ਪੌੜੀਆਂ ਵਾਲੀ ਇਹ ਬਾਊਲੀ ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਪਾਣੀ ਦਾ ਮੁੱਖ ਸਾਧਨ ਸੀ।

6. ਗੁਰਦੁਆਰਾ ਚੁਬਚਾ ਸਾਹਿਬ : ਛੋਟੇ ਜਿਹੇ ਗੁਬੰਦ ਵਾਲਾ ਗੁਰਦੁਆਰਾ ਹੈ। ਇੱਕ ਅਹਾਤੇ ਵਿੱਚ ਦੁਕਾਨਾਂ ਅਤੇ ਰਿਹਾਇਸ਼ੀ ਇਮਾਰਤਾਂ ਵਿਚਕਾਰ ਗੁਰਦੁਅਰਾ ਸ਼ੀਸ਼ ਮਹਿਲ ਸਾਹਿਬ ਤੋਂ ਦੱਖਣ ਪੱਛਮ ਵੱਲ ਥੌੜੀ ਦੂਰ ਹੈ। ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰੂ ਕਾਲ ਵਿੱਚ ਇਹ ਚਾਰਾ ਜਮਾ ਕਰਨ ਅਤੇ ਗੁਰੂ ਜੀ ਦੇ ਰੱਖੇ ਹੋਏ ਪਸ਼ੂਆਂ ਅਤੇ ਘੋੜਿਆਂ ਦੇ ਰਹਿਣ ਲਈ ਵੱਡਾ ਕੋਠਾ ਹੁੰਦਾ ਸੀ। ਜਿਸ ਦੇ ਕੋਲ ਹੀ ਜਾਨਵਰਾਂ ਨੂੰ ਪਾਣੀ ਪਿਲਾਉਣ ਲਈ ਇੱਕ ਵੱਡਾ ਪਾਣੀ ਦਾ ਟੋਆ ਹੁੰਦਾ ਸੀ। ਗੁਰੂ ਹਰਿ ਰਾਇ ਸਾਹਿਬ ਜੀ ਨੇ ਘੋੜ ਸਵਾਰਾਂ ਦੀ ਇੱਕ ਵੱਡੀ ਟੁਕੜੀ ਬਣਾ ਲਈ ਸੀ ਜਿਸ ਵਿੱਚ 2200 ਘੋੜ ਸਵਾਰ ਅਤੇ ਕੁਝ ਹਾਥੀ ਸਨ। ਕੀਰਤਪੁਰ ਸਾਹਿਬ ਵਿਖੇ ਗਾਵਾਂ, ਮੱਝਾਂ ਅਤੇ ਜਾਨਵਰਾਂ ਨੂੰ ਵੱਖ ਵੱਖ ਤਬੇਲਿਆਂ ਵਿੱਚ ਰੱਖਿਆ ਗਿਆ ਸੀ। ਜ਼ਿਆਦਾਤਰ ਘੋੜੇ ਪਿੰਡ ਬੁੰਗਾਂ ਵਿਖੇ ਇੱਕ ਵੱਡੇ ਤਬੇਲੇ ਵਿੱਚ ਸਨ। ਉਸ ਥਾਂ ਗੁਰਦੁਆਰੇ ਨੂੰ ਬੁੰਗਾ ਸਾਹਿਬ ਵੀ ਕਿਹਾ ਜਾਂਦਾ ਹੈ। ਉਥੇ ਜਾਨਵਾਰਾਂ ਦੇ ਚਾਰੇ ਦਾ ਵੱਡਾ ਪ੍ਰਬੰਧ ਹਮੇਸ਼ਾ ਰਹਿੰਦਾ ਸੀ। ਗੁਰੂ ਸਾਹਿਬ ਜੀ ਜਾਨਵਰਾਂ ਦੀ ਦੇਖਭਾਲ ਵਿੱਚ ਆਪਣੀ ਨਿੱਜੀ ਦਿਲਚਸਪੀ ਰੱਖਦੇ ਸਨ।

7. ਗੁਰਦੁਆਰਾ ਮੰਜੀ ਸਾਹਿਬ : ਗੁਰਦੁਆਰਾ ਉਸ ਥਾਂ ਦੀ ਦਸ ਪਾਉਂਦਾ ਹੈ, ਜਿੱਥੇ ਬੀਬੀ ਰੂਪ ਕੌਰ ਜੀ ਰਹਿੰਦੇ ਸਨ। ਉਹਨਾਂ ਦਾ ਵਿਆਹ ਸਿਆਲਕੋਟ ਨੇੜੇ ਪਸਰੂਰ ਦੇ ਪਰਮੱਲ ਦੇ ਪੁੱਤਰ ਭਾਈ ਖੇਮਕਰਨ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਕੀਰਤਪੁਰ ਸਾਹਿਬ ਆਪਣੇ ਮਾਤਾ ਪਿਤਾ ਨਾਲ ਹੀ ਰਹੇ ਅਤੇ ਬੜੀ ਨਿਮਰਤਾ ਨਾਲ ਜ਼ਿੰਦਗੀ ਬਤੀਤ ਕੀਤੀ। ਉਹਨਾਂ ਦੇ ਮਾਤਾ ਪਿਤਾ ਦੀਆਂ ਵਿਰਾਸਤਾਂ ਗੁਰਦੁਆਰਾ ਮੰਜੀ ਸਾਹਿਬ ਵਿੱਚ ਸੁਰਖਿਅਤ ਹਨ। ਪਵਿੱਤਰ ਬਾਣੀਆਂ ਵਾਲੀ ਅਰਦਾਸ ਦੀ ਇੱਕ ਪੁਸਤਕ, ਇੱਕ ਰੁਮਾਲ ਜਿਸ ਦੀ ਕਢਾਈ ਉਹਨਾਂ ਖੁਦ ਕੀਤੀ। ਇੱਕ ਪਵਿੱਤਰ ਟੋਪੀ(ਸੇਲੀ ਟੋਪੀ) ਜੋ ਉਹਨਾਂ ਆਪਣੀ ਦਾਦੀ ਤੋਂ ਪ੍ਰਾਪਤ ਕੀਤੀ। ਜੋ ਉਹਨਾਂ ਦੇ ਦਾਦਾ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਵੱਲੋਂ ਬਖਸ਼ੀ ਗਈ ਸੀ। ਜੋ ਕਿ ਉਦਾਸੀ ਸੰਪਰਦਾਇ ਦੇ ਸੰਸਥਾਪਕ ਸਨ। ਜਦੋਂ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੇ ਉਤਰਾਧਿਕਾਰੀ ਵਜੋਂ ਪਦਵੀ ਦਿੱਤੀ। ਇੱਕ ਹੱਥ ਵਾਲਾ ਪੱਖਾ ਅਤੇ ਇੱਕ ਗਲੂਬੰਦ ਉਹਨਾਂ ਨੂੰ ਪਿਤਾ ਗੁਰੂ ਹਰਿ ਰਾਇ ਜੀ ਵੱਲੋਂ ਦਿੱਤਾ ਤੋਹਫਾ ਸੀ। ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣਾਈ ਗਈ ਹੈ।

8. ਗੁਰਦੁਆਰਾ ਬਿਬਨਗੜ੍ਹ ਸਾਹਿਬ : ਇਹ ਉਸ ਅਸਥਾਨ 'ਤੇ ਬਣਾਇਆ ਗਿਆ ਹੈ, ਜਿੱਥੇ ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦ ਸੀਸ ਮਾਤਾ ਗੁਜਰੀ ਜੀ ਅਤ ਬਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪਿਆ ਸੀ। ਗੁਰੂ ਤੇਗ ਬਹਾਦਰ ਜੀ ਦਾ ਸੀਸ 1 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧੜ ਤੋਂ ਅਲੱਗ ਕਰ ਦਿੱਤਾ ਗਿਆ ਸੀ। ਭਾਈ ਜੈਤਾ ਜੀ ਗੁਪਤ ਰੂਪ ਵਿੱਚ ਇੱਕ ਜੋਖਮ ਵਿਚੋਂ ਲੰਘਦਿਆਂ ਕੀਰਤਪੁਰ ਸਾਹਿਬ ਸੀਸ ਲੈ ਆਏ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਕੇ ਆਸ਼ੀਰਵਾਦ ਦਿੱਤਾ। ਮਾਤਾ ਨਾਨਕੀ, ਮਾਤਾ ਗੁਜਰੀ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਸਿੱਖਾਂ ਨੇ ਸ਼ਹੀਦ ਸੀਸ ਨੂੰ ਪਵਿੱਤਰ ਜਾਪ ਨਾਲ ਸਤਿਕਾਰ ਸਹਿਤ 'ਚੱਕ ਨਾਨਕੀ' (ਅਨੰਦਪੁਰ ਸਾਹਿਬ) ਲੈ ਗਏ, ਜਿਥੇ ਅਗਲੇ ਦਿਨ ਸਸਕਾਰ ਕੀਤਾ। ਇੱਥੇ ਗੁਰਦੁਆਰਾ ਸੀਸ ਗੰਜ ਸਾਹਿਬ ਅਨੰਦਪੁਰ ਸਾਹਿਬ ਸ਼ਸ਼ੋਭਿਤ ਹੈ। ਗੁਰਦੁਆਰਾ ਬਿਨਗੜ੍ਹ ਸਾਹਿਬ ਭਾਖੜਾ ਨਹਿਰ ਦੇ ਖੱਬੇ ਕੰਢੇ ਦੱਖਣ ਵੱਲ ਸਥਿਤ ਹੈ।

9. ਗੁਰਦੁਆਰਾ ਪਤਾਲਪੁਰੀ ਸਾਹਿਬ: ਸਤਿਲੁਜ ਦੇ ਖੱਬੇ ਕੰਢੇ ਉਸ ਸਥਾਨ 'ਤੇ ਸਥਿਤ ਹੈ, ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਦਾ ਸਸਕਾਰ ਹੋਇਆ ਸੀ। ਜਿੱਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਅਸਥੀਆਂ ਅਤੇ ਵੱਡੇ ਭਰਾ ਬਾਬਾ ਰਾਮ ਰਾਇ ਜੀ ਨੂੰ ਜਲ ਪ੍ਰਵਾਹ ਕੀਤਾ ਗਿਆ ਸੀ। ਇਸ ਤਰ੍ਹਾਂ ਕਈ ਯਾਦਗਾਰਾਂ ਪਤਾਲਪੁਰੀ ਨਾਲ ਜੁੜ ਗਈਆਂ ਹਨ। ਸਿੱਖ ਆਪਣੇ ਵਿਛੜੇ ਹੋਏ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰਦੇ ਹਨ। ਸਤਿਲੁਜ 'ਤੇ ਇੱਕ ਘਾਟ ਬਣਿਆ ਹੈ। ਗੁਰਦੁਆਰਾ ਪਤਾਲਪੁਰੀ ਸਾਹਿਬ ਇੱਕ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਵੱਡਾ ਦਰਬਾਰ ਹਾਲ ਇੱਕ ਉੱਚੇ ਥੜੇ 'ਤੇ ਬਣਿਆ ਹੈ। ਜਿਸ ਦੇ ਪ੍ਰਕਾਸ਼ ਅਸਥਾਨ ਉਪਰ 2 ਮੰਜ਼ਿਲਾਂ ਹਨ। ਛੱਤ 'ਤੇ ਫੁੱਲਾਂ ਵਾਲਾ ਗੁਬੰਦ ਹੈ। ਚਾਰੇ ਕੋਨਿਆਂ 'ਤੇ ਗੁਬੰਦ ਹਨ। ਇਕ ਵਿਸ਼ਾਲ ਲੰਗਰ ਹਾਲ ਹੈ। ਇੱਕ ਛੋਟਾ ਸਰੋਵਰ , ਪਾਰਕ, ਇਸ਼ਨਾਨ ਘਰ, ਗੱਡੀਆਂ ਖੜੀਆਂ ਕਰਨ ਤਕ ਸਹੂਲਤਾਂ ਹਨ। ਵਿਛੜੀਆਂ ਸੰਗਤਾਂ ਲਈ ਅਰਦਾਸ ਹੁੰਦੀ ਹੈ।

10. ਗੁਰਦੁਆਰਾ ਤੀਰ ਸਾਹਿਬ: ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਕੀਰਤਪੁਰ - ਬਿਲਾਸਪੁਰ ਸੜਕ ਦੇ ਸੱਜੇ ਪਾਸੇ ਇੱਕ ਪਹਾੜੀ 'ਤੇ ਬਣਾਇਆ ਗਿਆ ਹੈ। ਇਸ ਇਕਾਂਤ ਜਗ੍ਹਾ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੀਰ ਅੰਦਾਜੀ ਦੇ ਮੁਕਾਬਲੇ ਕਰਵਾਉਂਦੇ ਸਨ। ਲੰਬੇ ਸਮੇਂ ਤੱਕ ਇਹ ਇੱਕ ਛੋਟਾ ਜਿਹਾ ਧਾਰਮਿਕ ਸਥਾਨ ਸੀ। ਹੁਣ ਇੱਥੇ ਇੱਕ ਮਜਬੂਤ ਗੁਰਦੁਆਰਾ ਬਣ ਗਿਆ ਹੈ,ਜੋ ਕਿ ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ।

11. ਗੁਰਦੁਆਰਾ ਬਾਉਲੀ ਸਾਹਿਬ: ਇਹ ਕੀਰਤਪੁਰ ਬਿਲਾਸਪੁਰ ਸੜਕ 'ਤੇ ਗੁਰਦੁਆਰਾ ਬਾਬਾ ਗੁਰਦਿਤਾ ਸਾਹਿਬ ਅਤੇ ਗੁਰਦੁਆਰਾ ਤੀਰ ਸਾਹਿਬ ਨੂੰ ਜਾਣ ਵਾਲੀਆਂ ਪੌੜੀਆਂ ਦੇ ਨੇੜੇ ਸਥਿਤ ਹੈ। ਇਸ ਪੌੜੀਆਂ ਵਾਲੇ ਖੂਹ ਦਾ ਵਿਆਸ, ਸ਼ੀਸ਼ ਮਹਿਲ ਵਿਖੇ ਬਾਊਲੀ ਤੋਂ ਵੱਡਾ ਹੈ। ਬਾਬਾ ਗੁਰਦਿਤਾ ਜੀ ਤੇ ਬਾਬਾ ਸ੍ਰੀ ਚੰਦ ਜੀ ਨੇ ਇਸ ਪੌੜੀਆਂ ਵਾਲੇ ਖੂਹ ਨੂੰ ਪੁੱਟਿਆ ਸੀ। ਪੌੜੀਆਂ ਵਾਲੇ ਖੂਹ ਬਾਊਲੀ ਦੇ ਉਪਰ ਇੱਕ ਸੁੰਦਰ ਮੰਡਪ ਗੁਰਦੁਆਰਾ ਸਾਹਿਬ ਜੀ ਦੀ ਸ਼ਾਨ ਨੂੰ ਵਧਾਉਂਦਾ ਹੈ।

12. ਗੁਰਦੁਆਰਾ ਡੇਹਰਾ ਸਾਹਿਬ ਬਾਬਾ ਗੁਰਦਿੱਤਾ ਜੀ : ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਬਣਿਆ ਹੋਇਆ ਹੈ। ਇਹ ਡੇਹਰਾ (ਮਕਬਰਾ) ਨੂੰ ਧਾਰਮਿਕ ਅਸਥਾਨ ਵਿੱਚ ਬਦਲਿਆ ਹੋਇਆ ਹੈ। ਬਾਬਾ ਗੁਰਦਿੱਤਾ ਜੀ ਨੇ 1638 ਵਿੱਚ ਇੱਥੇ ਆਖਰੀ ਸਾਹ ਲਏ ਸਨ। ਇਸ ਲਈ ਬਾਬਾ ਗੁਰਦਿੱਤਾ ਜੀ ਦੀ ਯਾਦ ਵਿੱਚ ਹੈ ਇਹ ਗੁਰਦੁਆਰਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਬਾਬਾ ਗੁਰਦਿੱਤਾ ਜੀ ਦਾ ਸਸਕਾਰ ਕੀਤਾ। ਪਹਾੜੀ ਦੀ ਚੋਟੀ 'ਤੇ ਸਥਿਤ ਗੁਰਦੁਆਰਾ ਨੂੰ ਜਾਣ ਲਈ 108 ਪੌੜੀਆਂ ਹਨ, ਭਾਵੇਂ ਕਿ ਪਹੁੰਚਣ ਲਈ ਪੱਕੀ ਸੜਕ ਹੈ। ਰੋਪੜ ਦੇ ਰਾਜੇ ਭੂਪ ਸਿੰਘ ਨੇ ਇਮਾਰਤ ਅਤੇ ਪੌੜੀਆਂ ਬਣਾਈਆਂ ਸਨ।

ਗੁਰਦੁਆਰਾ ਉੱਚੀਆਂ ਕੰਧਾਂ ਅਤੇ ਦੋ ਮੰਜਲਾ ਉੱਚਾ ਪ੍ਰਵੇਸ਼ ਦੁਆਰ ਨਾਲ ਬਣਿਆ ਹੋਇਆ ਹੈ। ਕੋਨਿਆਂ 'ਤੇ ਗੁਬੰਦਦਾਰ ਬੁਰਜ ਅਤੇ ਸਜਾਵਟੀ ਕੰਧਾਂ ਮੰਡਪ ਇੱਕ ਕਿਲੇ ਦਾ ਰੂਪ ਦਿੰਦੇ ਹਨ। ਛੇ ਫੁੱਟ ਚੌਂਕੀ ਦੇ ਉਚੇ ਸਥਾਨ 'ਤੇ ਪ੍ਰਕਾਸ਼ ਅਸਥਾਨ ਹੈ। ਉੱਪਰ ਇੱਕ ਸਜਾਵਟੀ ਗੁਬੰਦ ਹੈ, ਜੋ ਚੌੜੀ ਕਮਾਨੀਦਾਰ ਦਰਵਾਜ਼ਿਆਂ 'ਤੇ ਬਣਿਆ ਹੈ। ਇੱਕ ਨਿੰਮ ਦਾ ਰੁੱਖ ਜੋ ਬਾਬਾ ਗੁਰਦਿਤਾ ਜੀ ਦੇ ਵੇਲੇ ਦਾ ਹੈ।

13. ਗੁਰਦੁਆਰਾ ਬਾਬਾ ਸ੍ਰੀ ਚੰਦ ਜੀ : ਇਹ ਗੁਰਦੁਆਰਾ 'ਸੰਤ ਨਿਵਾਸ ਉਦਾਸੀ ਆਸ਼ਰਮ' ਵਜੋਂ ਜਾਣਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸ੍ਰੀ ਚੰਦ ਜੀ ਦੀ ਯਾਦ ਵਿੱਚ ਹੈ। ਇਹ ਬਾਉਲੀ ਸਾਹਿਬ ਦੇ ਨੇੜੇ ਕੀਰਤਪੁਰ -ਬਿਲਾਸਪੁਰ ਸੜਕ ਦੇ ਸੱਜੇ ਪਾਸੇ ਸਥਿਤ ਹੈ। ਗੁਰਦੁਆਰਾ ਤੀਰ ਸਾਹਿਬ ਅਤੇ ਗੁਰਦੁਆਰਾ ਬਾਬਾ ਗੁਰਦਿਤਾ ਜੀ ਨੂੰ ਜਾਣ ਵਾਲੀਆ ਪੌੜੀਆਂ ਦੇ ਉਲਟ। ਉਦਾਸੀ ਸੰਪਰਦਾ ਦੇ ਸੰਸਥਾਪਕ ਬਾਬਾ ਸ੍ਰੀ ਚੰਦ ਜੀ ਨੇ ਇਸ ਜਗ੍ਹਾ ਦਾ ਦੌਰਾ ਕੀਤਾ। ਬਾਬਾ ਗੁਰਦਿੱਤਾ ਜੀ ਨੂੰ ਆਪਣੀ ਟੋਪੀ ਅਤੇ ਦਾਤਾਰ ਭੇਂਟ ਕੀਤਾ ਅਤੇ ਉਹਨਾਂ ਨੂੰ ਉਦਾਸੀ ਸੰਪਰਦਾ ਦਾ ਆਪਣਾ ਉਤਰਾਧਿਕਾਰੀ ਐਲਾਨਿਆ। ਬਾਬਾ ਸ੍ਰੀ ਚੰਦ ਜੀ ਨੇ 1624 ਵਿੱਚ ਕੀਰਤਪੁਰ ਸਾਹਿਬ ਅਤੇ ਨਵੇਂ ਕਸਬੇ ਦੀ ਨੀਂਹ ਰੱਖੀ। ਕੀਰਤਪੁਰ ਸਾਹਿਬ ਵਿੱਚ ਇਹ ਇਤਿਹਾਸਿਕ ਮਹੱਤਵ ਵਾਲੇ ਕਈ ਸਿੱਖ ਗੁਰਦੁਆਰੇ, ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ, ਬਾਬਾ ਸ੍ਰੀ ਚੰਦ ਜੀ , ਬਾਬਾ ਗੁਰਦਿੱਤਾ ਜੀ ਅਤੇ ਬੀਬੀ ਰੂਪ ਕੌਰ ਜੀ ਦੇ ਇਸ ਸਥਾਨ ਨਾਲ ਸਬੰਧਾਂ ਦੀ ਯਾਦ ਦਿਵਾਉਂਦੇ ਹਨ।

# ਚੰਨ ਵੇ ! ਕਿ ਸ਼ੌਂਕਣ ਮੇਲੇ ਦੀ...

ਮੇਲਾ ਮੇਲੀਆਂ ਦਾ, ਯਾਰਾਂ ਬੇਲੀਆਂ ਦਾ। ਮੇਲਾ ਰੂਹਾਂ ਦਾ ਮਿਲਾਪ ਹੁੰਦੈ...ਖ਼ੁਸ਼ੀਆਂ ਦਾ ਅਖਾੜਾ। ਚਿਰੋਕੇ ਵਿੱਛੜੇ ਸੱਜਣਾਂ ਨੂੰ ਮਿਲਣ ਦਾ ਚਾਅ ਠਾਠਾਂ ਮਾਰਦੈ। ਮਨ ਦੀਆਂ ਵਾਛਾਂ ਖਿੜਨ ਦਾ ਸੁਨੇਹੜਾ। ਦਿਲਾਂ ਦੇ ਲੁੱਡੀਆਂ ਪਾਉਣ ਦਾ ਵਰਤਾਰਾ। ਅਕੇਵੇਂ ਦਾ ਥਕੇਵਾਂ ਲਾਹੁਣ ਵਾਲਾ ਸੁਭਾਗਾ ਸਮਾਂ। ਫੁਰਸਤ ਦੇ ਪਲਾਂ ਦੀ ਮੌਜ ਮਸਤੀ। ਕਹਿੰਦੇ ਨੇ, ਪੰਜਾਬੀਆਂ ਦੇ ਸੁਭਾਅ ਵਿੱਚ 'ਮੇਲਾ' ਡੂੰਘਾ ਵੱਸਦੈ। ਪ੍ਰਾਹੁਣਚਾਰੀ ਸਾਡੀ ਵਿਰਾਸਤ ਰਹੀ ਐ। ਘਰ ਜਦੋਂ ਚਾਰ ਪ੍ਰਾਹੁਣੇ ਆ ਜਾਣ, ਤਾਂ ਦਿਲ ਦੇ ਅਰਮਾਨ ਨਸ਼ਿਆ ਜਾਂਦੇ ਨੇ ਅਤੇ ਮੇਲਾ ਖ਼ੁਦ-ਬ-ਖ਼ੁਦ ਸਿਰਜਿਆ ਜਾਂਦੈ।

ਲੋਕ ਧਾਰਾ ਦਾ ਵਗਦਾ ਦਰਿਆ ਡਾ. ਵਣਜਾਰਾ ਬੇਦੀ ਲਿਖਦੈ, ਮੇਲੇ ਕਿਸੇ ਜਾਤੀ ਦੇ ਲੋਕਾਂ ਦੀਆਂ ਨਿੱਜੀ ਤੇ ਸਮੂਹਿਕ ਸੱਧਰਾਂ, ਭਾਵਨਾਵਾਂ ਤੇ ਚੇਸ਼ਟਾਵਾਂ ਦੀ ਸਹਿਜ ਪ੍ਰਵਾਹਮਈ ਇੱਕਸੁਰਤਾ ਹਨ। ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ, ਲੋਕ ਪ੍ਰਤਿਭਾ ਨਿੱਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮੁਸ਼ੱਕਤਾਂ ਨਾਲ ਪਾਲੀ ਸੋਨ-ਰੰਗੀ ਕਣਕ ਨੂੰ ਵੇਚ ਕੇ ਜਦ ਜੱਟ ਵਿਸਾਖੀ ਦਾ ਮੇਲਾ ਦੇਖਣ ਜਾਂਦੈ, ਤਾਂ ਮਨ ਉੱਡਜੂੰ ਉੱਡਜੂੰ ਕਰਦੈ। ਮੋਢਿਆਂ ਤੋਂ ਮਣਾਂ ਮੂੰਹੀਂ ਭਾਰ ਉਤਰਿਆ ਹੁੰਦਾ। ਧਰਤੀ 'ਤੇ ਪੈਰ ਨਹੀਂ ਲੱਗਦੇ। ਸਿਰਮੌਰ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਇਹ ਖ਼ੁਸ਼ੀ ਸਾਂਝੀ ਕੀਤੀ ਐ;

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਗਲੋਂ ਲਹੀ ਪੰਜਾਲੀ ਵਾਲਾ ਮਾਹੌਲ ਸਿਰਜਿਆ ਜਾਂਦੈ। ਮੇਲਾ ਚੜ੍ਹਦੀ ਕਲਾ ਦਾ ਪ੍ਰਤੀਕ ਆ। ਮਨ ਖ਼ੁਸ਼ ਹੋਵੇ, ਮੇਲਾ ਤਾਂ ਹੀ ਸੋਂਹਦਾ। ਅੰਦਰਲੇ ਹਾਵ-ਭਾਵ ਤੁਣਕੇ ਮਾਰਨ ਲੱਗਦੇ ਨੇ। ਰੰਗ ਬਿਰੰਗੇ ਲੋਕ ਦੇਖ ਕੇ ਜ਼ਿੰਦਗੀ ਫਿਰ ਤੋਂ ਸਤਰੰਗੀ ਪੀਂਘ ਜਾਪਦੀ ਐ। ਦਿਲ ਉਦਾਸ ਹੋਵੇ, ਕੋਈ ਦਿਲ ਦੀ ਗੱਲ ਸਾਂਝੀ ਕਰਨ ਵਾਲਾ ਨਾ ਹੋਵੇ, ਤਾਂ ਭਰਿਆ ਮੇਲਾ ਵੀ ਉਜਾੜ ਲੱਗਦੈ। ਆਮ ਕਥਨ ਐ ਕਿ ਪੰਜਾਬੀ ਤਾਂ ਆਏ ਹੀ ਦੁਨੀਆ 'ਤੇ ਮੇਲਾ ਦੇਖਣ ਨੇ।

ਗੱਭਰੂਆਂ ਤੇ ਮੁਟਿਆਰਾਂ ਲਈ ਤਾਂ ਮੇਲਾ ਮਿਕਨਾਤੀਸੀ ਖਿੱਚ ਰੱਖਦੈ...ਸੱਤਾਂ ਰੰਗਾਂ ਦਾ ਸੰਗਮ। ਕੌਲ ਕਰਾਰ ਪੂਰੇ ਕਰਨ ਦਾ ਸਬੱਬ ਬਣਦੈ। ਜਦ ਸੂਰ ਵਰਗੇ ਗੋਰੇ ਨਿਛੋਹ ਚੋਬਰ, ਯਾਰਾਂ ਦੀ ਢਾਣੀ ਨਾਲ ਬੋਤਿਆਂ ਦੇ ਗਲ ਘੁੰਗਰੂ ਤੇ ਗੋਡਿਆਂ ਨਾਲ ਝਾਂਜਰਾਂ ਸਜਾ ਕੇ ਤੁਰਦੇ ਨੇ, ਤਾਂ ਸ੍ਰਿਸ਼ਟੀ ਨਸ਼ਿਆ ਜਾਂਦੀ ਹੈ। ਟੱਲੀਆਂ ਖੜਕਾਉਂਦੀਆਂ ਬਲਦਾਂ ਦੀਆਂ ਜੋੜੀਆਂ ਅਤੇ ਹਵਾ ਨਾਲ ਗੱਲਾਂ ਕਰਦੇ ਲਿਸ਼-ਲਿਸ਼ ਕਰਦੇ ਘੋੜਿਆਂ ਦੀਆਂ ਟਾਪਾਂ ਸਮਾਂ ਰੋਕ ਦਿੰਦੀਆਂ ਨੇ। ਤਕੜਾ ਜੁੱਸਾ, ਮਾਵੇ ਵਾਲੀ ਪੱਗ ਦਾ ਫ਼ਰਲਾ, ਅੱਖਾਂ 'ਚ ਸੁਰਮਾ, ਤਿੱਲੇ ਵਾਲੀ ਜੁੱਤੀ, ਕੋਕਿਆਂ ਜੜੀ ਡਾਂਗ ਤੇ ਧੂਹਵੇਂ ਚਾਦਰੇ ਨਾਲ ਜਦੋਂ ਮੇਲੀ ਮੇਲਾ ਵਲਦੇ ਨੇ, ਤਾਂ ਕਾਇਨਾਤ ਵੀ ਇਨ੍ਹਾਂ 'ਤੇ ਰਸ਼ਕ ਕਰਦੀ ਐ;

ਨਾਂ ਲਿਖ ਲਿਆ ਚੰਦ ਕੁਰੇ ਤੇਰਾ
ਸੰਮਾਂ ਵਾਲੀ ਡਾਂਗ ਦੇ ਉੱਤੇ।

ਇਸ ਤਰ੍ਹਾਂ ਦੇ ਸਿਰਜੇ ਮਾਹੌਲ ਵਿੱਚ ਪੰਜਾਬਣ ਕਿਹੜਾ ਘੱਟ ਅਖਵਾਉਂਦੀ ਐ ? ਪਟਿਆਲਾ ਸ਼ਾਹੀ ਸੂਟ, ਗੁੰਦਵੇਂ ਸੱਗੀ ਫੁੱਲ, ਪੈਰੀਂ ਝਾਂਜਰਾਂ, ਕੰਨੀਂ ਲੋਟਣ ਤੇ ਉੱਤੇ ਫੁਲਕਾਰੀ ਲੈ ਕੇ ਤੁਰਦੀ ਆ, ਤਾਂ ਮੇਲੇ ਦੀ ਮਰ੍ਹੈਲਣ ਲੱਗਦੀ ਐ। ਜਿੱਧਰੋਂ ਵੀ ਲੰਘਦੀਆਂ ਨੇ, ਸੋਹਣੀਆਂ ਸੁਨੱਖੀਆਂ ਰੂਹਾਂ ਪੱਟ ਦੂੰ-ਪੱਟ ਦੂੰ ਕਰਦੀਆਂ ਨੇ। ਗੱਭਰੂਆਂ ਦੇ ਸਾਹ ਰੁਕ ਜਾਂਦੇ ਨੇ। ਗੀਤਕਾਰ ਨੰਦ ਲਾਲ ਨੂਰਪੂਰੀ ਬਾਖ਼ੂਬੀ ਬਿਆਨ ਕਰਦੈ;

ਚੰਨ ਵੇ ! ਕਿ ਸ਼ੌਂਕਣ ਮੇਲੇ ਦੀ
ਪੈਰ ਧੋ ਕੇ ਝਾਂਜਰਾਂ ਪਾਉਂਦੀ, ਮੇਲ੍ਹਦੀ ਆਉਂਦੀ
ਕਿ ਸ਼ੌਂਕਣ ਮੇਲੇ ਦੀ...

ਪੁਰਾਤਨ ਸਮਿਆਂ ਵਿੱਚ ਮੇਲੇ 'ਤੇ ਜਾਣ ਦੀ ਤਿਆਰੀ ਖਿੱਚਦੇ ਲੋਕੀਂ ਕਈ ਕਈ ਦਿਨ ਪਹਿਲਾਂ ਬਾਕੀ ਦੇ ਝਮੇਲੇ ਨਿਪਟਾ ਲੈਂਦੇ। ਖੜ-ਖੜ ਕਰਦੇ ਨਵੇਂ ਕੁੜਤੇ ਚਾਦਰੇ ਸਿਲਵਾਉਣੇ। ਮੇਲੇ ਵਾਲੇ ਪਿੰਡ ਘਰ ਆਏ ਪ੍ਰਾਹੁਣਿਆਂ ਨਾਲ ਖਚਾ ਖਚ ਭਰੇ ਹੁੰਦੇ। ਇਸ ਤਰ੍ਹਾਂ ਲੱਗਦਾ ਕਿ ਕੋਈ ਪਲ ਅਣਮਾਣਿਆ ਨਾ ਰਹਿ ਜਾਵੇ। ਪੈਦਲ ਜਾਂ ਸਾਈਕਲਾਂ ਵਾਲੇ ਸਾਰੇ ਰਾਹ ਮੇਲੇ ਨੂੰ ਜਾਂਦੇ ਲੱਗਦੇ। ਅੱਠ ਦਸ ਕੋਹ ਵਾਟ ਜਿਵੇਂ ਪੈਰੀਂ ਲੱਗੀ ਹੋਵੇ। ਭਾਦੋਂ ਦੀ ਚੌਦੇਂ ਸੁਦੀ ਨੂੰ ਲੱਗਣ ਵਾਲਾ ਛਪਾਰ ਦਾ ਮੇਲਾ ਤਾਂ ਜਿਵੇਂ ਪੰਜਾਬੀਆਂ ਦਾ ਮੱਕਾ ਹੁੰਦੈ;

ਆਰੀ, ਆਰੀ, ਆਰੀ
ਮੇਲਾ ਤਾਂ ਛਪਾਰ ਲੱਗਦਾ
ਜਿਹੜਾ ਲੱਗਦਾ ਜਗਤ ਤੋਂ ਭਾਰੀ।

ਗੁੱਗਾ ਮਾੜੀ 'ਤੇ ਹਰ ਸਾਲ ਸਜਦਾ ਇਹ ਬੇਸ਼ੁਮਾਰ ਇਕੱਠ ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਕ ਸਮਾਗਮਾਂ ਦਾ ਸੰਗਮ ਹੁੰਦੈ। ਉੱਚੇ ਉੱਚੇ ਝੂਟੇ ਅਤੇ ਚੰਡੋਲ ਮੀਲਾਂ ਤੋਂ ਪ੍ਰੇਮੀਆਂ ਦਾ ਮਨ ਮੋਹ ਲੈਂਦੇ ਨੇ ਅਤੇ ਅਸਮਾਨ ਵੱਲ ਨੂੰ ਜਾਂਦੀਆਂ ਕੁਰਸੀਆਂ ਹੋਰ ਉੱਚਾ ਉੱਡਣ ਲਈ ਇਸ਼ਾਰੇ ਕਰਦੀਆਂ ਹੋਣ। ਪਕੌੜੇ, ਜਲੇਬੀਆਂ ਅਤੇ ਖਜਲੇ ਵਾਲੇ ਫੁੱਲ ਟੋਨ ਵਿੱਚ ਗਾਹਕਾਂ ਨੂੰ ਭਰਮਾਉਂਦੇ ਨੇ। ਮੌਤ ਦਾ ਖੂਹ, ਸਰਕਸ, ਮੋਘਿਆਂ ਵਿੱਚੋਂ ਦਿਸਦੀ ਚੱਲਦੀ ਫਿਰਦੀ ਫਿਲਮ ਦਰਸ਼ਕਾਂ ਦੇ ਸਾਹ ਸੂਤ ਲੈਂਦੇ ਨੇ। ਭਲਵਾਨਾਂ ਦੀ ਛਿੰਝ, ਬੋਰੀ ਚੁੱਕਣ ਦੀ ਝੰਡੀ, ਮੁਗਦਰ ਦਾ ਬਾਲਾ ਕੱਢਣਾ, ਚੋਬਰਾਂ ਦੇ ਤਕੜੇ ਜੁੱਸਿਆਂ ਦਾ ਇਮਤਿਹਾਨ ਲੈਂਦੇ ਨੇ। ਵੜੇਵੇਂ ਖਾਣੀ ਦਾ ਪਤਾ ਲੱਗਦੈ। ਸਿਆਲਾਂ ਦੇ ਦੇਸੀ ਘਿਉ ਪਾ ਕੇ ਖਾਧੇ ਸਾਗ ਅਤੇ ਖੋਏ ਦੀਆਂ ਪਿੰਨੀਆਂ ਦਾ ਅਸਰ ਅਖਾੜੇ 'ਚ ਆ ਕੇ ਪਰਖਿਆ ਜਾਂਦੈ। ਰਾਜਨੀਤਕ ਲੀਡਰ ਲੋਕਾਂ ਨੂੰ ਮੂਰਖ ਬਣਾਉਣ ਲਈ ਵੱਡੀਆਂ ਕਾਨਫਰੰਸਾਂ ਕਰਦੇ ਨੇ। ਆਥਣ ਹੁੰਦੇ ਹੁੰਦੇ ਔਰਤਾਂ ਦੀ ਗਿਣਤੀ ਘੱਟ ਜਾਂਦੀ ਐ, ਪਰ ਫ਼ੁਰਤੀਲੇ ਗੱਭਰੂ ਚੰਨ-ਚਾਨਣੀ ਰਾਤ ਦੀ ਇੰਤਜ਼ਾਰ ਕਰਨ ਲੱਗਦੇ ਨੇ ਜਦੋਂ ਗਮੰਤਰੀਆਂ ਨੇ ਪਿੜ ਬੰਨ੍ਹਣਾ ਹੁੰਦੈ। ਟਿੱਬਿਆਂ ਦਾ ਰੇਤਾ, ਰਾਤ ਦੇ ਚਾਨਣ ਵਿੱਚ ਸੋਨੇ ਰੰਗੀ ਭਾਹ ਮਾਰਦੈ ਅਤੇ ਮਿੱਠੀ ਮਿੱਠੀ ਠੰਡ ਤਨ ਮਨ ਠਾਰ ਦਿੰਦੀ ਐ।



ਤੂੰਬੇ, ਢੱਡ ਅਤੇ ਅਲਗ਼ੋਜ਼ਿਆਂ ਦੇ ਸੰਗਮ ਨਾਲ ਫ਼ਜ਼ਲਦੀਨ ਲੋਹਟਬੱਦੀ ਸੁਰਾਂ ਛੇੜਦਾ, ਤਾਂ ਸਮਾਂ ਰੁਕ ਜਾਂਦਾ। ਪੂਰਨ ਭਗਤ ਦਾ ਕਿੱਸਾ ਸੁਣਦੇ ਸਰੋਤੇ ਜਿਵੇਂ ਰਾਣੀ ਇੱਛਰਾਂ ਦੇ ਹੰਝੂਆਂ ਦਾ ਨਮ ਅੱਖਾਂ ਨਾਲ ਸਾਥ ਦੇ ਰਹੇ ਹੋਣ;

ਰਾਣੀ ਇੱਛਰਾਂ ਧਾਹਾਂ ਮਾਰੀਆਂ
ਰਾਜਾ ਇਹ ਨਾ ਜ਼ੁਲਮ ਕਮਾ....

ਕੌਲਾਂ ਭਗਤਣੀ, ਹੀਰ ਤੇ ਮਿਰਜ਼ਾ ਡੂੰਘੇ ਸੱਲ ਛੱਡ ਜਾਂਦੇ। ਗੱਭਰੂਆਂ ਦੇ ਹੱਥ ਮੱਲੋ-ਮੱਲੀ ਜੇਬਾਂ ਵੱਲ ਚਲੇ ਜਾਂਦੇ, ਕਲਾ ਦਾ ਮੁੱਲ ਪਾਉਣ ਲਈ। ਅਗਲੀ ਹੇਕ ਗੂੰਜਦੀ;

ਹੁਸਨ, ਜਵਾਨੀ, ਮਾਪੇ ਨਾ ਮੁੱਲ ਵਿਕਣ ਦੁਕਾਨਾਂ 'ਤੇ....

ਮਲਵਈ ਬਾਬਿਆਂ ਦਾ ਗਿੱਧਾ ਤੇ ਬੋਲੀਆਂ ਸਿੱਧਾ ਦਿਲਾਂ 'ਤੇ ਵਾਰ ਕਰਦਾ ਅਤੇ ਹਵਾ ਪਿਆਜ਼ੀ ਹੋਏ ਗਭਰੇਟਾਂ ਨੂੰ ਮੁੜ ਮੁੜ ਆਪਣੀਆਂ ਮਹਿਬੂਬਾਂ ਦੇ ਝੌਲ਼ੇ ਪੈਣ ਲੱਗ ਪੈਂਦੇ। ਤਾਰਿਆਂ ਦੀ ਝਿੜੀ, ਸਵੇਰਾ ਹੋਣ ਦਾ ਸੁਨੇਹਾ ਦੇ ਦਿੰਦੀ।

ਇਸੇ ਤਰ੍ਹਾਂ ਜਰਗ ਦਾ ਮੇਲਾ ਵੀ ਪੰਜਾਬੀਆਂ ਦੇ ਮਨਾਂ ਵਿੱਚ ਵੱਸਦੈ। ਚੇਤ ਮਹੀਨੇ ਦੇ ਪਹਿਲੇ ਮੰਗਲਵਾਰ ਸ਼ੀਤਲਾ ਮਾਤਾ ਨੂੰ ਪੂਜਣ ਹਿਤ ਲੱਗਦੈ। ਗੁਲਗੁਲਿਆਂ ਦਾ ਪ੍ਰਸ਼ਾਦ ਵਿਰਸਾ ਚੇਤੇ ਕਰਾਉਂਦੈ, ਜਦੋਂ ਸਾਉਣ ਮਹੀਨੇ ਗੁਲਗੁਲੇ ਮੱਠੀਆਂ ਪੇਂਡੂ ਘਰਾਂ ਦਾ ਸ਼ਿੰਗਾਰ ਬਣਦੇ ਨੇ। ਲੋਕ-ਬੋਲੀਆਂ ਹੁੰਗਾਰਾ ਭਰਦੀਆਂ ਨੇ;

ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲੂੰ...
ਜੇਹੀ ਤੇਰੀ ਤੋਰ ਦੇਖ ਲੀ
ਜੇਹਾ ਦੇਖਿਆ ਜਰਗ ਦਾ ਮੇਲਾ...

ਜਗਰਾਵਾਂ ਦੀ ਰੌਸ਼ਨੀ ਤੋਂ ਬਿਨਾਂ ਵੀ ਮੇਲੇ ਅਧੂਰੇ ਨੇ। ਪ੍ਰਸਿੱਧ ਸੂਫ਼ੀ ਫਕੀਰ ਅਬਦੁਲ ਕਾਦਰ ਜਿਲਾਨੀ ਦੀ ਯਾਦ ਵਿੱਚ ਚੌਦਾਂ ਤੋਂ ਸੋਲਾਂ ਫੱਗਣ ਤੱਕ ਚਿਰਾਗ਼ਾਂ ਦੀ ਰੌਸ਼ਨੀ ਵਿੱਚ ਕੱਵਾਲ ਖ਼ੂਬ ਰੰਗ ਬੰਨ੍ਹਦੇ ਨੇ। ਕਈਆਂ ਸੁੱਖਣਾ ਲਾਹੁਣੀ ਹੁੰਦੀ ਐ ਤੇ ਕਈਆਂ ਸੁੱਖਣੀ ਹੁੰਦੀ ਆ। ਗੱਲ ਕੀ, ਮੇਲਿਆਂ 'ਤੇ ਮਿਲਣ ਦੇ ਪੂਰੇ ਹੋਏ ਵਾਅਦੇ ਅਮਿੱਟ ਯਾਦਾਂ ਛੱਡ ਜਾਂਦੇ ਨੇ।

(ਬਾਕੀ ਸਫ਼ਾ 27 'ਤੇ)

ਜਸਵਿੰਦਰ ਸਿੰਘ ਰੁਪਾਲ

# ਚਾਨਣ ਵੀ ਕੁਛ ਕਰਾਂ ਮੈਂ....



ਜਦੋਂ ਆਲੇ ਦੁਆਲੇ ਦਾ ਵਾਤਾਵਰਣ ਪੂਰਾ ਗੰਧਲਾ ਹੋਵੇ ਤਾਂ ਆਪਣੇ ਆਪ ਨੂੰ ਉਸ ਪ੍ਰਦੂਸ਼ਣ ਦੀ ਲਾਗ ਤੋਂ ਬਚਾ ਕੇ ਰੱਖਣਾ ਸੂਰਮਿਆਂ ਵਾਲਾ ਕੰਮ ਹੈ। ਅਜਿਹੇ ਇਨਸਾਨ ਨੇ ਬਹੁਤ ਜਬਰਦਸਤ ਐਂਟੀ-ਵਾਇਰਸ ਆਪਣੀ ਚੇਤਨਾ ਵਿੱਚ ਪਾਏ ਹੁੰਦੇ ਹਨ। ਬਚਪਨ ਤੋਂ ਹੀ ਜਿਵੇਂ 'ਕੁਝ ਰੋਗ ਰੋਕੂ ਟੀਕੇ' ਲਗਵਾਉਣੇ ਪੈਂਦੇ ਹਨ, ਇੱਧਰ ਵੀ ਮਨ ਨੂੰ ਐਸੀ ਪਾਣ ਚਾੜ੍ਹੀ ਜਾਣੀ ਬਹੁਤ ਜ਼ਰੂਰੀ ਹੈ। ਕੁਝ ਅਜਿਹੇ ਉਪਕਰਨ ਸੁਣੇ ਤੇ ਦੇਖੇ ਹੋਣਗੇ ਜਿਹੜੇ ਬਾਹਰੀ ਵਾਤਾਵਰਣ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ। ਉਨ੍ਹਾਂ ਦੇ ਮਿਆਰਾਂ ਵਿੱਚ ਬਹੁਤ ਛੋਟੀ ਰੁਕਾਵਟ ਜਾਂ ਹਿਲਜੁਲ ਉਨ੍ਹਾਂ ਦੀ ਸਮਰੱਥਾ ਵਿੱਚ ਵੱਡਾ ਫਰਕ ਪਾ ਸਕਦੀ ਹੈ। ਇਹੀ ਹਾਲ ਸਾਡੇ ਮਨ ਦਾ ਵੀ ਹੈ ਜਿਹੜਾ ਬਾਹਰੀ ਚਕਾਚੌਂਧ ਹੀ ਨਹੀਂ, ਅੰਦਰੂਨੀ ਕਲਪਨਾਵਾਂ ਅਤੇ ਆਸਾਂ ਦੇ ਨਾਲ ਖੜ੍ਹੇ ਕੀਤੇ ਸਬਜ਼ਬਾਗ ਰਾਹੀਂ ਰਸਾਤਲ ਵਿੱਚ ਡਿੱਗਣ ਦਾ ਬਹਾਨਾ ਲੱਭ ਲੈਂਦਾ ਹੈ।

ਲਗਾਤਾਰ ਕੀਤੇ ਯਤਨਾਂ ਨਾਲ ਹੀ ਉਸ ਅੰਦਰਲੇ ਚਿਰਾਗ ਨੂੰ ਬਾਹਰੀ ਪਦਾਰਥਵਾਦੀ ਅਤੇ ਖਪਤਵਾਦ ਦੀਆਂ ਹਨੇਰੀਆਂ ਅਤੇ ਅੰਦਰੂਨੀ ਅਗਿਆਨਤਾ ਤੇ ਭਰਮ ਦੇ ਹਨੇਰਿਆਂ ਵਿੱਚ ਜਗਦਿਆਂ ਰੱਖਣਾ ਪੈਂਦਾ ਹੈ। ਸਾਡੀ ਧੁਰ ਅੰਦਰੋਂ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਨੂੰ ਨਮਸਕਾਰ ਹੈ ਜਿਨ੍ਹਾਂ ਨੇ ਦੁਨੀਆ ਦੀ ਭੀੜ ਤੋਂ ਵੱਖਰਾ ਤੁਰਨ ਦਾ ਹੌਸਲਾ ਕੀਤਾ। ਇਸੇ ਲਈ ਸੱਚ ਦੇ ਆਸ਼ਕ ਅੱਜ ਵੀ ਸਮੇਂ ਦੀ ਹਿੱਕ 'ਤੇ ਲਿਖੇ ਉਨ੍ਹਾਂ ਦੇ ਅਮਿੱਟ ਸ਼ਬਦਾਂ ਨੂੰ ਪੜ੍ਹਨ, ਸਮਝਣ ਅਤੇ ਅਮਲ ਕਰਨ ਦੀ ਭਾਲ ਵਿੱਚ ਰਹਿੰਦੇ ਹਨ।

ਇਹ ਚਾਨਣ ਦੋ ਤਰ੍ਹਾਂ ਦਾ ਹੈ, ਪਹਿਲਾ ਆਪਣੇ ਆਪ ਲਈ। ਜਿਸ ਨੇ ਅੰਦਰਲੀ ਕਾਲਖ ਨੂੰ ਦੂਰ ਕਰਕੇ ਇੱਕ ਸਵੈ ਵਿਸ਼ਵਾਸ ਪੈਦਾ ਕਰਨਾ ਹੈ ਜਿਸ ਨਾਲ ਇਨਸਾਨ ਦੇ ਫੈਸਲੇ ਬਾਹਰਲੀ ਦੁਨੀਆ ਦੀ ਪਸੰਦ, ਪ੍ਰਸੰਸਾ ਜਾਂ ਨਿੰਦਾ ਤੋਂ ਪ੍ਰਭਾਵਿਤ ਨਹੀਂ ਹੁੰਦੇ। ਸਗੋਂ ਉਹ ਆਤਮਿਕ ਸੱਚ ਦੀ ਕਸਵੱਟੀ 'ਤੇ ਪਰਖ ਕੇ ਹੀ ਆਪਣੇ ਰਾਹ ਚੁਣਦੇ ਹਨ ਅਤੇ ਇੱਕ ਵਾਰ ਚੱਲ ਪਏ ਤਾਂ ਅਗੰਮੀ ਪ੍ਰੇਰਨਾ ਉਨ੍ਹਾਂ ਦੇ ਕਦਮਾਂ ਨੂੰ ਤੋਰ ਬਖ਼ਸ਼ਦੀ ਰਹਿੰਦੀ ਹੈ। ਇਹ ਅੰਦਰਲਾ ਚਾਨਣ ਵੀ ਸੇਕ-ਵਿਹੂਣਾ ਨਹੀਂ ਹੁੰਦਾ। ਇਹ ਸੇਕ ਮਨੋਵਿਗਿਆਨਕ ਅਤੇ ਆਤਮਿਕ ਵਧੇਰੇ ਹੁੰਦਾ ਹੈ। ਮਨ ਨੂੰ ਆਪਣੇ ਪੁਰਾਣੇ ਸੰਕਲਪਾਂ, ਅਹੰਕਾਰ ਅਤੇ ਮੋਹ ਦੀ ਟੁੱਟ ਭੱਜ ਸਹਿਣੀ ਪੈਂਦੀ ਹੈ। ਦੁਨੀਆ ਵੀ ਭੀੜ ਤੋਂ ਵੱਖਰੀ ਸੋਚ ਰੱਖਣ ਵਾਲੀ ਅਜਿਹੀ ਸ਼ਖ਼ਸੀਅਤ ਨੂੰ ਤਾਹਨੇ, ਮਿਹਣੇ ਅਤੇ ਸਮਾਜਿਕ ਅਪ੍ਰਵਾਨਗੀ ਦੇ ਕੇ ਉਸ ਨੂੰ ਡੁਲਾਉਣ ਦਾ ਯਤਨ ਜਾਰੀ ਰੱਖਦੀ ਹੈ। ਗੁਰਬਾਣੀ ਇਸ ਨੂੰ ਆਤਮਿਕ ਸੋਝੀ, ਨਾਮ ਅਤੇ ਗੁਰ-ਗਿਆਨ ਦਾ ਪ੍ਰਤੀਕ ਮੰਨਦੀ ਹੈ ਜੋ ਅਗਿਆਨਤਾ ਦੇ ਹਨੇਰੇ ਨੂੰ ਮਿਟਾਉਂਦਾ ਹੈ।

ਅੰਦਰਲੀ ਟੁੱਟ ਭੱਜ ਇੱਕ 'ਤਪ' ਤੋਂ ਘੱਟ ਨਹੀਂ ਹੁੰਦੀ। ਗੁਰਬਾਣੀ ਵਿੱਚ ਦੁੱਖ, ਤੇਲ ਅਤੇ ਚਾਨਣ ਦਾ ਇੱਕ ਅਨੋਖਾ ਰੂਪਕ ਲਿਆ ਗਿਆ ਹੈ ਜਿਸ ਵਿੱਚ ਨਾਮ ਦੇ ਦੀਵੇ ਵਿੱਚ ਦੁੱਖ ਦਾ ਤੇਲ ਪਾਇਆ ਹੈ ਅਤੇ ਇਸ ਤੇਲ ਨੂੰ ਜਲਾਉਣ ਨਾਲ ਚਾਨਣ ਬਣਦਾ ਹੈ;

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥

ਇੱਥੇ ਦੁੱਖ ਨੂੰ ਨਕਾਰਾਤਮਕ ਨਹੀਂ, ਸਗੋਂ ਆਤਮਿਕ ਈਂਧਣ ਵਜੋਂ ਵਰਤਿਆ ਗਿਆ ਹੈ। ਤਦ ਇਹ ਦੁੱਖ ਵੀ ਦਾਰੂ ਹੋ ਨਿੱਬੜਦਾ ਹੈ। ਜਗਤ ਦਾ ਅਨੁਭਵ, ਕਲੇਸ਼, ਮਨ ਦੀ ਤਲਖੀ ਅਤੇ ਬੇਚੈਨੀ ਇਹ ਸਭ ਤੇਲ ਵਾਂਗ ਸੜ ਕੇ ਜਾਗ੍ਰਤੀ ਦਾ ਚਾਨਣ ਪੈਦਾ ਕਰਦੇ ਹਨ। ਸਿੱਖ ਦਰਸ਼ਨ ਵਿੱਚ ਦੁੱਖ, ਅਹੰਕਾਰ ਨੂੰ ਘਟਾਉਣ, ਮੋਹ ਮਾਇਆ ਦੇ ਫੰਦੇ ਕੱਟਣ ਅਤੇ ਨਿਮਰਤਾ ਪੈਦਾ ਕਰਨ ਦਾ ਸਾਧਨ ਹੈ। ਇਸ ਤਰ੍ਹਾਂ ਸੇਕ ਮਨੋਵਿਗਿਆਨਕ ਤੌਰ 'ਤੇ ਅਹੰ-ਤੋੜ ਅਤੇ ਚੇਤਨਾ ਵਿਸਥਾਰ ਦਾ ਰਸਤਾ ਬਣਦਾ ਹੈ। ਇਹ ਅਵਸਥਾ ਕਿਵੇਂ ਬਣਦੀ ਹੈ ? ਪਹਿਲੇ ਪੜਾਅ ਵਿੱਚ ਜੀਵਨ ਦੇ ਦੁੱਖ, ਅਸਥਿਰਤਾ ਅਤੇ ਅੰਦਰੂਨੀ ਖਲਾਅ ਦਾ ਡੂੰਘਾ ਅਨੁਭਵ, ਇਸ ਨੂੰ ਸਿੱਖ ਅਤੇ ਬੋਧ (ਮਹਾਤਮਾ ਬੁੱਧ) ਸੋਚ ਦੋਵੇਂ ਚੇਤਨਾ ਜਗਾਉਣ ਵਾਲੇ ਝਟਕੇ ਵਜੋਂ ਦੇਖਦੇ ਹਨ। ਦੂਸਰੇ ਪੜਾਅ 'ਤੇ ਮਨੁੱਖ ਆਪਣੇ ਮੂਲ ਅਤੇ ਅੰਦਰੂਨੀ ਚੇਤਨਾ ਦੀ ਭਾਲ ਵੱਲ ਤੁਰਦਾ ਹੈ। ਸਵੈ ਵਿਸ਼ਲੇਸ਼ਣ, ਨਾਮ, ਸਵੈ ਅਵਲੋਕਨ ਆਦਿ ਰਾਹੀਂ ਪੁਰਾਣੇ ਵਿਸ਼ਵਾਸ, ਡਰ ਟੁੱਟਦੇ ਹਨ ਅਤੇ ਸੇਕ ਨੂੰ ਸਵੀਕਾਰਿਆ ਜਾਂਦਾ ਹੈ। ਆਖਰੀ ਪੜਾਅ ਵਿੱਚ ਇਨ੍ਹਾਂ ਤਜਰਬਿਆਂ ਨੂੰ ਦਬਾਉਣ ਦੀ ਬਜਾਏ ਦੇਖਿਆ ਅਤੇ ਜੀਅ ਜਾਂਦਾ ਹੈ ਤਾਂ ਚੇਤਨਾ ਵਿੱਚ ਨਵੀਂ ਸਥਿਰਤਾ ਅਤੇ ਸਾਫ਼ਗੋਈ ਆਉਂਦੀਹੈ। ਪੱਛਮੀ ਮਨੋਵਿਗਿਆਨ ਅਤੇ ਕਾਰਲ ਜੁੰਗ ਦੇ ਵਿਅਕਤੀਗਤਕਰਨ ਦਾ ਵੀ ਇਹੀ ਨਿਯਮ ਹੈ। ਉਹ ਮੰਨਦਾ ਹੈ ਕਿ ਅਸਲ ਆਤਮ-ਵਿਕਾਸ ਵਿੱਚ ਦੁੱਖ ਅਟੱਲ ਹੈ ਅਤੇ ਮਨੁੱਖ ਨੂੰ ਆਪਣੇ ਅੰਦਰ ਦੇ ਹਨੇਰੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਚਾਨਣ ਦਾ ਦੂਸਰਾ ਹਿੱਸਾ ਹੈ ਹੋਰਾਂ ਨੂੰ ਰੁਸ਼ਨਾਉਣਾ। ਜਾਗੀ ਹੋਈ ਆਤਮਾ, ਸੱਚ ਨੂੰ ਪਛਾਣ ਚੁੱਕੀ ਰੂਹ ਚੁੱਪ ਕਰਕੇ ਨਹੀਂ ਬੈਠ ਸਕਦੀ। ਉਹ ਗੁਰੂ ਨਾਨਕ ਵਾਂਗ ਜਗਤ ਜਲੰਦਾ ਦੇਖ ਕੇ ਤੜਪ ਜਾਂਦੀ ਹੈ ਅਤੇ ਉਨ੍ਹਾਂ ਨੂੰ ਜਗਾਉਣ ਲਈ ਲੰਮੀ ਯਾਤਰਾ 'ਤੇ ਨਿਕਲ ਪੈਂਦੀ ਹੈ। ਜਦੋਂ ਗੁਰੂ ਬਾਬੇ ਨੇ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਜੜਤਾਵਾਂ ਅਤੇ ਨਾਂਹ ਵਾਚਕ ਬਿਰਤੀਆਂ ਵਿਰੁੱਧ ਸੱਚ ਦਾ ਚਾਨਣ ਫੈਲਾਇਆ ਤਾਂ ਉਨ੍ਹਾਂ ਨੂੰ ਸਮਾਜਿਕ ਵਿਰੋਧ, ਬੁਰੇ ਬਚਨ ਸੁਣਨ ਅਤੇ ਜ਼ਾਲਮ ਦੀ ਕੈਦ ਦਾ ਸੇਕ ਵੀ ਸਹਿਣਾ ਪਿਆ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਪਰਿਵਾਰ ਵਾਰਦੇ ਹੋਏ, ਜੰਗਾਂ ਦਾ ਸਾਹਮਣਾ ਕਰਦੇ ਹੋਏ, ਅੰਦਰੂਨੀ ਚਾਨਣ ਨਾਲ ਅਸੀਂ ਅਜਿਹੇ ਕਿੰਨੇ ਹੀ ਸੇਕ ਖੁਸ਼ੀ ਨਾਲ ਸਹਿੰਦੇ ਵੇਖਦੇ ਹਾਂ ਅਤੇ ਇਸੇ ਸੇਕ ਵਿੱਚੋਂ ਖਾਲਸੇ ਦੇ ਚਾਨਣ ਨੇ ਜਨਮ ਲਿਆ ਸੀ, ਜਿਹੜਾ ਸਦੀਆਂ ਤੱਕ ਸੇਕ ਸਹਿ ਕੇ ਰੌਸ਼ਨੀ ਵੰਡਦਾ ਰਿਹਾ।

ਗੌਤਮ ਬੁੱਧ ਨੇ ਰਾਜਸੀ ਸੁੱਖ ਸਹੂਲਤ ਛੱਡ ਕੇ ਕਠੋਰ ਤਪੱਸਿਆ ਤੇ ਚਿੰਤਨ ਰਾਹੀਂ ਦੁੱਖ ਦੇ ਮੂਲ ਅਤੇ ਮੁਕਤੀ ਦਾ ਚਾਨਣ ਪ੍ਰਾਪਤ ਕੀਤਾ। ਬੁੱਧ ਦੀ ਜਾਗਰਤੀ ਮਨੋਵਿਗਿਆਨਕ ਪੱਧਰ 'ਤੇ ਡੂੰਘੇ ਅੰਦਰੂਨੀ ਸੇਕ, ਅਹੰਕਾਰ ਦੇ ਟੁੱਟਣ ਅਤੇ ਇੱਛਾ ਤਿਆਗ ਦੀ ਪ੍ਰਕਿਰਿਆ ਰਾਹੀਂ ਬਣੀ। ਹਜ਼ਰਤ ਈਸਾ ਮਸੀਹ ਨੇ ਪ੍ਰੇਮ, ਖਿਮਾ ਅਤੇ ਪ੍ਰਭੂ ਨਾਲ ਜੁੜਨ ਦਾ ਚਾਨਣ ਵੰਡਣ ਦੀ ਕੀਮਤ ਸਲੀਬ ਦਾ ਸੇਕ ਸਹਿ ਕੇ ਚੁਕਾਈ। ਕਾਰਲ ਜੁੰਗ ਈਸਾ ਦੀ ਸਲੀਬ ਦੇਖ ਕੇ ਕਹਿੰਦਾ ਹੈ ਕਿ ਮਨੁੱਖ ਨੂੰ 'ਆਪਣਾ ਕਰਾਸ' ਆਪ ਝੱਲਣਾ ਪੈਂਦਾ ਹੈ। ਇਹ ਇੱਕ ਪ੍ਰਤੀਕ ਬਣ ਜਾਂਦੀ ਹੈ ਕਿ ਜੋ ਚੇਤਨਾ ਸੱਚੇ ਪ੍ਰੇਮ ਨਾਲ ਅਤੇ ਸੱਚ ਨਾਲ ਜੁੜਦੀ ਹੈ, ਉਸ ਨੂੰ ਅਕਸਰ ਸਮਾਜਿਕ ਵਿਰੋਧ ਅਤੇ ਬਲੀਦਾਨ ਪਾਰ ਕਰਨੇ ਪੈਂਦੇ ਹਨ। ਨੈਲਸਨ ਮੰਡੇਲਾ ਨੇ 27 ਸਾਲ ਕੈਦ ਦੇ ਦੁੱਖੜੇ ਸਹੇ, ਪਰ ਇਸ ਦੁੱਖ ਨੂੰ, ਇਸ ਸੇਕ ਨੂੰ ਉਸ ਨੇ ਅੰਦਰੂਨੀ ਤਿਆਰੀ, ਧੀਰਜ ਅਤੇ ਨਿਆਂਇਕ ਚੇਤਨਾ ਦੇ ਚਾਨਣ ਵਿੱਚ ਬਦਲ ਦਿੱਤਾ ਜੋ ਬਾਅਦ ਵਿੱਚ ਸਮਝੌਤੇ ਅਤੇ ਖਿਮਾ ਦੇ ਪ੍ਰਤੀਕ ਬਣੇ। ਮਨੋਵਿਗਿਆਨਕ ਪੱਖੋਂ ਇਹ ਉਹ ਅਵਸਥਾ ਹੈ ਜਿੱਥੇ ਮਨੁੱਖ ਆਪਣੀ ਪੀੜ ਨੂੰ ਸਿਰਫ਼ ਨਿੱਜੀ ਦੁਖਾਂਤ ਨਹੀਂ ਸਗੋਂ ਸਾਂਝੀ ਚੇਤਨਾ ਦੀ ਉਚਾਈ ਲਈ ਵਰਤਦਾ ਹੈ।

ਆਧੁਨਿਕ ਮਨੋਵਿਗਿਆਨ ਮੰਨਦਾ ਹੈ ਕਿ ਜਦੋਂ ਮਨੁੱਖ ਦੁੱਖ ਤੋਂ ਨਿਰਾਸ਼ ਹੋ ਕੇ ਭੱਜਣ ਦੀ ਕੋਸ਼ਿਸ਼ ਕਰਦਾ ਹੈ, ਦਵਾਈ, ਨਸ਼ਾ, ਲਗਾਤਾਰ ਧਿਆਨ, ਭੰਗ ਆਦਿ ਦਾ ਸਹਾਰਾ ਲੈਂਦਾ ਹੈ ਤਾਂ ਅੰਦਰੂਨੀ ਵਿਕਾਸ ਰੁਕ ਜਾਂਦਾ ਹੈ। ਜੁੰਗ ਵਰਗੇ ਮਨੋਵਿਗਿਆਨੀ ਦੁੱਖ ਨੂੰ ਸਵੀਕਾਰ ਕਰਕੇ ਉਸ ਰਾਹੀਂ ਅੱਗੇ ਵਧਣ ਦੀ ਗੱਲ ਕਰਦੇ ਹਨ। ਸਿੱਖ ਦਰਸ਼ਨ ਇਸ ਨੂੰ 'ਚੜ੍ਹਦੀ ਕਲਾ' ਦੇ ਰੂਪ ਵਿੱਚ ਅੱਗੇ ਲਿਆਉਂਦਾਹੈ- ਦੁੱਖ ਹੈ, ਸੇਕ ਹੈ, ਪਰ ਮਨ ਦੀ ਅਵਸਥਾ ਉੱਚ-ਅਨੁਕੂਲ ਅਤੇ ਰੱਬੀ ਹੁਕਮ ਨਾਲ ਮਿਲ ਜਾਂਦੀ ਹੈ। ਇੱਥੇ ਚਾਨਣ ਅਟੱਲ ਭਰੋਸਾ ਅਤੇ ਅੰਦਰੂਨੀ ਪ੍ਰਕਾਸ਼ ਬਣਦਾ ਹੈ ਜਿਹੜਾ ਖੁਦ ਕਸ਼ਟ ਸਹਿ ਕੇ ਵੀ ਜ਼ੁਲਮ ਦਾ ਸਾਹਮਣਾ ਕਰਦਾ ਹੈ ਅਤੇ ਇਨਸਾਨੀਅਤ ਦੇ ਦਰਦ ਦੂਰ ਕਰਨ ਲਈ ਤਤਪਰ ਰਹਿੰਦਾ ਹੈ।

ਆਦਿ ਕਾਲ ਤੋਂ ਮੌਜੂਦਾ ਦੌਰ ਤੱਕ ਸੰਘਰਸ਼ ਕਰਨ ਵਾਲੇ ਸਭ ਵਿਅਕਤੀਆਂ ਨੂੰ ਹੀ ਸਮੇਂ ਸਮੇਂ 'ਤੇ ਉਸ ਵਕਤ ਦੀਆਂ ਸਰਕਾਰਾਂ ਤੋਂ ਅਤੇ ਵਿਰੋਧੀ ਟੋਲਿਆਂ ਵੱਲੋਂ ਦਿੱਤੇ ਗਏ ਵੱਖ ਵੱਖ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਜ਼ੁਲਮ ਸਹਿਣ ਕਰਨੇ ਪਏ।

(ਬਾਕੀ ਸਫ਼ਾ 27 'ਤੇ)




# ਕਿਤਾਬੀ ਗਿਆਨ ਦੇ ਨਾਲ ਭਾਵਨਾਤਮਿਕ ਸਮਝ ਹੋਣੀ ਵੀ ਜ਼ਰੂਰੀ

ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ-ਲਿਖਾਈ ਵੱਲ ਬਹੁਤ ਖ਼ੂਬ ਦਿੰਦੇ ਹਨ ਪਰ ਉਨ੍ਹਾਂ ਦੀ ਭਾਵਨਾਤਮਿਕ ਬੁੱਧੀ ਨੂੰ ਅਕਸਰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ। ਭਾਵਨਾਤਮਿਕ ਬੁੱਧੀ ਦਾ ਅਰਥ ਹੈ ਕਿ ਆਪਣੀਆਂ ਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਉਨ੍ਹਾਂ ਨਾਲ ਨਜਿੱਠਣਾ। ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਕਿਤਾਬੀ ਗਿਆਨ ਦੇ ਨਾਲ ਭਾਵਨਾਤਮਿਕ ਸਮਝ ਹੋਣੀ ਵੀ ਬਹੁਤ ਜ਼ਰੂਰੀ ਹੈ। ਇਸ ਲਈ ਬੱਚਿਆਂ 'ਚ ਭਾਵਨਾਤਮਿਕ ਬੁੱਧੀ ਦਾ ਵਿਕਾਸ ਕਰਨਾ ਬਹੁਤ ਜ਼ਰੂਰੀ ਹੈ।

ਬੱਚੇ ਅਕਸਰ ਚਿੜਚਿੜੇ ਹੋ ਜਾਂਦੇ ਹਨ ਜਾਂ ਰੋਣ ਲੱਗਦੇ ਹਨ ਕਿਉਂਕਿ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਨ੍ਹਾਂ ਨਾਲ ਹੋ ਕੀ ਰਿਹਾ ਹੈ। ਉਨ੍ਹਾਂ ਦੀ ਆਪਣੀਆਂ ਭਾਵਨਾਵਾਂ ਨੂੰ ਪਛਾਣਨ 'ਚ ਮਦਦ ਕਰੋ। ਜਦੋਂ ਉਹ ਆਪਣੀਆਂ ਭਾਵਨਾਵਾਂ ਨੂੰ ਨਾਂ ਦੇਣਾ ਸਿੱਖਦੇ ਹਨ, ਤਾਂ ਉਹ ਉਨ੍ਹਾਂ 'ਤੇ ਬਿਹਤਰ ਨਿਯੰਤਰਨ ਪਾ ਲੈਂਦੇ ਹਨ।

**ਭਾਵਨਾਵਾਂ ਨੂੰ ਜ਼ਾਹਿਰ ਕਰਨ ਦਾ ਤਰੀਕਾ**

ਬੱਚੇ ਦੀ ਹਰ ਭਾਵਨਾ ਜਾਇਜ਼ ਹੁੰਦੀ ਹੈ ਪਰ ਉਸ ਦਾ ਹਰ ਵਿਹਾਰ ਨਹੀਂ। ਉਦਾਹਰਨ ਵਜੋਂ ਜੇ ਕੋਈ ਬੱਚਾ ਖਿਡੌਣਾ ਨਾ ਮਿਲਣ 'ਤੇ ਗੁੱਸੇ ਹੈ, ਤਾਂ ਉਸ ਦੇ ਗੁੱਸੇ ਨੂੰ ਸਵੀਕਾਰ ਕਰੋ ਪਰ ਇਹ ਵੀ ਸਮਝਾਓ ਕਿ ਗੁੱਸੇ 'ਚ ਚੀਕਣਾ ਜਾਂ ਚੀਜ਼ਾਂ ਸੁੱਟਣਾ ਗ਼ਲਤ ਹੈ। ਉਨ੍ਹਾਂ ਨੂੰ ਸਿਖਾਓ ਕਿ ਭਾਵਨਾਵਾਂ ਨੂੰ ਮਹਿਸੂਸ ਕਰਨਾ ਮਾੜਾ ਨਹੀਂ ਹੈ ਪਰ ਉਨ੍ਹਾਂ ਦਾ ਪ੍ਰਗਟ ਕਰਨ ਦਾ ਤਰੀਕਾ ਸਹੀ ਹੋਣਾ ਚਾਹੀਦਾ ਹੈ।

**ਹਮਦਰਦ ਹੋਣਾ ਜ਼ਰੂਰੀ**

ਭਾਵਨਾਤਮਿਕ ਬੁੱਧੀ ਲਈ ਦੂਜਿਆਂ ਪ੍ਰਤੀ ਹਮਦਰਦ ਹੋਣਾ ਜ਼ਰੂਰੀ ਹੈ। ਆਪਣੇ ਬੱਚੇ ਨੂੰ ਦੂਜਿਆਂ ਦੇ ਦ੍ਰਿਸ਼ਟੀਕੋਣ ਤੋਂ ਸੋਚਣਾ ਸਿਖਾਓ। ਜੇ ਕੋਈ ਬੱਚਾ ਪਾਰਕ ਵਿਚ ਡਿੱਗ ਪੈਂਦਾ ਹੈ ਜਾਂ ਉਦਾਸ ਹੈ, ਤਾਂ ਆਪਣੇ ਬੱਚੇ ਨੂੰ ਸਮਝਾਓ ਕਿ ਦੂਜਾ ਬੱਚਾ ਨੂੰ ਕਿਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ। ਇਸ ਨਾਲ ਬੱਚਾ ਦੂਜਿਆਂ ਦੇ ਦੁੱਖ-ਸੁੱਖ ਸਮਝਣਾ ਸ਼ੁਰੂ ਕਰ ਦੇਵੇਗਾ।



**ਰੋਲ ਮਾਡਲ ਬਣੋ**

ਬੱਚੇ ਸਾਡੀਆਂ ਗੱਲਾਂ ਤੋਂ ਨਹੀਂ ਸਗੋਂ ਸਾਡੇ ਕੰਮਾਂ ਤੋਂ ਸਿੱਖਦੇ ਹਨ। ਜੇ ਤੁਸੀਂ ਖ਼ੁਦ ਤਣਾਅ ਵਿਚ ਚੀਕਣਾ ਸ਼ੁਰੂ ਕਰ ਦਿੰਦੇ ਹੋ, ਤਾਂ ਤੁਹਾਡਾ ਬੱਚਾ ਵੀ ਇਹੀ ਸਿੱਖੇਗਾ। ਆਪਣੀਆਂ ਭਾਵਨਾਵਾਂ ਨੂੰ ਸ਼ਾਂਤੀ ਨਾਲ ਪ੍ਰਗਟ ਕਰੋ। ਇਹ ਤੁਹਾਡੇ ਬੱਚੇ ਨੂੰ ਆਪਣੀਆਂ ਜ਼ਰੂਰਤਾਂ ਤੇ ਭਾਵਨਾਵਾਂ ਨੂੰ ਸਹੀ ਢੰਗ ਨਾਲ ਸੰਚਾਰ ਕਰਨ ਵਿਚ ਮਦਦ ਕਰੇਗਾ।

**ਸਮੱਸਿਆ ਹੱਲ ਕਰਨ ਦੇ ਹੁਨਰ ਸਿਖਾਓ**

ਜਦੋਂ ਕੋਈ ਬੱਚਾ ਕਿਸੇ ਸਮੱਸਿਆ ਦਾ ਸਾਹਮਣਾ ਕਰਦਾ ਹੈ, ਤਾਂ ਤੁਰੰਤ ਕੋਈ ਹੱਲ ਨਾ ਕਰੋ। ਉਨ੍ਹਾਂ ਨੂੰ ਸੋਚਣ ਲਈ ਸਮਾਂ ਦਿਉ। ਉਨ੍ਹਾਂ ਨੂੰ ਪੁੱਛੋ ਕਿ ਉਹ ਇਸ ਸਥਿਤੀ ਵਿਚ ਕੀ ਕਰ ਸਕਦੇ ਹਨ। ਇਹ ਉਨ੍ਹਾਂ ਨੂੰ ਆਪਣੀਆਂ ਭਾਵਨਾਵਾਂ ਦਾ ਪ੍ਰਬੰਧਨ ਕਰਨ ਤੇ ਸਮੱਸਿਆ ਨੂੰ ਤਰਕ ਨਾਲ ਸਮਝਣ ਲਈ ਉਤਸ਼ਾਹਿਤ ਕਰਦਾ ਹੈ।

# ਬੱਚਿਆਂ 'ਤੇ ਨਾ ਪਾਓ ਪੜ੍ਹਾਈ ਦਾ ਤਣਾਅ

**ਪ੍ਰਵੀਨ ਅਬਰੋਲ**

ਆਧੁਨਿਕ ਯੁੱਗ 'ਚ ਬੱਚਿਆਂ ਵਿਚ ਵੱਧ ਤੋਂ ਵੱਧ ਨੰਬਰ ਲੈਣ ਦੀ ਹੋੜ ਨੇ ਉਨ੍ਹਾਂ ਨੂੰ ਤਣਾਅਗ੍ਰਸਤ ਬਣਾ ਦਿੱਤਾ ਹੈ। ਹਰ ਮਾਂ-ਬਾਪ ਚਾਹੁੰਦਾ ਹੈ ਕਿ ਦਸਵੀਂ-ਬਾਰ੍ਹਵੀਂ ਦੇ ਜਦੋਂ ਵੀ ਨਤੀਜੇ ਆਉਣ ਤਾਂ ਸਾਡਾ ਬੱਚਾ ਕਲਾਸ, ਸਕੂਲ, ਜ਼ਿਲ੍ਹੇ ਜਾਂ ਬੋਰਡ ਵਿੱਚੋਂ ਪਹਿਲੇ ਨੰਬਰ 'ਤੇ ਆਵੇ। ਉਦੋਂ ਉਹ ਇਹ ਭੁੱਲ ਜਾਂਦੇ ਨੇ ਕਿ ਹਰ ਬੱਚਾ ਇੱਕੋ ਜਿਹਾ ਨਹੀਂ ਹੁੰਦਾ। ਹਰ ਬੱਚੇ ਦੀ ਤੁਲਨਾ ਦੂਸਰੇ ਬੱਚੇ ਨਾਲ ਨਹੀਂ ਕੀਤੀ ਜਾ ਸਕਦੀ। ਹਰ ਬੱਚੇ ਅੰਦਰ-ਅਲੱਗ ਅਲੱਗ ਤਰ੍ਹਾਂ ਦਾ ਹੁਨਰ ਹੁੰਦਾ ਹੈ। ਕੁਝ ਬੱਚੇ ਸਾਰਾ ਕੁਝ ਬਹੁਤ ਜਲਦੀ ਯਾਦ ਕਰ ਲੈਂਦੇ ਹਨ ਪਰ ਕੁਝ ਵਾਸਤੇ ਇਹ ਬਹੁਤ ਔਖਾ ਹੁੰਦਾ। ਹਰ ਮਾਂ-ਬਾਪ ਦੀ ਇੱਕੋ ਇੱਛਾ ਹੈ ਕਿ ਉਨ੍ਹਾਂ ਦਾ ਬੱਚਾ ਟਾਪਰ ਹੋਣਾ ਚਾਹੀਦਾ ਹੈ। ਬੱਸ ਇਸੇ ਚੀਜ਼ ਨੇ ਅੱਜ ਬੱਚਿਆਂ ਨੂੰ ਮੁਸੀਬਤ 'ਚ ਪਾ ਦਿੱਤਾ ਹੈ।

ਹਰ ਬੱਚੇ ਨੂੰ ਆਪਣੇ ਇਮਤਿਹਾਨ ਦੇ ਨਤੀਜਿਆਂ ਤੋਂ ਇੰਨਾ ਡਰ ਲੱਗਦਾ ਹੈ ਕਿ ਜੇ ਅਸੀਂ ਆਪਣੇ ਮਾਂ-ਬਾਪ ਤੇ ਸਕੂਲ ਦੇ ਅਧਿਆਪਕਾਂ ਦੀਆਂ ਉਮੀਦਾਂ 'ਤੇ ਖ਼ਰੇ ਨਾ ਉਤਰੇ ਤਾਂ ਕੀ ਬਣੇਗਾ। ਇਹੋ ਜਿਹੇ ਹਾਲਾਤਾਂ ਵਿੱਚ ਕਈ ਵਾਰ ਬੱਚੇ ਘਰੋਂ ਭੱਜ ਜਾਂਦੇ ਹਨ ਤੇ ਕਈ ਡਿਪਰੈਸ਼ਨ 'ਚ ਚਲੇ ਜਾਂਦੇ ਹਨ। ਇਥੋਂ ਤੱਕ ਕਿ ਕਈ ਬੱਚੇ ਆਤਮ-ਹੱਤਿਆ ਕਰਨ ਤੋਂ ਵੀ ਨਹੀਂ ਝਿਜਕਦੇ। ਇਸ ਕਰਕੇ ਹਰ ਮਾਂ-ਬਾਪ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਬੱਚਿਆਂ ਨੂੰ ਪੜ੍ਹਾਉਣਾ ਜ਼ਰੂਰੀ ਹੈ। ਬੱਚਿਆਂ ਦੇ ਚੰਗੇ ਨੰਬਰ ਆਉਣ ਲਈ ਇਹ ਵੀ ਜ਼ਰੂਰੀ ਹੈ ਪਰ ਚੰਗੇ ਨੰਬਰ ਆਉਣ ਵਾਸਤੇ ਉਨ੍ਹਾਂ 'ਤੇ ਇੰਨਾ ਦਬਾਅ ਬਣਾਉਣਾ ਠੀਕ ਨਹੀਂ ਕਿਉਂਕਿ ਇਹ ਗੱਲਾਂ ਉਨ੍ਹਾਂ ਦੀ ਸ਼ਖ਼ਸੀਅਤ 'ਤੇ ਬਹੁਤ ਡੂੰਘਾ ਅਸਰ ਪਾਉਂਦੀਆਂਹਨ। ਇਸ ਕਰਕੇ ਇਹ ਸੋਚਣ ਦਾ ਵਿਸ਼ਾ ਹੈ ਕਿ ਅਸੀਂ ਆਪਣੇ ਬੱਚਿਆਂ ਨਾਲ ਕੁਆਲਿਟੀ ਟਾਈਮ ਬਿਤਾਈਏ। ਉਨ੍ਹਾਂ ਨੂੰ ਸਿੱਖਣ ਲਈ ਪ੍ਰੇਰਿਤ ਕਰੀਏ, ਉਨ੍ਹਾਂ ਦੀ ਕਾਊਂਸਲਿੰਗ ਕਰੀਏ ਪਰ ਡਰ ਵਾਲਾ ਮਾਹੌਲ ਪੈਦਾ ਨਾ ਕਰੀਏ ਕਿ ਬੱਚੇ ਇਮਤਿਹਾਨਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਬਿਮਾਰ ਪੈ ਜਾਣ।

**ਸਹਿਣਾ ਹੋ ਜਾਂਦਾ ਔਖਾ**

ਹਰ ਮਾਂ-ਬਾਪ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਖ਼ੁਦ ਦੀ ਜ਼ਿੰਦਗੀ ਨਾਲੋਂ ਕਈ ਗੁਣਾਂ ਬਿਹਤਰ ਬਣਾਉਣੀ ਲੋਚਦਾ ਹੈ। ਅਕਸਰ ਹੀ ਮਾਪੇ ਖ਼ੁਦ ਦੇ ਸੁਪਨਿਆਂ ਦੀ ਪੂਰਤੀ ਆਪਣੇ ਬੱਚਿਆਂ ਵਿੱਚੋਂ ਕਰਨੀ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਜ਼ਿੰਦਗੀ 'ਚ ਜੋ ਮੁਕਾਮ ਉਹ ਖ਼ੁਦ ਨਹੀਂ ਹਾਸਿਲ ਕਰ ਸਕੇ, ਉਸ ਨੂੰ ਉਨ੍ਹਾਂ ਦੇ ਬੱਚੇ ਜ਼ਰੂਰ ਹਾਸਿਲ ਕਰਨ। ਅਜਿਹਾ ਸੋਚਦਿਆਂ ਕਈ ਵਾਰ ਮਾਪੇ ਬੱਚਿਆਂ 'ਤੇ ਪ੍ਰਾਪਤੀਆਂ ਲਈ ਬੇਲੋੜਾ ਦਬਾਅ ਪਾਉਣਾ ਸ਼ੁਰੂ ਕਰ ਦਿੰਦੇ ਹਨ। ਬਹੁਤ ਵਾਰ ਦੇਖਣ 'ਚ ਆਉਂਦਾਹੈ ਕਿ ਕਈ ਮਾਂ-ਬਾਪ ਆਪਣੇ ਬੱਚਿਆਂ ਨੂੰ ਇੰਨਾ ਜ਼ਲੀਲ ਕਰ ਦਿੰਦੇ ਹਨ ਕਿ ਉਨ੍ਹਾਂ ਨੂੰ ਸਹਿਣਾ ਬਹੁਤ ਔਖਾ ਹੋ ਜਾਂਦਾ ਹੈ, ਜਿਵੇਂ ਉਹ ਅਕਸਰ ਕਹਿ ਦਿੰਦੇ ਹਨ ਕਿ ਅਸੀਂ ਤਾਂ ਉਮਰ ਭਰ ਦੀ ਕਮਾਈ ਤੁਹਾਡੇ 'ਤੇ ਲਾ ਰਹੇ ਹਾਂ ਤੇ ਤੁਸੀਂ ਉਸ ਦੇ ਬਦਲੇ ਕਿੰਨਾ ਮਾੜਾ ਨਤੀਜਾ ਦੇ ਰਹੇ ਹੋ। ਅਸੀਂ ਸਮਾਜ ਵਿਚ ਮੂੰਹ ਦਿਖਾਉਣ ਜੋਗੇ ਨਹੀਂ ਹਾਂ, ਰਿਸ਼ਤੇਦਾਰਾਂ ਨੂੰ ਕੀ ਜਵਾਬ ਦੇਵਾਂਗੇ। ਗੁਆਂਢੀਆਂ ਦੇ ਮੁੰਡੇ ਵੱਲ ਦੇਖ ਕਿ ਉਸ ਨੇ ਕਿਵੇਂ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ। ਇਹ ਸਭ ਕੁਝ ਸੁਣ ਕੇ ਬੱਚੇ ਸੋਚਦੇ ਹਨ ਕਿ ਜੇ ਅਸੀਂ ਆਪਣੇ ਮਾਪਿਆਂ ਦਾ ਸੁਪਨਾ ਪੂਰਾ ਨਹੀਂ ਕਰ ਸਕੇ ਤਾਂ ਸਾਨੂੰ ਜਿਊਣਾ ਨਹੀਂ ਚਾਹੀਦਾ। ਬਹੁਤ ਸਾਰੇ ਬੱਚੇ ਇਸ ਤਰ੍ਹਾਂ ਦੇ ਹਾਲਾਤਾਂ ਵਿਚ ਡਿਪਰੈਸ਼ਨ ਵਿਚ ਚਲੇ ਜਾਂਦੇ ਹਨ। ਕੁਝ ਬੱਚੇ ਆਪਣੇ ਰਸਤੇ ਤੋਂ ਭਟਕ ਕੇ ਨਸ਼ਾ ਆਦਿ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਕਈ ਵਾਰ ਗ਼ਲਤ ਸੰਗਤ ਵਿਚ ਪੈ ਜਾਂਦੇ ਹਨ। ਜਦੋਂ ਇਹ ਸਭ ਉਨ੍ਹਾਂ ਦੇ ਸਹਿਣ ਤੋਂ ਬਾਹਰ ਹੋ ਜਾਂਦਾ ਹੈ ਤਾਂ ਉਹ ਖ਼ੁਦਕੁਸ਼ੀ ਦਾ ਰਾਹ ਅਖ਼ਤਿਆਰ ਕਰ ਲੈਂਦੇ ਹਨ। ਅਕਸਰ ਇਸ ਤਰ੍ਹਾਂ ਦੀਆਂ ਖ਼ਬਰਾਂ ਨਤੀਜਿਆਂ ਦੇ ਦਿਨਾਂ ਵਿਚ ਸੁਰਖੀਆਂ ਬਣਦੀਆਂ ਹਨ।



**ਰੁਚੀ ਮੁਤਾਬਿਕ ਲੈ ਕੇ ਦਿੱਤੇ ਜਾਣ ਵਿਸ਼ੇ**

ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਉਨ੍ਹਾਂ ਦਾ ਰੁਚੀ ਮੁਤਾਬਿਕ ਵਿਸ਼ੇ ਲੈ ਕੇ ਦਿੱਤੇ ਜਾਣ। ਹਰ ਬੱਚਾ ਡਾਕਟਰ ਜਾਂ ਇੰਜੀਨੀਅਰ ਬਣਨ ਦੀ ਯੋਗਤਾ ਨਹੀਂ ਰੱਖਦਾ। ਹੋਰ ਵੀ ਬਹੁਤ ਸਾਰੇ ਖੇਤਰ ਹਨ, ਜਿਨ੍ਹਾਂ ਵਿਚ ਉਹ ਮੁਹਾਰਤ ਹਾਸਿਲ ਕਰ ਸਕਦਾ ਹੈ। ਇਕ ਲੜਕੇ ਨੂੰ ਮਜਬੂਰੀ ਵਿਚ ਮੈਡੀਕਲ ਵਿਸ਼ਾ ਲੈ ਕੇ ਦਿੱਤਾ ਗਿਆ ਪਰ ਉਹ ਪਾਸ ਨਹੀਂ ਹੋ ਸਕਿਆ। ਜਦੋਂ ਉਸ ਨੇ ਆਪਣੀ ਯੋਗਤਾ ਅਨੁਸਾਰ ਵਿਸ਼ਾ ਚੁਣਿਆ ਤਾਂ ਉਹ ਬੋਰਡ ਵਿਚ ਪਹਿਲੇ ਦਰਜੇ 'ਤੇ ਰਿਹਾ। ਇਸ ਕਰਕੇ ਮਾਪਿਆਂ ਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਬੱਚਾ ਪ੍ਰਤਿਭਾਵਾਨ ਹੈ। ਉਸ ਦੇ ਅੰਦਰ ਵੀ ਬਹੁਤ ਸਾਰੇ ਹੁਨਰ ਲੁਕੇ ਹੋਏ ਹਨ। ਉਹ ਵੀ ਆਪਣੀ ਫੀਲਡ 'ਚ ਉਨ੍ਹਾਂ ਦੀ ਮਦਦ ਨਾਲ ਬਹੁਤ ਕੁਝ ਕਰ ਸਕਦਾ ਹੈ।

**ਦੋਸਤਾਨਾ ਵਿਹਾਰ ਕਰੋ**

ਸਭ ਤੋਂ ਪਹਿਲਾਂ ਬੱਚਿਆਂ ਨੂੰ ਬਣਦਾ ਸਮਾਂ ਦੇਣ ਦੀ ਲੋੜ ਹੈ ਤਾਂ ਜੋ ਉਹ ਤੁਹਾਡੇ ਸਨੇਹ ਹੇਠ ਰਹਿਣ। ਬੇਮਤਲਬ ਦਾ ਗੁੱਸਾ ਤੇ ਜਬਰੀ ਥੋਪੀਆਂ ਬੰਦਿਸ਼ਾਂ ਬੱਚਿਆਂ ਨੂੰ ਤੁਹਾਡੇ ਤੋਂ ਬਹੁਤ ਦੂਰ ਲਿਜਾ ਸਕਦੀਆਂ ਹਨ। ਅਸੀਂ ਵੀ ਕਿਸੇ ਦੁੱਖ, ਮੁਸੀਬਤ ਜਾਂ ਉਲਝਣ ਸਮੇਂ ਚੰਗੇ ਦੋਸਤ ਦੀ ਸੰਗਤ ਅਤੇ ਅਗਵਾਈ ਲੋਚਦੇ ਹਾਂ, ਠੀਕ ਉਸੇ ਤਰ੍ਹਾਂ ਬੱਚਿਆਂ ਨੂੰ ਵੀ ਆਪਣੀਆਂ ਨਿੱਕੀਆਂ-ਨਿੱਕੀਆਂ ਉਲਝਣਾਂ ਦੇ ਹੱਲ ਲਈ ਦੋਸਤ ਮਾਪਿਆਂ ਦੀ ਲੋੜ ਹੁੰਦੀ ਹੈ। ਜਿਸ ਤਰ੍ਹਾਂ ਦੇ ਵੀ ਬੱਚਿਆਂ ਦੇ ਨਤੀਜੇ ਆਉਣ, ਉਨ੍ਹਾਂ ਨੂੰ ਸਵੀਕਾਰ ਕਰੋ। ਬੱਚਿਆਂ ਨਾਲ ਦੋਸਤਾਨਾ ਵਿਹਾਰ ਕਰੋ, ਤਾਂ ਜੋ ਉਹ ਆਪਣੀ ਹਰ ਸਮੱਸਿਆ ਨੂੰ ਤੁਹਾਡੇ ਨਾਲ ਸਾਂਝੀ ਕਰ ਸਕਣ ਤੇ ਮਿਲ ਕੇ ਸਮੱਸਿਆ ਦਾ ਹੱਲ ਲੱਭਿਆ ਜਾ ਸਕੇ।



**ਦੂਜਿਆਂ ਨਾਲ ਨਾ ਕਰੋ ਤੁਲਨਾ**

ਬਚਪਨ ਜਜ਼ਬਾਤੀ ਹੁੰਦਾ ਹੈ, ਇਸ ਲਈ ਬੱਚਿਆਂ ਦੀਆਂ ਮਲੂਕ ਭਾਵਨਾਵਾਂ ਦੀ ਕਦਰ ਕਰੋ। ਬੱਚਿਆਂ ਨੂੰ ਪੜ੍ਹਾਈ ਹਊਆ ਨਹੀਂ ਸਗੋਂ ਜੀਵਨ ਖ਼ੁਸ਼ੀਆਂ ਦਾ ਸਾਧਨ ਹੋਣ ਬਾਰੇ ਦੱਸੋ। ਡਰ ਪਾਉਣ ਨਾਲ ਬੱਚੇ ਦੱਬੂ ਬਣ ਜਾਂਦੇ ਹਨ ਅਤੇ ਸਾਰੀ ਉਮਰ ਅਧੂਰੇ ਹੀ ਰਹਿੰਦੇ ਹਨ। ਡਰ ਬੱਚੇ ਨੂੰ ਮਾਨਸਿਕ ਅਪਾਹਜ ਬਣਾ ਦਿੰਦਾ ਹੈ। ਆਪਣੀ ਔਲਾਦ ਦੀ ਉਸ ਦੇ ਸਾਥੀਆਂ ਜਾਂ ਹੁਸ਼ਿਆਰ ਜਮਾਤੀਆਂ ਨਾਲ ਤੁਲਨਾ ਕਰਨੀ ਮਾੜਾ ਰੁਝਾਨ ਹੈ, ਇਸ ਨਾਲ ਬੱਚੇ ਅੰਦਰ ਹੀਣਭਾਵਨਾ ਵੱਧਦੀ ਹੈ।

**ਹਰ ਪ੍ਰੀਖਿਆ ਆਖ਼ਰੀ ਨਹੀਂ ਹੁੰਦੀ**

ਬੱਚਿਆਂ ਨੂੰ ਦੱਸੋ ਕਿ ਹਰ ਪ੍ਰੀਖਿਆ ਆਖ਼ਰੀ ਨਹੀਂ ਹੁੰਦੀ, ਜ਼ਿੰਦਗੀ ਵਿਚ ਹੋਰ ਵੀ ਬਹੁਤ ਸਾਰੇ ਮੌਕੇ ਮਿਲਣਗੇ। ਅੱਗਿਓਂ ਹੋਰ ਗ਼ਲਤੀਆਂ ਨਹੀਂ ਕਰਨੀਆਂ ਸਗੋਂ ਇਨ੍ਹਾਂ ਤੋਂ ਸਿੱਖ ਕੇ ਅੱਗੇ ਵਧਣਾ ਹੈ। ਉਨ੍ਹਾਂ ਨੂੰ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਮਤਿਹਾਨ ਜੀਵਨ ਦਾ ਸਿਰਫ਼ ਇਕ ਪੜਾਅ ਹਨ, ਪੂਰਾ ਜੀਵਨ ਨਹੀਂ। ਬੱਚਿਆਂ ਨੂੰ ਸਿਖਾਓ ਕਿ ਸਫਲਤਾ ਕੇਵਲ ਅੰਕਾਂ ਨਾਲ ਨਹੀਂ ਮਾਪੀ ਜਾਂਦੀ। ਜਦੋਂ ਉਹ ਇਹ ਗੱਲ ਸਮਝ ਲੈਂਦੇ ਹਨ, ਤਾਂ ਨਾ ਸਿਰਫ਼ ਇਮਤਿਹਾਨਾਂ ਦਾ ਡਰ ਘਟਦਾ ਹੈ ਸਗੋਂ ਉਹ ਜੀਵਨ ਦੀਆਂ ਵੱਡੀਆਂ ਚੁਣੌਤੀਆਂ ਨਾਲ ਵੀ ਹਿੰਮਤ ਨਾਲ ਨਜਿੱਠ ਸਕਦੇ ਹਨ। ਅਸਲੀ ਸਫਲਤਾ ਉਹੀ ਹੈ ਜਿੱਥੇ ਡਰ ਨਹੀਂ, ਸਿਰਫ਼ ਹੌਸਲਾ ਹੁੰਦਾ ਹੈ। ਜੇ ਮਾਪੇ, ਅਧਿਆਪਕ ਅਤੇ ਸਮਾਜ ਮਿਲ ਕੇ ਅਜਿਹਾ ਮਾਹੌਲ ਬਣਾਉਣ, ਜਿਸ ਵਿਚ ਬੱਚੇ ਖੁੱਲ੍ਹੇ ਮਨ ਨਾਲ ਸਿੱਖ ਸਕਣ, ਤਾਂ ਭਵਿੱਖ ਦੀ ਪੀੜ੍ਹੀ ਹੋਰ ਵੀ ਨਿੱਖਰੀ ਹੋਵੇਗੀ।

**ਬੱਚਿਆਂ ਨਾਲ ਬਿਤਾਓ ਸਮਾਂ**

ਇਸ ਸਮੇਂ ਬੱਚਿਆਂ ਨੂੰ ਜ਼ਿਆਦਾ ਸਮਾਂ ਇਕੱਲਿਆਂ ਨਾ ਛੱਡੋ। ਉਨ੍ਹਾਂ ਨਾਲ ਕੁਆਲਿਟੀ ਸਮਾਂ ਬਿਤਾਓ ਤਾਂ ਜੋ ਉਨ੍ਹਾਂ ਦਾ ਮਨ ਹੋਰ ਪਾਸੇ ਲੱਗ ਸਕੇ। ਉਨ੍ਹਾਂ ਉੱਤੇ ਪਾਬੰਦੀਆਂ ਵੀ ਨਾ ਲਾਓ। ਇਸ ਤੋਂ ਇਲਾਵਾ ਘਰ ਦਾ ਮਾਹੌਲ ਵੀ ਖ਼ੁਸ਼ਨੁਮਾ ਰੱਖੋ। ਕਾਮਯਾਬ ਹੋਣ ਲਈ ਟਾਪਰ ਹੋਣਾ ਜ਼ਰੂਰੀ ਨਹੀ। ਕਦੇ ਵੀ ਬੱਚਿਆਂ ਦੀ ਯੋਗਤਾ ਉੱਤੇ ਸਵਾਲ ਨਾ ਉਠਾਓ। ਉਨ੍ਹਾਂ ਦੀਆਂ ਕਮਜ਼ੋਰੀਆਂ ਨਾ ਲੱਭੋ ਸਗੋਂ ਹਰ ਗੱਲ ਖੁੱਲ੍ਹ ਕੇ ਕਰੋ। ਉਨ੍ਹਾਂ ਨੂੰ ਦੱਸੋ ਕਿ ਘੱਟ ਨੰਬਰ ਆਉਣਾ ਇਕ ਪ੍ਰੀਖਿਆ ਹੀ ਨਹੀਂ ਸਗੋਂ ਆਉਣ ਵਾਲੇ ਜੀਵਨ ਨੂੰ ਸਿੱਖਣ ਦਾ ਮੌਕਾ ਹਨ। ਬੱਚਿਆਂ ਨੇ ਜਿੰਨੀ ਵੀ ਮਿਹਨਤ ਕੀਤੀ ਹੈ, ਉਸ ਦੀ ਤਾਰੀਫ਼ ਕਰੋ। ਉਨ੍ਹਾਂ ਨੂੰ ਹੌਸਲਾ ਦਿਉ ਕਿ ਉਨ੍ਹਾਂ ਦੇ ਮਾਂ-ਬਾਪ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਹਨ। ਕਦੇ ਵੀ ਘਬਰਾਉਣ ਦੀ ਜ਼ਰੂਰਤ ਨਹੀਂ। ਆਪਣੇ ਬੱਚਿਆਂ ਨੂੰ ਤਰਜੀਹ ਦਿਉ ਕਿਉਂਕਿ ਤੁਹਾਡੇ ਤੋਂ ਜ਼ਿਆਦਾ ਉਨ੍ਹਾਂ ਦਾ ਹਿੱਤਕਾਰੀ ਕੋਈ ਨਹੀਂ ਹੈ। ਤੁਹਾਡੇ ਸਾਥ ਦੇ ਨਾਲ ਹੀ ਉਹ ਪ੍ਰੀਖਿਆ ਪਾਸ ਕਰ ਲੈਣਗੇ।




ਡਾ. ਧਰਮਪਾਲ ਸਾਹਿਲ

ਦੂਸਰੀ ਕਲਾਸ 'ਚ ਪੜ੍ਹਦੇ ਨੂੰ ਮੈਨੂੰ ਅੱਜ ਅਚਾਨਕ ਗੁਆਂਢ 'ਚੋਂ ਲੱਗਦਾ ਚਾਚਾ ਬੇਵਕਤੇ ਸਕੂਲੋਂ ਲੈਣ ਆ ਗਿਆ। ਮਨ ਬੜਾ ਖ਼ੁਸ਼ ਸੀ ਕਿ ਚਲੋ, ਅੱਜ ਛੇਤੀ ਸਕੂਲੋਂ ਖਹਿੜਾ ਛੁੱਟ ਗਿਆ। ਸਾਈਕਲ 'ਤੇ ਬਿਠਾ ਕੇ ਉਸ ਤੇਜ਼ੀ ਨਾਲ ਸਾਈਕਲ ਘਰ ਵੱਲ ਤੋਰ ਲਈ। ਚਾਚਾ ਮੇਰੇ ਨਾਲ ਕੋਈ ਗੱਲ ਨਹੀਂ ਕਰ ਰਿਹਾ ਸੀ। ਉਹ ਚੁੱਪ ਸੀ। ਪਹਿਲਾਂ ਕਦੇ ਵੀ ਮੈਨੂੰ ਉਹ ਇਸ ਤਰ੍ਹਾਂ ਨਹੀਂ ਮਿਲਿਆ ਸੀ। ਚਾਚਾ ਦਿਨ 'ਚ ਜਿੰਨੇ ਵਾਰ ਵੀ ਮੈਨੂੰ ਮਿਲਦਾ, ਕਿਸੇ ਨਾ ਕਿਸੇ ਨਾਂ ਨਾਲ ਛੇੜਦਾ ਸੀ। ਪਰ ਅੱਜ ਜਿਵੇਂ ਉਹ ਬਹੁਤ ਕਾਹਲੀ 'ਚ ਸੀ ਤੇ ਬਹੁਤ ਛੇਤੀ ਘਰ ਪਹੁੰਚਣਾ ਚਾਹੁੰਦਾ ਸੀ।

ਸਾਈਕਲ ਦੇ ਪੈਡਲਾਂ ਨੂੰ ਲਗਾਤਾਰ ਮਾਰਨ ਤੋਂ ਬਾਅਦ, ਜਦੋਂ ਉਹ ਸਾਡੇ ਘਰ ਵਾਲੀ ਗਲੀ 'ਚ ਮੁੜਿਆ ਤਾਂ ਵਿਰਲਾਪ ਦੀਆਂ ਆਵਾਜ਼ਾਂ ਮੇਰੇ ਕੰਨਾਂ 'ਚ ਪੈਣ ਲੱਗੀਆਂ। ਸਾਈਕਲ ਤੋਂ ਉਤਰਦਿਆਂ ਹੀ ਵੈਣ ਸਾਫ਼ ਸੁਣਾਈ ਦੇਣ ਲੱਗੇ। ਸਾਡੇ ਘਰ ਦੇ ਵਿੱਚ ਬਹੁਤ ਭੀੜ ਸੀ। ਗਲੀ 'ਚੋਂ ਲੱਗਦੀਆਂ ਮੇਰੀਆਂ ਚਾਚੀਆਂ, ਤਾਈਆਂ, ਦਾਦੀਆਂ ਸਾਰੀਆਂ ਔਰਤਾਂ ਮੈਨੂੰ ਦੇਖ ਕੇ ਇੱਕ ਦੂਜੀ ਨੂੰ ਕਹਿਣ ਲੱਗੀਆਂ- ਹਾਏ ਨੀ, ਮੈਂ ਮਰ ਜਾਵਾਂ...'

'ਮਾਂ ਵਾਹਰਾ ਹੋ ਗਿਆ ਵਿਚਾਰਾ...' 'ਰੱਬਾ, ਇਹਨੇ ਕੀ ਵਿਗਾੜਿਆ ਸੀ ਤੇਰਾ...' 'ਰੁਲ ਗਿਆ ਜਵਾਕ...'

ਐਨੀ ਸੋਝੀ ਨਹੀਂ ਸੀ ਕਿ ਮੈਂ ਸਮਝ ਪਾਉਂਦਾ ਕਿ ਇਹ ਗੱਲਾਂ ਮੇਰੇ ਬਾਰੇ ਹੀ ਹੋ ਰਹੀਆਂ ਹਨ। ਘਰ ਅੰਦਰ ਦਾਖ਼ਲ ਹੁੰਦਿਆਂ, ਮੈਂ ਦੇਖਿਆ ਕਿ ਸਾਹਮਣੇ ਵਿਹੜੇ 'ਚ ਮੇਰੀ ਮਾਂ ਨੂੰ ਚਿੱਟੇ ਕੱਪੜੇ 'ਚ ਲਪੇਟ ਕੇ ਲਿਟਾਇਆ ਹੋਇਆ ਸੀ ਤੇ ਚਾਰੇ ਪਾਸੇ ਔਰਤਾਂ ਉੱਚੀ-ਉੱਚੀ ਰੋ ਰਹੀਆਂ ਸਨ। ਇਕ-ਦੋ ਜਣੀਆਂ ਮੇਰੇ ਵੱਲ ਦੌੜ ਕੇ ਆਈਆਂ ਤੇ ਮੈਨੂੰ ਖਿੱਚ ਕੇ ਮਾਂ ਕੋਲ ਲੈ ਗਈਆਂ।

ਮੇਰੀ ਮਾਂ ਮਰ ਚੁੱਕੀ ਸੀ। ਮੈਂ ਇੱਕ ਟੱਕ ਦੇਖਦਾ ਰਿਹਾ। ਮੇਰੀ ਸਮਝੋਂ ਬਾਹਰ ਸੀ ਕਿ ਇਹ ਵਾਪਰ ਕੀ ਰਿਹਾ ਹੈ? ਮੈਨੂੰ ਇਲਮ ਵੀ ਨਹੀਂ ਸੀ ਕਿ ਮੇਰੀ ਮਾਂ ਮੇਰੇ ਤੋਂ ਸਦਾ ਲਈ ਦੂਰ ਚਲੀ ਗਈ। ਮੈਂ ਕਿਸੇ ਛੋਟੇ ਬੱਚੇ ਦੀ ਮਾਂ ਦੀ ਮੌਤ ਤੋਂ ਬਾਅਦ ਦੀ ਜ਼ਿੰਦਗੀ ਤੋਂ ਬੇਖ਼ਬਰ ਸੀ। ਖੈਰ! ਹੌਲੀ-ਹੌਲੀ ਸਾਡੇ ਘਰ ਲੋਕਾਂ ਦਾ ਆਉਣਾ-ਜਾਣਾ ਖ਼ਤਮ ਹੋ ਗਿਆ। ਮੇਰੇ ਨਾਲ ਹਮਦਰਦੀ ਰੱਖਣ ਵਾਲੇ ਆਪੋ-ਆਪਣੀ ਜ਼ਿੰਦਗੀ 'ਚ ਰੁਝ ਗਏ। ਹੁਣ ਮੈਂ, ਮੇਰਾ ਪਿਓ ਤੇ ਬੁੱਢੀ ਦਾਦੀ ਅਸੀਂ ਤਿੰਨੇ ਸੀ। ਪਿਓ ਆਪਣੇ ਕੰਮਾਂ 'ਚ ਰੁਝਿਆ ਰਹਿੰਦਾ। ਦਾਦੀ ਬੇਪਰਵਾਹ ਤੇ ਕੌੜੇ ਸੁਭਾਅ ਦੀ ਮਾਲਕਣ ਸੀ, ਜੋ ਹਰ ਵਕਤ ਅੱਕੀ ਰਹਿੰਦੀ ਸੀ।

ਲਗਪਗ ਇੱਕ ਮਹੀਨਾ ਹੋ ਗਿਆ ਮਾਂ ਨੂੰ ਮਰੇ। ਉਹਦੇ ਜਾਣ ਤੋਂ ਬਾਅਦ ਮੈਨੂੰ ਕਦੇ ਕਿਸੇ ਨੇ ਅੱਖ ਭਰ ਕੇ ਵੀ ਨਾ ਦੇਖਿਆ। ਬੱਸ ਹੁਣ ਉਹ ਸਮਾਂ ਸੀ, ਜਦ ਮੇਰਾ, ਮੇਰੀ ਮਾਂ ਦੀ ਮੌਤ ਨਾਲ ਸਾਹਮਣਾ ਹੋ ਰਿਹਾ ਸੀ। ਜੀਅ ਕਰਦਾ ਉੱਚੀ ਉੱਚੀ ਰੋਵਾਂ, ਮਾਂ ਨੂੰ ਆਵਾਜ਼ਾਂ ਮਾਰਾਂ! ਖੌਰੇ ਕਿਤੋਂ ਰੋਂਦੇ ਦੀ 'ਵਾਜ਼ ਸੁਣ ਕੇ ਮਾਂ ਆ ਜਾਵੇ। ਜੀਅ ਕਰਦਾ ਕੋਈ ਮੇਰੀ ਮਾਂ ਦੀਆਂ ਗੱਲਾਂ ਕਰੇ, ਮੈਨੂੰ ਗੋਦੀ 'ਚ ਬਿਠਾਵੇ, ਪਿਆਰ ਕਰੇ, ਆਪਣੀਆਂ ਬਾਹਾਂ 'ਚ ਘੁੱਟ ਕੇ ਲਾਡ ਲਡਾਵੇ।

ਹੁਣ ਮੈਂ ਉਹ ਮਿੱਟੀ ਹੋ ਚੁੱਕਿਆ ਸੀ, ਜਿਸ ਨੂੰ ਖੁਰਨ ਲਈ ਸਿਰਫ਼ ਇੱਕ ਬੂੰਦ ਪਾਣੀ ਦੀ ਜ਼ਰੂਰਤ ਸੀ। ਜ਼ਰੂਰਤ ਸੀ ਕਿ ਜਿਵੇਂ ਕੋਈ ਘੁਮਿਆਰ ਮੈਨੂੰ ਬੇਜਾਨ ਹੋ ਚੁੱਕੇ ਮਿੱਟੀ ਦੇ ਥੋਬੇ ਨੂੰ ਆਪਣੇ ਹੱਥਾਂ ਦੇ ਛੋਹ ਨਾਲ ਪਲੋਸ-ਪਲੋਸ ਕੇ ਇੱਕ ਕੀਮਤੀ ਬਰਤਨ ਬਣਾ ਦੇਵੇ। ਪਰ ਮੇਰਾ ਇਹ ਦਰਦ ਜ਼ਿੰਦਗੀ ਭਰ ਦਾ ਦਰਦ ਹੋ ਨਿਬੜਿਆ। ਮੇਰੀ ਮਾਂ ਨੂੰ ਗੁਜ਼ਰਿਆਂ ਹਾਲੇ ਮਸਾਂ ਦੋ ਮਹੀਨੇ ਹੀ ਹੋਏ ਸਨ ਕਿ ਮੇਰੀ ਦਾਦੀ ਨੇ ਮੇਰੇ ਪਿਓ ਨੂੰ ਦੂਜੇ ਵਿਆਹ ਲਈ ਕਹਿਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਇਹ ਮੰਗ ਜ਼ੋਰ ਫੜਦੀ ਗਈ। ਗਲੀ-ਗੁਆਂਢ ਵੀ ਮੇਰੇ ਪਿਓ ਨੂੰ ਇਹ ਸਲਾਹ ਦੇਣ ਲੱਗਾ। 'ਤੈਥੋਂ ਮੁੰਡੇ ਦੀ ਸਾਂਭ-ਸੰਭਾਲ ਨਹੀਂ ਹੋਣੀ। ਇਹ ਨੂੰ ਵੀ ਮਾਂ ਦੀ ਜ਼ਰੂਰਤ ਹੈ ਤੇ ਤੇਰੀ ਮਾਂ ਵੀ ਦਿਨੋਂ ਦਿਨ ਬਜ਼ੁਰਗ ਹੋ ਰਹੀ ਹੈ।' ਅਖੀਰ, ਇੱਕ ਸਾਲ ਦੇ ਅੰਦਰ-ਅੰਦਰ ਮੇਰੇ ਪਿਓ ਦੇ ਦੂਰ ਦੇ ਰਿਸ਼ਤੇਦਾਰ ਨੇ ਇੱਕ ਰਿਸ਼ਤਾ ਕਰਵਾ ਦਿੱਤਾ ਤੇ ਮੇਰੇ ਘਰ ਮੇਰੀ ਨਵੀਂ ਮਾਂ ਪਰਵੇਸ਼ ਕਰ ਗਈ। ਹੁਣ ਤੱਕ ਮੈਂ ਇੱਕ ਮੱਟਰ ਜਿਹਾ ਜਵਾਕ ਹੋ ਚੁੱਕਾ ਸੀ। ਜਿਸ ਨੂੰ ਸਮਝ ਤਾਂ ਸਭ ਕੁਝ ਆ ਰਿਹਾ ਸੀ, ਪਰ ਕੁਝ ਬੋਲਣ ਦਾ ਹੀਆ ਨਹੀਂ ਸੀ ਪੈਂਦਾ। ਸ਼ਾਇਦ ਰੱਬ ਨੇ ਸਬਰ ਦਾ ਘੜਾ ਜਮਾਂਦਰੂ ਹੀ ਵੱਡਾ ਬਖ਼ਸ਼ਿਆ ਸੀ ਮੈਨੂੰ। ਮੇਰਾ ਪਿਓ ਆਪਣੀ ਜ਼ਿੰਦਗੀ 'ਚ ਅੱਗੇ ਵਧ ਚੁੱਕਿਆ ਸੀ ਤੇ ਮੈਂ ਉਸੇ ਜਗ੍ਹਾ ਖੜ੍ਹਾ ਰਹਿ ਗਿਆ। ਨਵੀਂ ਮਾਂ ਨੂੰ 'ਮਾਂ' ਕਹਿਣ ਦਾ ਹੁਕਮ ਹੋਇਆ। ਪਰ ਮੈਨੂੰ ਕਦੇ ਆਪਣਾਪਣ ਮਹਿਸੂਸ ਨਾ ਹੋਇਆ ਤੇ ਨਾ ਹੀ ਨਵੀਂ ਮਾਂ ਨੇ ਮਹਿਸੂਸ ਕਰਵਾਇਆ। ਘਰ ਦੁਬਾਰਾ ਲੀਹ 'ਤੇ ਚੜ੍ਹ ਚੁੱਕਾ ਸੀ, ਪਰ ਮੈਂ ਉੱਥੇ ਦਾ ਉੱਥੇ ਹੀ ਰਿਹਾ। ਮੇਰੀ ਕਿਸੇ ਨੂੰ ਬਹੁਤੀ ਪਰਵਾਹ ਨਹੀਂ ਸੀ। ਕਿਸੇ ਦੇ ਵੀ ਵਿਹਾਰ 'ਚ ਮੇਰੇ ਲਈ ਅਪਣੱਤ ਨਾ ਰਹੀ। ਮੈਂ ਪਹਿਲਾਂ ਨਾਲੋਂ ਵੀ ਇਕੱਲਾ ਹੋ ਗਿਆ।

ਮੇਰੀ ਦੁਨਿਆਵੀ ਮਾਂ ਦੁਨੀਆ 'ਚ ਹੋ ਕੇ ਵੀ ਨਹੀਂ ਸੀ, ਤੇ ਮੇਰੀ ਮਰ ਚੁੱਕੀ ਮਾਂ ਮਰ ਕੇ ਵੀ ਮਰੀ ਨਹੀਂ ਸੀ। ਚੌਵੀ ਘੰਟੇ ਇੱਕ ਅਜੀਬ ਜਿਹੀ ਖੋਹ ਪੈਂਦੀ ਰਹਿੰਦੀ। ਭਰੇ ਸੰਸਾਰ 'ਚ ਇਕੱਲੇਪਣ ਦਾ ਅਹਿਸਾਸ ਕੋਈ ਮੇਰੇ ਤੋਂ ਬਿਹਤਰ ਮਹਿਸੂਸ ਨਹੀਂ ਕਰ ਸਕਦਾ। ਖ਼ੈਰ! ਸਮਾਂ ਬੀਤਿਆ ਤੇ ਸਾਡੇ ਘਰ 'ਚ ਕਿਲਕਾਰੀਆਂ ਗੂੰਜੀਆਂ। ਮੈਨੂੰ ਕਿਹਾ ਗਿਆ ਕਿ ਤੇਰਾ ਇੱਕ ਭਰਾ ਆਇਆ ਹੈ। ਸਭ ਦੇ ਨਾਲ-ਨਾਲ ਮੈਂ ਵੀ ਬੜਾ ਖ਼ੁਸ਼ ਹੋਇਆ ਕਿ ਮੈਨੂੰ ਇੱਕ ਸਾਥੀ ਮਿਲ ਚੁੱਕਾ ਸੀ। ਮਨ ਜਿਵੇਂ ਕਹਿ ਰਿਹਾ ਹੋਵੇ- ਹੁਣ ਤੇਰਾ ਇਕਲਾਪਾ ਖ਼ਤਮ। ਮੈਂ ਦੇਖਿਆ, ਉਹ ਬਹੁਤ ਸੋਹਣਾ ਤੇ ਕੋਮਲ ਸੀ। ਘਰ 'ਚ ਜਸ਼ਨ ਦਾ ਮਾਹੌਲ ਸੀ। ਦਾਦੀ ਖ਼ੁਸ਼ੀ 'ਚ ਕਮਲੀ ਹੋਈ ਫਿਰਦੀ ਸੀ ਤੇ ਮੇਰੇ ਪਿਓ ਨੂੰ ਜਿਵੇਂ ਕੋਈ ਸੌਗਾਤ ਮਿਲ ਗਈ ਹੋਵੇ। ਦੇਰ ਰਾਤ ਤੱਕ ਸ਼ਰਾਬ ਦਾ ਦੌਰ ਚੱਲਿਆ, ਪਰ ਮੈਂ ਇਸ ਖ਼ੁਸ਼ੀ ਦੇ ਦਿਨ ਵੀ ਅੱਖੋਂ ਪਰੋਖੇ ਹੀ ਰਿਹਾ। ਮੇਰੇ ਪਿਓ ਨੇ ਮੈਨੂੰ ਇੱਕ ਵਾਰ ਵੀ ਨਾ ਤੱਕਿਆ। ਮੇਰੀ ਕਿਸੇ ਨੂੰ ਕੋਈ ਪਰਵਾਹ ਨਹੀਂ ਸੀ।

ਮੇਰਾ ਨਵਾਂ ਜੰਮਿਆ ਭਰਾ ਹੁਣ ਇੱਕ ਸਾਲ ਦਾ ਹੋ ਚੁੱਕਾ ਸੀ। ਮਤਰੇਈ ਮਾਂ ਦੀ ਈਰਖਾ ਮੇਰੇ ਪ੍ਰਤੀ ਸਾਫ਼ ਝਲਕਦੀ ਸੀ। ਮੇਰੇ ਭਰਾ ਨੂੰ ਹਰ ਤਰ੍ਹਾਂ ਦਾ ਖਿਡੌਣਾ, ਕੱਪੜੇ, ਖਾਣ-ਪੀਣ ਦੀਆਂ ਵਸਤਾਂ ਮਿਲਦੀਆਂ। ਮੈਨੂੰ ਕਈ ਕੁਝ ਉਸ ਦਾ ਵਰਤਿਆ ਹੋਇਆ ਮਿਲਦਾ। ਮੈਂ ਉਸੇ ਵਿੱਚ ਹੀ ਖ਼ੁਸ਼ ਸੀ। ਮੈਨੂੰ ਸਿਰਫ਼ ਆਪਣੇ ਪਿਓ ਦੇ ਲਾਡ ਦੀ ਇੱਛਾ ਸੀ, ਉਹ ਵੀ ਨਾ ਮਿਲਦਾ। ਮੈਂ ਉਸ ਘਰ 'ਚ ਹੀ ਨਹੀਂ, ਪੂਰੀ ਦੁਨੀਆ 'ਚ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਨ ਲੱਗ ਪਿਆ ਸੀ। ਸਮੇਂ ਨੇ ਕਰਵਟ ਲਈ। ਮੇਰੀ ਦਾਦੀ ਰੱਬ ਨੂੰ ਪਿਆਰੀ ਹੋ ਗਈ ਤੇ ਹੁਣ ਤੱਕ ਮੈਂ ਹੋਸ਼ ਸੰਭਾਲ ਚੁੱਕਾ ਸੀ। ਦਾਦੀ ਦੇ ਜਾਣ ਤੋਂ ਬਾਅਦ ਮੇਰੀ ਮਤਰੇਈ ਮਾਂ ਘਰ ਦੀ ਮਾਲਕਣ ਬਣ ਗਈ। ਉਹ ਮੈਨੂੰ ਗੱਲ-ਗੱਲ 'ਤੇ ਘੂਰਦੀ ਤੇ ਮਤਰੇਆ ਹੋਣ ਦਾ ਅਹਿਸਾਸ ਕਰਵਾਉਂਦੀ ਰਹਿੰਦੀ। ਮੇਰੇ ਭਰਾ ਤੇ ਮੇਰੀ ਦੇਖਭਾਲ 'ਚ ਵੱਡਾ ਫ਼ਰਕ ਰੱਖਿਆ ਗਿਆ। ਉਸ ਨੂੰ ਉਸ ਦੀ ਪਸੰਦ ਦਾ ਖਾਣ-ਪੀਣ ਮਿਲਦਾ, ਮੈਨੂੰ ਬਚਿਆ-ਖੁਚਿਆ। ਮਾਂ ਉਸ ਨੂੰ ਨਹਾਉਂਦੀ-ਧਵਾਉਂਦੀ ਲਾਡ ਲਡਾਉਂਦੀ ਰਹਿੰਦੀ। ਮੈਂ ਉਮੀਦ ਨਾਲ ਆਪਣੇ ਪਿਓ ਵੱਲ ਦੇਖਦਾ, ਪਰ ਉਹ ਤਾਂ ਜਿਵੇਂ ਮੈਨੂੰ ਤਿਆਗ ਚੁੱਕਾ ਸੀ। ਮੇਰੇ ਅੰਦਰ ਖ਼ਲਾਅ ਵਧਦਾ ਗਿਆ। ਰੱਬ ਨੇ ਚੁੱਪ ਮੇਰੇ ਨਾਲ ਚਮੇੜ ਦਿੱਤੀ ਸੀ, ਜਿਸ ਨੂੰ ਮੈਂ ਤਾਉਮਰ ਨਾਲ ਲੈ ਕੇ ਚੱਲਿਆ।

ਹੁਣ ਮੈਂ ਤੇ ਮੇਰਾ ਭਰਾ ਜਵਾਨ ਹੋ ਚੁੱਕੇ ਸੀ। ਭਰਾ ਤਾਂ ਮੇਰਾ ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਕਾਲਜ ਪਹੁੰਚ ਚੁੱਕਿਆ ਸੀ, ਪਰ ਮੈਂ ਦਸਵੀਂ ਮਗਰੋਂ ਹੀ ਘਰ ਅਤੇ ਖੇਤੀ ਦੇ ਕੰਮਾਂ ਵਿੱਚ ਰੁੱਝ ਗਿਆ ਸੀ। ਇਹ ਸਾਰੇ ਕੰਮ ਮੇਰੇ ਸਿਰ 'ਤੇ ਸਨ। ਬਚਪਨ ਤੋਂ ਲੈ ਕੇ ਹੁਣ ਤੱਕ ਜੋ ਕੁਝ ਵਾਪਰਿਆ ਸੀ, ਮੈਂ ਉਦਾਸੀ ਦਾ ਆਦੀ ਹੋ ਚੁੱਕਾ ਸੀ ਤੇ ਮੈਨੂੰ ਬੇਗਾਨਾਪਣ ਮਹਿਸੂਸ ਹੋਣਾ ਬੰਦ ਹੋ ਗਿਆ ਸੀ।

ਅਖੀਰ ਸਾਡੇ ਘਰ 'ਚ ਖ਼ੁਸ਼ੀਆਂ ਦੁਬਾਰਾ ਵਾਪਸ ਆਈਆਂ। ਸਾਡਾ ਘਰ ਰਿਸ਼ਤੇਦਾਰਾਂ ਨਾਲ ਭਰਿਆ ਹੋਇਆ ਸੀ। ਅਸੀਂ ਸਾਰੇ ਰਿਸ਼ਤੇਦਾਰਾਂ ਦੀ ਸੇਵਾ-ਸੰਭਾਲ 'ਚ ਲੱਗੇ ਹੋਏ ਸਾਂ। ਘਰ 'ਚ ਜਸ਼ਨ ਦਾ ਮਾਹੌਲ ਸੀ। ਹੋਵੇ ਵੀ ਕਿਉਂ ਨਾ! ਮੇਰੇ ਭਰਾ ਦਾ ਵਿਆਹ ਸੀ ਤੇ ਅਗਲੇ ਦਿਨ ਬਰਾਤ ਚੜ੍ਹਨੀ ਸੀ।

ਦੂਜੇ ਦਿਨ ਸਵੇਰੇ ਮੇਰਾ ਪਿਓ ਮੈਨੂੰ ਦਿਨ ਦੇ ਕੰਮ ਸਮਝਾ ਕੇ ਆਪਣੇ ਪੁੱਤ ਨੂੰ ਵਿਆਹੁਣ ਲਈ ਰਵਾਨਾ ਹੋ ਗਿਆ। ਮੈਂ ਰੋਜ਼ਮਰ੍ਹਾ ਦੇ ਘਰੇਲੂ ਕੰਮਾਂ ਵਿੱਚ ਮਸਤ ਸੀ ਕਿ ਅਚਾਨਕ ਮੇਰੇ ਕੰਨਾਂ ਵਿੱਚ ਗੁਆਂਢੋਂ ਲੱਗਦੀਆਂ ਮੇਰੀਆਂ ਚਾਚੀਆਂ-ਤਾਈਆਂ ਦੀਆਂ ਆਵਾਜ਼ਾਂ ਪਈਆਂ, ਜੋ ਕਹਿ ਰਹੀਆਂ ਸਨ,

ਹਾਏ ਨੀ, ਮਾਂ ਵਾਹਰਾ ਐ ਨੀ ਵਿਚਾਰਾ..."

"ਇਹਨੇ ਕੀ ਵਿਗਾੜਿਆ ਸੀ ਰੱਬਾ ਤੇਰਾ..."

# ਘੁਲਾੜੀ 'ਤੇ ਰੱਬ

ਬਲਜੀਤ ਸਿੰਘ ਗੁਰਮ

"ਕਰਮ ਸਿਆਂ, ਰੱਬ ਦਾ ਨਾਂਅ ਲਿਆ ਕਰ, ਬਾਹਲੀਆਂ ਔਝੜਾਂ 'ਚ ਨਾ ਪਿਆ ਕਰ... ਦੇਖ ਲੈ ਤੇਰਾ ਬਾਪੂ ਕਿੰਨਾ ਭਜਨੀਕ ਸੀ, ਤਾਂ ਹੀ ਤਾਂ ਮਹਾਰਾਜ ਨੇ ਰੰਗ ਭਾਗ ਲਾਏ ਪਏ ਨੇ... ਕੋਈ ਘਾਟ ਆਈ ਐ ਕਦੇ।" ਕਰਮੂ ਦੇ ਬਾਪੂ ਕਰਤਾਰ ਸਿਉਂ ਦੀ ਮੇਰੇ ਬਾਪੂ ਨਾਲ ਬਹੁਤ ਲਿਹਾਜ਼ ਸੀ। ਉਨ੍ਹਾਂ ਦਾ ਪਿੰਡ ਰੁਪਾਲੋਂ, ਸਾਡੇ ਪਿੰਡ ਸੁਲਤਾਨਪੁਰ ਦੇ ਨੇੜੇ ਸੀ। ਖ਼ੁਸ਼ੀ-ਗਮੀ ਵਿੱਚ ਸ਼ਰੀਕ ਹੁੰਦੇ, ਡੰਗਰ ਵੱਛੇ ਅਤੇ ਖੇਤੀਬਾੜੀ ਦੇ ਸੰਦ ਸੰਦੇੜੇ ਦਾ ਲੈਣ ਦੇਣ ਕਰਦੇ ਸਨ, ਜਿਸ ਕਰ ਕੇ ਉਨ੍ਹਾਂ ਦਾ ਆਉਣ-ਜਾਣ ਬਣਿਆ ਰਹਿੰਦਾ ਸੀ, ਤਾਂ ਹੀ ਤਾਂ ਕਰਤਾਰ ਸਿਉਂ ਨੇ ਬਾਪੂ ਨੂੰ ਗੁੜਥੜੀ ਤੋਂ ਰਿਸ਼ਤਾ ਕਰਵਾਇਆ ਸੀ, ਜਿੱਥੇ ਉਹ ਆਪ ਵਿਆਹਿਆ ਹੋਇਆ ਸੀ।

ਕਪਾਹ ਦੀਆਂ ਛਟੀਆਂ ਦੀ ਝੌਂਪੜੀ ਵਿੱਚ ਕਰਮੂ ਭੂਰੀ ਦੀ ਬੁੱਕਲ ਮਾਰੀ ਗੋਡਿਆਂ ਵਿੱਚ ਸਿਰ ਦੇਈ ਬੈਠਾ ਸੀ, ਠੰਢ ਹਾਲੇ ਪੂਰੀ ਤਰ੍ਹਾਂ ਨਹੀਂ ਸੀ ਗਈ। ਕਰਮੂ ਹਮੇਸ਼ਾ ਧੋਤੀਨੁਮਾ ਚਾਦਰਾ, ਲੰਮਾ ਕੁੜਤਾ ਤੇ ਸਿਰ 'ਤੇ ਪਰਨਾ ਬੰਨ੍ਹ ਕੇ ਰੱਖਦਾ ਸੀ। ਅੱਜ ਘੁਲਾੜੀ 'ਤੇ ਸ਼ੱਕਰ ਬਣ ਰਹੀ ਸੀ। ਇਹ ਕੰਮ ਕੋਈ ਚੰਗਾ ਪਕਾਵਾ ਹੀ ਕਰਦਾ ਹੁੰਦਾ ਸੀ। ਬਾਪੂ ਸ਼ੱਕਰ ਤੇ ਗੁੜ ਪਕਾਉਣ ਦਾ ਮਾਹਿਰ ਸੀ।

"ਲੈ ਬਈ ਤਾਇਆ ਤੂੰ ਰੱਬ ਦੀ ਸੁਣ ਲੈ, ਕਰਮੂ ਨੇ ਗੋਡਿਆਂ ਵਿੱਚੋਂ ਸਿਰ ਉੱਪਰ ਵੱਲ ਚੁੱਕਦਿਆਂ ਕਿਹਾ।" ਬਾਪੂ ਨੇ 'ਹਾਂ' ਕਹਿ ਕੇ ਪਰਾਤ ਵਿੱਚ ਖੁਰਚਣਾ ਫੇਰਨਾ ਸ਼ੁਰੂ ਕਰ ਦਿੱਤਾ। ਹਾਲੇ ਪਰਸੋਂ ਚੌਥੇ ਦੀ ਗੱਲ ਐ ਤਾਇਆ ਬਰਸੀਨ ਸੁਕਾਉਂਦਾ ਸੀ। "ਮੈਂ ਕਿਹਾ ਚੱਲ ਪਾਣੀ ਫੇਰ ਦੇਨੇ ਆਂ, ਮੈਂ ਬੰਬਾ ਜੋੜ ਲਿਆ, ਸਾਂਝੀ ਨੱਕੀਂ ਚਲਿਆ ਗਿਆ, ਮੈਂ ਵੇਹਲਾ ਸਾਂ, ਮਖਾਂ ਚੱਲ ਅੱਜ ਰੱਬ ਦਾ ਨਾਂਅ ਈ ਲੈ ਲੈਨੇ ਆਂ।" ਤੂਤ ਥੱਲੇ ਮੰਜੀ ਪਈ ਸੀ, ਮੈਂ ਚੱਪ ਮਾਰ ਕੇ ਬਹਿ ਗਿਆ। "ਲੈ ਬਈ ਤਾਇਆ ਪੱਕ ਮੰਨੀ ਮੈਂ ਹਾਲੇ ਵਾਹਿਗੁਰੂ ਹੀ ਕਿਹਾ ਸੀ ਕਿ ਅਜਿਹਾ ਭਾਣਾ ਵਰਤਿਆ, ਚੰਗੇ ਭਲੇ ਚਲਦੇ ਇੰਜਣ ਦਾ ਪਟਾ ਟੁੱਟ ਗਿਆ।" ਮੈਂ ਕਿਹਾ 'ਲੈ ਹੋਰ ਲੈ ਲਓ ਰੱਬ ਦਾ ਨਾਂਅ', ਕਰਮੂ ਨੇ ਹੱਥ 'ਤੇ ਹੱਥ ਮਾਰਦਿਆਂ ਹੱਸਦੇ ਹੋਏ ਮੂੰਹ ਫਰ ਗੋਡਿਆਂ ਵਿੱਚ ਦੇ ਲਿਆ।

ਬਾਪੂ ਨੇ ਸ਼ੱਕਰ ਬਣਾਉਣ ਲਈ ਪਰਾਤ ਵਿਚਾਲੇ, ਮਾਲ ਦੀ ਇੱਕ ਥਾਂ ਢੇਰੀ ਲਾ ਲਈ। ਹੁਣ ਉਸ ਨੂੰ ਕੁਝ ਦੇਰ ਰੁਕਣਾ ਪੈਣਾ ਸੀ ਕਿਉਂਕਿ ਹੁਣ ਇਸ ਨੂੰ ਹੱਥਾਂ ਨਾਲ ਮਲ-ਮਲ ਕੇ ਸ਼ੱਕਰ ਬਣਾ ਲੈਣੀ ਸੀ। ਬਾਪੂ ਕਰਮੂ ਦੀ ਗੱਲ ਸੁਣ ਕੇ ਥੋੜ੍ਹਾ ਹੱਸਿਆ, "ਚੱਲ ਭਾਈ ਤੇਰੀ ਮਰਜ਼ੀ ਐ, ਮੈਂ ਤਾਂ ਐਂ ਕਹਿਨਾ ਵੀ ਰੱਬ ਦਾ ਨਾਂਅ ਜ਼ਰੂਰ ਲੈਣਾ ਚਾਹੀਦੈ।" ਝੋਕਾ ਲਾਉਣ ਵਾਲਾ ਭਗਤੂ ਵੀ ਹੀਂ-ਹੀਂ ਕਰ ਕੇ ਹੱਸਿਆ ਤੇ ਮੁੜ ਭੱਠੀ ਵਿੱਚ ਪੱਤੀ ਦਾ ਝੋਕਾ ਤੁੰਨਣ ਲੱਗ ਪਿਆ।

ਬਾਪੂ ਰੱਬ ਵਾਲੀ ਗੱਲ ਛੱਡ ਕੇ ਬੈਠ ਗਿਆ ਤੇ ਸ਼ੱਕਰ ਮਲਣ ਲੱਗ ਪਿਆ। "ਆ ਜਾ ਬਈ ਕਰਮ ਸਿਹਾਂ, ਦੇਖ ਤਾਂ ਠੀਕ ਬਣੀ ਐ ਸ਼ੱਕਰ?" ਕਰਮੂ ਖਿਸਕ ਕੇ ਪਰਾਤ ਕੋਲ ਆ ਗਿਆ। "ਰੰਗ ਤਾਂ ਜਮਾਂ ਚਿੱਟਾ ਪਿਆ ਤਾਇਆ, ਸ਼ੱਕਰ ਬਹੁਤ ਸੁਆਦ ਆ।" ਉਸ ਨੇ ਦੋ ਕੁ ਰੋੜੀਆਂ ਸ਼ੱਕਰ ਦੀਆਂ ਮੂੰਹ ਵਿੱਚ ਪਾਉਂਦਿਆਂ ਕਿਹਾ। ਬਾਪੂ ਦੱਸਦਾ ਹੁੰਦਾ ਸੀ ਬਈ ਤਾਏ ਵਰਗਾ ਪਕਾਵਾ ਨਹੀਂ ਦੇਖਣਾ ਕਿਤੇ। ਅਗਲੀ ਚਾਸ਼ਣੀ ਉਬਾਲਾ ਲੈ ਚੁੱਕੀ ਸੀ। ਬਾਪੂ ਮੈਲ ਛਾਨਣ ਵਾਲੀ ਝਰਨੀ ਲੈ ਕੇ ਉੱਬਲ ਰਹੇ ਰਸ ਵਾਲੇ ਕੜਾਹੇ ਵਿੱਚ ਫੇਰਨ ਲੱਗ ਪਿਆ। ਬਲਦਾਂ ਵਾਲੀ ਘੁਲਾੜੀ ਲਗਾਤਾਰ ਚੱਲ ਰਹੀ ਸੀ। ਘੁਲਾੜੀ ਤੋਂ ਕੁਝ ਹੀ ਦੂਰੀ 'ਤੇ ਦਿਹਾੜੀਏ ਨੇ ਗੰਨੇ ਵੱਢ-ਵੱਢ ਗਰਨਾਂ ਲਾ ਦਿੱਤੀਆਂ ਸਨ। ਬੇਬੇ ਆਪਣੇ ਨਾਲ ਹੋਰ ਦੋ-ਤਿੰਨ ਔਰਤਾਂ ਨੂੰ ਪਿੰਡੋਂ ਨਾਲ ਲੈ ਕੇ ਗੰਨੇ ਘੜਨ ਲੱਗੀ ਹੋਈ ਸੀ।

ਘੁਲਾੜੀ ਵਿੱਚ ਗੰਨੇ ਲਾਉਣ ਲਈ ਮੇਰਾ ਤਾਇਆ ਲੱਗਾ ਹੋਇਆ ਸੀ। ਉਹ ਤੋਰ ਲੈ ਇਨ੍ਹਾਂ ਨੂੰ ਭੋਰਾ ਅਗਾਂਹ, ਤਾਏ ਨੇ ਬਲਦ ਹੱਕਣ ਵਾਲੇ ਦਿਹਾੜੀਏ ਨੂੰ ਉੱਚੀ ਆਵਾਜ਼ ਵਿੱਚ ਕਿਹਾ। ਹਾਕ ਸੁਣਦਿਆਂ ਹੀ ਉਸ ਨੇ ਬਲਦਾਂ ਦੇ ਦੋ ਪਰਾਣੀਆਂ ਜੜ ਦਿੱਤੀਆਂ। ਬਲਦਾਂ ਨੇ ਕਾਫੀ ਤੇਜ਼ੀ ਫੜ ਲਈ।" ਬੱਸ ਹੁਣ ਕਾਇਮ ਕਰ ਕੇ ਰੱਖੀਂ ਇਨ੍ਹਾਂ ਨੂੰ, ਤਾਂ ਹੀ ਆਥਣ ਤੱਕ ਆਹ ਗਰਨਾਂ ਪੀੜ ਹੋਣਗੀਆਂ। ਉੱਤੋਂ ਬੱਦਲਵਾਈ ਵੀ ਲੱਗਦੀ ਆ, ਕਸ ਕੇ ਰੱਖ ਬਲਦਾਂ ਨੂੰ।" "ਉਹ ਮਖਾਂ ਤੂੰ ਫਿਕਰ ਨਾ ਕਰ ਲਾਣੇਦਾਰਾ, ਮੈਂ ਤਾਂ ਲਿਆ ਦੂੰ ਨ੍ਹੇਰੀ।" ਉਹਨੇ ਇੱਕ-ਇੱਕ ਪਰਾਣੀ ਬਲਦਾਂ ਨੂੰ ਹੋਰ ਜੜ ਦਿੱਤੀ। "ਕਰਮ ਸਿਆਂ, ਸ਼ੁਕਰ ਕਰ ਪਟਾ ਤੇਰੇ ਮੂੰਹ ਸਿਰ 'ਤੇ ਨਹੀਂ ਲੱਗਿਆ, ਭਾਈ, ਤੈਂ ਵਾਹਿਗੁਰੂ ਕਿਹਾ, ਤਾਂ ਹੀ ਬਚਾਅ ਹੋ ਗਿਆ ਹੋਵੇ।" "ਤਾਇਆ, ਬਚਾਓ ਤਾਂ ਜ਼ਰੂਰ ਹੋ ਗਿਆ, ਇੱਕ ਨੱਟ ਜਿਹਾ, ਜਮਾਂ ਕੋਲੋਂ ਦੀ ਲੰਘਿਆ ਸੀ, ਪਰ ਬਚਾਅ ਹੋ ਗਿਆ।" "ਕਰਮਿਆਂ ਉਹਦੀਆਂ ਓਹੀ ਜਾਣਦਾ, ਅੱਖਾਂ ਵਿੱਚ ਧੂੰਆਂ ਪੈਣ ਕਾਰਨ, ਭਗਤੂ ਅੱਖਾਂ ਮਲਦੇ ਹੋਏ ਬੋਲਿਆ।" "ਗੱਲ ਤੇਰੀ ਠੀਕ ਐ, ਭਗਤਿਆ।" ਕਰਮੂ ਨੇ ਭਗਤੂ ਵੱਲ ਝਾਕਦਿਆਂ ਕਿਹਾ। ਤਾਇਆ, ਕਾਹਲੀ-ਕਾਹਲੀ ਗੰਨੇ ਘੁਲਾੜੀ ਦੇ ਵੇਲਣਿਆਂ ਵਿੱਚ ਧੱਕ ਰਿਹਾ ਸੀ। ਰੌਹ ਦੀ ਧਾਰ ਹੁਣ ਕਾਫੀ ਮੋਟੀ ਵਹਿ ਰਹੀ ਸੀ। ਗੰਨੇ ਘੜਨ ਉਪਰੰਤ ਬਚੀ ਹੋਈ ਪੱਤੀ ਦੀਆਂ ਭਰੀਆਂ ਵੀ ਝੋਕਾ ਲਾਉਣ ਲਈ ਲਿਆਂਦੀਆਂ ਜਾ ਰਹੀਆਂ ਸਨ। ਪੱਤੀ ਦੀਆਂ ਭਰੀਆਂ ਢੋਣ ਵਾਲਾ ਦਿਹਾੜੀਆ ਕੁਝ ਚਿਰ ਬਾਅਦ ਵੇਲਣੇ ਦੇ ਪਿੱਛੇ ਰੱਖੇ ਤੱਥੇ ਹਟਾਉਣ ਲਈ ਕਾਊਂ ਨਾਲ ਖਿੱਚ ਕੇ ਵੱਡੇ ਟੋਕਰੇ ਵਿੱਚ ਭਰ ਦਿੰਦਾ ਸੀ ਤੇ ਥੋੜ੍ਹੀ ਦੂਰ ਸੁੱਕਣ ਲਈ ਬਿਖੇਰ ਦਿੰਦਾ ਸੀ। ਇੱਕ ਦੋ ਦਿਨਾਂ ਬਾਅਦ ਹੀ ਇਹ ਖੋਈ (ਭੱਠੀ) ਬਹਿਣੀ ਵਿੱਚ ਜਲਾਉਣ ਦੇ ਕੰਮ ਆਉਂਦੀ ਸੀ। ਗੁੜ ਦੀ ਖ਼ੁਸ਼ਬੂ ਆਲੇ-ਦੁਆਲੇ ਦੇ ਖੇਤਾਂ ਵਿੱਚ ਫੈਲ ਜਾਂਦੀ ਸੀ। ਕਈ ਰਾਹਗੀਰ, ਗਰਮ-ਗਰਮ ਗੁੜ ਖਾਣ ਦਾ ਸੁਆਦ ਚੱਖਣ ਲਈ ਘੁਲਾੜੀ 'ਤੇ ਆ ਜਾਂਦੇ ਸਨ। "ਤਾਇਆ ਬੋਤਾ ਲਿਆਵਾਂ? ਬਲਦ ਹੱਕਣ ਦੀ ਲੋੜ ਨ੍ਹੀਂ ਪੈਣੀ, ਬਸ ਖੋਪੇ ਲਾ ਕੇ ਇੱਕ ਸ਼ਮਕੀ ਮਾਰ ਦੇਈਂ, ਭਵਾਂ ਸਾਰੀ ਦਿਹਾੜੀ ਚਲਾਈ ਜਾਂਈ ਫੇਰ, ਕਰਮੂ ਨੇ ਬਲਦਾਂ ਦੀ ਢਿੱਲੀ ਚਾਲ ਦੇਖਦਿਆਂ ਕਿਹਾ।" "ਨਾ-ਨਾ ਬੀਰ, ਜਿਊਂਦਾ ਵਸਦਾ ਰਹਿ, ਐਤਕੀ ਇੱਖ ਥੋੜ੍ਹਾ ਹੀ ਬੀਜਿਆ, ਬਸ ਆਹ ਦੋ ਚੌਂਹ ਦਿਨਾ ਤੱਕ ਪੀੜਿਆ ਜਾਣਾ।"

"ਤਾਇਆ ਖੰਡ ਵੀ ਪਾ ਲਈਂ ਦੋ ਢੋਲ, ਇਹ ਰੇਤੇ ਦਾ ਇੱਖ ਹੈ, ਸ਼ੀਰੇ 'ਚ ਕਣ ਬਹੁਤ ਹੁੰਦਾ।" "ਹਾਂ-ਹਾਂ ਮਗਰੋਂ ਜਾ ਕੇ ਦੋ ਢੋਲ ਪਾਵਾਂਗੇ ਨਾਲੇ ਲਾਟ ਦਾ ਗੁੜ ਬਣ ਜੂ, ਡੰਗਰਾਂ ਖਾਤਰ ਚੰਗਾ ਹੁੰਦਾ", ਬਾਪੂ ਨੇ ਹਾਮੀ ਭਰਦਿਆਂ ਕਿਹਾ। "ਆਹੋ ਨਾਲੇ ਖੰਡ ਵੀ ਇੱਥੇ ਦੀ ਜਮਾਂ ਚਿੱਟੀ ਨਿਕਲਦੀ ਆ", ਕਹਿ ਕੇ ਕਰਮੂ ਢਾਕਾਂ 'ਤੇ ਹੱਥ ਰੱਖ ਕੇ ਖੜ੍ਹ ਗਿਆ। ਸ਼ਾਇਦ ਉਸ ਨੂੰ ਗੀੜ੍ਹ ਦੀ ਹੱਡੀ ਦੀ ਕੋਈ ਤਕਲੀਫ਼ ਸੀ। ਉਹ ਸਿੱਧਾ ਖੜ੍ਹ ਨਹੀਂ ਸਕਦਾ ਸੀ, ਦੋਵੇਂ ਹੱਥ ਪਿੱਠ 'ਤੇ ਟਿਕਾ ਕੇ ਝੁਕ ਕੇ ਚੱਲਦਾ ਸੀ। "ਚੰਗਾ ਬਈ ਤਾਇਆ ਫੇਰ ਮੈਂ ਤਾਂ ਚਲਦਾਂ ਹੁਣ।" "ਉਹ ਬਹਿ ਜਾ ਕਰਮ ਸਿਆਂ, ਦੁਪਹਿਰ ਦੀ ਰੋਟੀ ਆਉਣ ਵਾਲੀ ਹੈ। ਖਾ ਕੇ ਜਾਈਂ।" "ਬਈ ਨਹੀਂ ਤਾਇਆ, ਜਾ ਕੇ ਡੰਗਰਾਂ ਦਾ ਵੀ ਔਹੜ ਪੌਹੜ ਕਰਨਾ।" "ਆਹ ਗਲਾਸ ਰੌਹ ਦਾ ਪੀ ਲੈ ਫੇਰ।" "ਬਈ ਨਹੀਂ," ਕਹਿ ਕੇ ਕਰਮੂ ਡੰਡੀ-ਡੰਡੀ ਰੁਪਾਲੋਂ ਵਾਲੇ ਪਹੇ ਵੱਲ ਤੁਰ ਪਿਆ।

ਬਾਪੂ ਨੇ ਸਾਰੀ ਸ਼ੱਕਰ, ਨਾਲ ਹੀ ਵਿਛਾਏ ਹੋਏ ਦੌਲੇ ਵਿੱਚ ਪਲਟ ਦਿੱਤੀ ਤੇ ਪਰਾਤ ਵਿਹਲੀ ਕਰ ਦਿੱਤੀ ਤੇ ਅਗਲੀ ਚਾਸ਼ਣੀ ਦੇਖਣ ਲਈ ਕੜਾਹੇ ਕੋਲ ਆ ਗਿਆ। "ਚਾਸ਼ਣੀ ਤਾਂ ਹਾਲੇ ਥੱਲੇ ਬੈਠੀ ਪਈ ਐ। ਝੋਕਾ ਤੇਜ਼ ਰੱਖ ਭੋਰਾ", ਬਾਪੂ ਨੇ ਭਗਤੂ ਵੱਲ ਵੇਖ ਕੇ ਕਿਹਾ। "ਲਾਣੇਦਾਰਾ, ਝੋਕਾ ਤਾਂ ਮੈਂ ਬਥੇਰਾ ਲਾਈ ਜਾਨਾਂ, ਪਰ ਆਹ ਪੱਤੀ ਭੋਰਾ ਨਰਮ ਐ, ਅੱਗ ਪੈਂਦੀ ਨ੍ਹੀ ਚੰਗੀ ਤਰ੍ਹਾਂ। ਐਂ ਕਰ, ਝਰਨੇ 'ਚ ਆਹ ਸਰੀਆ ਮਾਰ।" ਭਗਤੂ, ਕੋਲ ਪਿਆ ਸਰੀਆ ਉਠਾ ਕੇ ਝਰਨੇ ਵਿੱਚ ਮਾਰਨ ਲੱਗ ਪਿਆ। "ਨਾਲੇ ਪਿੱਛੇ ਜਾ ਕੇ ਬਹਿਣੀ 'ਚੋਂ ਸਾਈ ਪਿਛਾਂਹ ਖਿੱਚਦੇ, ਭੱਠੀ ਨੂੰ ਸਾਹ ਤਾਂ ਆਉਂਦਾਨ੍ਹੀਂ ਅੱਗ ਕਿਵੇਂ ਜਲੂ ਭਾਈ।" ਭਗਤੂ ਨੇ ਹੁਣ ਉੱਠ ਕੇ ਬਹਿਣੀ ਵਿੱਚੋਂ ਫੌਹੜੇ ਨਾਲ ਸੁਆਹ ਵੀ ਖਿੱਚ ਦਿੱਤੀ ਤੇ ਮੁੜ ਝੋਕਾ ਲਾਉਣ ਲੱਗ ਪਿਆ। "ਲਾਣੇਦਾਰਾ ਹੁਣ ਦੇਖ ਲੂੰਹਬੇ 'ਚੋਂ ਕਿਵੇਂ ਅੱਗ ਲਟਾ ਲੱਟ ਨਿਕਲਦੀ ਆ। ਨਾਲੇ, ਕੜਾਹਾ ਵੀ ਦੇਖ ਹੁਣ ਕਿਵੇਂ ਉਬਾਲੇ ਮਾਰਦਾ।" ਭਗਤੂ ਹੋਰ ਜ਼ੋਰ ਨਾਲ ਭੱਠੀ ਵਿੱਚ ਪੱਤੀ ਤੁੰਨਣ ਲੱਗ ਪਿਆ। ਬਾਪੂ ਮੁੜ ਸ਼ੱਕਰ ਕੋਲ, ਪਏ ਦੌਲੇ ਵਿੱਚ ਸ਼ੱਕਰ ਪਲਟਣ ਲੱਗ ਪਿਆ। ਨਾਲ ਵਾਲੇ ਖੇਤ ਵਾਲਾ ਗੇਲਾ ਗੰਨਾ ਚੂਪਦਾ ਹੋਇਆ ਬਾਪੂ ਕੋਲ ਆ ਖਲੋਇਆ। "ਸ਼ੱਕਰ ਪੈਂਦੀ ਐ ਚਾਚਾ।" "ਹਾਂ ਭਾਈ, ਆਜਾ ਬਹਿ ਜਾ, ਸ਼ੱਕਰ ਖਾ ਲੈ।" "ਨਹੀਂ ਮੈਂ ਤਾਂ ਨੱਕੀ ਆਂ, ਹਲਟ ਚੱਲਦੈ, ਬਰਸੀਮ ਨੂੰ ਪਾਣੀ ਪੈਂਦਾ, ਸੋਚਿਆ ਘੁਲਾੜੀ 'ਤੇ ਗੇੜਾ ਲਾ ਆਵਾਂ," ਗੇਲੇ ਨੇ ਆਉਂਦਿਆਂ ਹੀ ਕੜਾਹੇ ਨਾਲ ਪਈ ਝਰਨੀ ਚੁੱਕ ਲਈ ਤੇ ਮੈਲ ਕੱਟਣ ਲੱਗ ਪਿਆ। "ਚਾਚਾ, ਐਤਕੀ ਤਾਂ ਰੱਬ ਨੇ ਮੀਂਹ ਨ੍ਹੇਰੀ ਤੋਂ ਬਚਾਅ ਰੱਖਿਆ।" "ਆਹੋ ਭਾਈ, ਰੱਬ ਕਰੇ ਅਗਾਂਹ ਵੀ ਠੀਕ ਹੀ ਰੱਖੇ, ਸੁਖ ਨਾਲ ਕਣਕਾਂ ਵੀ ਨਿਸਰ ਪਈਆਂ।" ਭਗਤੂ ਕੜਾਹੇ ਦੀ ਭਾਫ 'ਚੋਂ ਉੱਪਰ ਮੂੰਹ ਕੱਢ ਕੇ ਜ਼ੋਰ ਦੀ ਹੱਸਿਆ। ਸ਼ਾਇਦ ਉਸ ਨੂੰ ਕਰਮੂ ਦੀ ਰੱਬ ਵਾਲੀ ਗੱਲ ਫਿਰ ਯਾਦ ਆ ਗਈ ਹੋਵੇਗੀ।

# ਕਾਵਿ ਸੰਸਾਰ

## ਕਿੱਕਰ
**ਮਨਜੀਤ ਸਿੰਘ ਬੱਧਣ**



ਸੁਣ ਰਾਹੀਆ ਵੇ ਦੂਰ ਦਿਆ, ਝੱਲਿਆ ਓਏ ਕਿਸੇ ਸਰੂਰ ਦਿਆ।
ਦੂਰੋਂ ਤੁਰਦਾ ਆਇਓਂ ਦੂਰ ਹੈ ਜਾਣਾ, ਵਿੱਛੜਿਓਂ ਕਿਸੇ ਪੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ.....
ਰਾਹ ਤਾਂ ਰਾਹ ਹੀ ਹੋਵਣ, ਤੁਰਦੇ ਕਦਮਾਂ ਦੇ ਭਾਰ ਪਏ ਢੋਹਵਣ।
ਮੇਰਾ ਬੱਸ ਇਹੋ ਟਿਕਾਣਾ, ਵਾਸੀਆ ਲੁਦਿਹਾਣੇ ਮਸ਼ਹੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਕੁਝ ਪਲ ਮੇਰੇ ਕੋਲ ਬਹਿ ਜਾ, ਕੁਝ-ਕੁਝ ਸੁਣ ਜਾ ਕੁਝ ਕਹਿ ਜਾ।
ਸਮਾਂ ਕਿਸੇ ਤੋਂ ਠੱਲ੍ਹ ਨਾ ਹੋਣਾ, ਤੁਰ ਗਏ ਪਲਾਂ ਨੂੰ ਐਵੇਂ ਝੂਰਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਮੈਨੂੰ ਕਿੱਕਰ ਕੰਡਿਆਲੀ ਹੀ ਨਾ ਜਾਣ, ਖੜ੍ਹਾਂ ਫੁੱਲਾਂ ਦਾ ਛਤਰ ਤਾਣ।
ਮੇਰੇ 'ਤੇ ਆ ਫਸੀਆਂ, ਉੱਡ-ਉੱਡ ਆਈਆਂ ਲੀਰਾਂ ਨੂੰ ਘੂਰਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਰੱਬ ਡਾਢਾ ਇਹ ਖੇਡ ਬਣਾਵੇ, ਕਿਸੇ ਨੂੰ ਖੰਭ ਕਿਸੇ ਨੂੰ ਜੜ੍ਹ ਲਗਾਵੇ।
ਬਣਾ ਆਦਮ ਉਸਨੂੰ ਉੱਤਮ ਜਾਤ ਸਜਾਵੇ, ਅੰਸ਼ਾ ਵੇ ਉਸ ਨੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ.......
ਵਸ ਹੋਵੇ ਇਹ ਸੂਲਾਂ ਫੁੱਲ ਕਰਾਂ, ਚੱਲ ਅਸੀਸਾਂ ਹੀ ਤੇਰੇ ਸਿਰ ਧਰਾਂ।
ਰੱਬ ਭਾਗ ਲਾਵੇ, ਦੁੱਖ ਨਾ ਦਿਖਾਵੇ, ਬੰਨਿਆ ਵੇ ਬੰਨੜੀ ਹੂਰ ਦਿਆ,
ਸੁਣ ਰਾਹੀਆ ਵੇ ਦੂਰ ਦਿਆ......

## .ਗ਼ਜ਼ਲ
**ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'**

ਮੈਂ ਤਾਂ ਹਰ ਪ੍ਰਭਾਤ ਤੇਰੇ ਨਾਂ, ਤੇ ਦਿਲਬਰ ਹਰ ਸ਼ਾਮ ਕਰੀ ਏ,
ਪਰ ਤੂੰ ਤੇ ਮੇਰੀ ਹਰ ਕੋਸ਼ਿਸ਼, ਠੁਕਰਾ ਕੇ ਨਾਕਾਮ ਕਰੀ ਏ।
ਮੈਂ ਬਣਿਆ ਖਿਦਮਤਗਾਰ ਰਿਹਾ, ਪਿਆਰ ਕਹਾਂ ਕੀ ਨਾਮ ਦਿਆਂ,
ਮੇਰੀ ਹਸਤੀ ਏਸ ਗੁਨਾਹ ਨੇ, ਕਿਉਂ ਯਾਰਾ ਬਦਨਾਮ ਕਰੀ ਏ।
ਕਿੰਝ ਮੁਆਫ਼ ਕਰਾਂ ਦੱਸ ਤੈਨੂੰ, ਲੋਕਾਂ ਦੀ ਵੀ ਕਿੰਝ ਸੁਣਾਂ,
ਮੈਂ ਤਾਂ ਪਹਿਲੀ ਨਜ਼ਰੇ ਧੜਕਣ, ਤੇਰੇ ਹੀ ਤਾਂ ਨਾਮ ਕਰੀ ਏ।
ਬੇਵਫ਼ਾ ਆਖਣ ਲੋਕ ਜਦੋਂ ਵੀ, ਸਹੁੰ ਤੇਰੀ ਮੈਂ ਮਰ ਜਾਵਾਂ,
ਜਾਨ, ਇਬਾਦਤ ਤੂੰ, ਤੈਨੂੰ ਹੀ, ਮੈਂ ਤਾਂ ਇਸ਼ਕ ਸਲਾਮ ਕਰੀ ਏ।
ਤੂੰ ਖ਼ੁਸ਼ ਰਹੇ, ਤੇਰੀ ਦੁਨੀਆ ਵੱਸੇ, ਦਰਦ ਤੇ ਹਉਕੇ ਮੇਰੇ ਪੱਲੇ,
ਤੇਰੀ ਹਰ ਪਰਵਾਜ਼ ਲਈ, ਮੈਂ ਨਿੱਤ ਦੁਆ ਤਮਾਮ ਕਰੀ ਏ।
ਮਨਫ਼ੀ ਹੋ ਕੇ ਵਿਚਰ ਰਿਹਾ ਤੇ, 'ਬਾਲੀ' ਦਮ ਦਮ ਮਰਦਾ ਏ,
ਸ਼ਾਇਰ ਹੋ ਸ਼ਖ਼ਸੀਅਤ ਆਪਣੀ, ਅੜਿਆ ਮੈਂ ਬੇ-ਨਾਮ ਕਰੀ ਏ।
ਜਿਸ ਸ਼ਖ਼ਸ ਕਰੀ ਤੌਹੀਨ ਤੇਰੀ, ਮੇਰੇ ਹੀ ਹੱਕ 'ਚ ਖੜ੍ਹੋ ਕੇ,
ਦਿਲ ਤੋਂ 'ਬਾਲੀ' ਨੇ ਵੀ ਨਾ, ਉਸ ਦੇ ਨਾਲ ਕਲਾਮ ਕਰੀ ਏ।

## ਪੰਛੀ
**ਨਾਇਬ ਸਿੰਘ ਬੁੱਕਣਵਾਲ**

ਇਹ ਠੰਢੀਆਂ-ਠੰਢੀਆਂ ਹਵਾਵਾਂ
ਇਨ੍ਹਾਂ ਦਾ ਗੀਤ ਬਣਾਵਾਂ
ਬਣ ਕੇ ਮੈਂ ਇੱਕ ਪੰਛੀ
ਕਿਧਰੇ ਨੂੰ ਉੱਡ ਜਾਵਾਂ
ਪੰਛੀਆਂ ਦਾ ਰੌਲਾ ਪਾਉਣਾ
ਸਿੱਖ ਲਵਾਂ ਇਨ੍ਹਾਂ ਤੋਂ ਜਿਉਣਾ
ਜੋ ਛਲ ਕਪਟ ਨਾ ਕਰਦੇ
ਫਿਰ ਵੀ ਨੇ ਢਿੱਡ ਭਰਦੇ
ਇਹ ਸੂਰਜ ਜੋ ਨਿੱਤ ਚੜ੍ਹਦਾ
ਨਾ ਕੋਈ ਸਕੀਮਾਂ ਘੜਦਾ
ਸਾਰਾ ਦਿਨ ਇਹ ਤਪ ਕੇ
ਚਾਨਣ ਵੰਡਦਾ ਹੱਸ ਕੇ
ਇਹ ਚੰਦ ਅਤੇ ਜੋ ਤਾਰੇ
ਦੱਸੋ ਕੀਹਨੂੰ ਨਹੀਂ ਪਿਆਰੇ
ਨਿੱਤ ਕੰਮ 'ਚ ਰਹਿੰਦੇ ਲੱਗੇ
ਨਾ ਥੱਕੇ ਨਾ ਹਾਰੇ
ਇਹ ਕਾਲੀ ਰਾਤ ਵੀ ਆ ਕੇ
ਜਾਂਦੀ ਹੈ ਕੁਝ ਸਮਝਾ ਕੇ
ਰੁਕਣਾ ਵੀ ਬਹੁਤ ਜ਼ਰੂਰੀ
ਨਾ ਬਹਿ ਜਾਇਓ ਸਭ ਗੁਆ ਕੇ।



## ਮਾਂ



ਮਾਂ ਮੇਰੀ ਨੇ ਦਰਦ ਹੰਢਾਇਆ,
ਪਰ ਨਾ ਹੰਝੂ ਇੱਕ ਵਹਾਇਆ।
ਲਾ ਬਾਪੂ ਦੇ ਮੋਢੇ ਮੋਢਾ,
ਧਰਤੀ ਉੱਤੇ ਹਲ਼ ਚਲਾਇਆ।
ਤਿੱਖੜ ਦੁਪਹਿਰੇ ਪੋਹ ਦੀਆਂ ਰਾਤਾਂ,
ਭੋਰਾ ਨਾ ਸਿਦਕ ਡੁਲਾਇਆ।
ਕੁੱਛੜ ਚੁੱਕ ਕੇ ਬਾਲ ਅੰਞਾਣੇ,
ਚੋਗਾ ਚੁਗ ਕੇ ਮੂੰਹ ਵਿੱਚ ਪਾਇਆ।
ਅੱਖਰੋਂ ਬੇਸ਼ੱਕ ਆਪ ਵਿਹੂਣੇ,
ਪਰ ਬੱਚਿਆਂ ਨੂੰ ਖ਼ੂਬ ਪੜ੍ਹਾਇਆ।
ਕੋਰੇ ਲੇਖ ਲਿਖੇ ਨਾਲ ਮਿਹਨਤ,
ਤੇ ਸੱਚ ਦਾ ਦੀਪ ਜਗਾਇਆ।
ਸ਼ਿਕਵੇ ਕਰਨ ਬੇਹਿੰਮਤੇ ਲੋਕੀਂ,
ਇਨ੍ਹਾਂ ਨੂੰ ਹਿੰਮਤੀ ਰੱਬ ਬਣਾਇਆ।
ਤੀਲ੍ਹਾ ਤੀਲ੍ਹਾ ਜੋੜ ਦੋਵਾਂ ਨੇ,
ਘਰ ਵਿੱਚ ਸਵਰਗ ਵਸਾਇਆ।
ਦੁੱਖਾਂ ਦੇ ਵਿੱਚ ਉਮਰ ਲੰਘਾਈ,
ਹੁਣ ਸੁਖ ਦਾ ਸਾਹ ਸੀ ਆਇਆ।
ਰੱਬ ਵਰਗੀ ਮੈਂ ਮਾਂ ਮੇਰੀ ਲਈ,
ਇੱਕ ਸੁਪਨ ਮਹਿਲ ਸਜਾਇਆ।
ਕੁੱਲ ਜਹਾਨ ਦਾ ਸੁਖ ਸੀ ਮਾਂ ਦੇ,
ਮੈਂ ਪੈਰਾਂ ਹੇਠ ਵਸਾਇਆ।
ਸਭ ਕੁਝ ਖੁੱਸਿਆ ਸੁਪਨੇ ਟੁੱਟੇ,
ਮਹਿਲ ਪਲਾਂ ਵਿੱਚ ਢਾਇਆ।
ਮੇਰੀ ਰਹਿਬਰ ਮਾਂ ਸਾਡੀ ਨੂੰ,
ਰੱਬ ਨੇ ਕੋਲ ਬੁਲਾਇਆ।
ਭੋਰਾ ਤਰਸ ਤਾਂ ਕਰਦਾ ਰੱਬਾ,
ਇਹ ਕੀ ਕਹਿਰ ਕਮਾਇਆ।
ਬਸ ਪੱਲੇ ਰਹਿ ਗਿਆ ਮਾਏ,
ਹੁਣ ਯਾਦਾਂ ਦਾ ਸਰਮਾਇਆ।
ਕੁਦਰਤ ਆਪਣੀ ਗੋਦ 'ਚ ਲੈ ਗਈ,
ਇੱਕ ਫੁੱਲਾਂ ਭਰੀ ਕਿਆਰੀ।
ਤਾਹੀਓਂ ਰੱਬ ਬੁਲਾਇਆ ਕੋਲੇ,
ਮੇਰੀ ਮਾਂ ਸੀ ਬੜੀ ਪਿਆਰੀ।

**ਸੁਰਜੀਤ ਅਰਮਾਨ**

## ਦੋਹੇ
**ਪ੍ਰਸ਼ੋਤਮ ਪੱਤੋ**

ਨਵੀਂ ਪੀੜ੍ਹੀ ਨੇ ਗੁਆ ਦਿੱਤੇ,
ਅਣਖ ਦੇ ਸਭ ਇਤਿਹਾਸ।
ਸਾਹਾਂ ਦੇ ਵਿੱਚ ਜ਼ਹਿਰ ਹੈ,
ਜ਼ਖ਼ਮੀ ਹੋ ਗਿਆ ਵਿਸ਼ਵਾਸ।
ਜੀਹਦੀ ਪਹਿਲੀ ਸੋਚ ਹੀ,
ਲੁੱਟ, ਨਫ਼ਾ ਤੇ ਨੁਕਸਾਨ,
ਉਸ ਤੋਂ ਆਪਾਂ ਕੀ ਭਾਲਦੇ,
ਜੋ ਚੁਣਿਆ ਹੈ ਪ੍ਰਧਾਨ।
ਕਰਜ਼ ਗ਼ਰੀਬ ਸਿਰ ਹੈ ਨਹੀਂ,
ਭਾਵੇਂ ਲੱਖ ਕਹੇ ਸਰਕਾਰ।
ਹਾਕਮ ਹੀ ਸਭ ਖਾ ਗਏ,
ਇਹ ਨਹੀਂ ਗ਼ਰੀਬ ਦੇ ਯਾਰ।
ਮੁੱਕ ਗਈਆਂ ਕਿਲਕਾਰੀਆਂ,
ਗੁੰਮ ਗਈ ਬੱਚੇ ਦੀ ਰੇਲ,
ਗੂਗਲ ਵਿੱਚ ਸਭ ਖੋ ਗਏ,
ਬਚਪਨ ਦੇ ਸਾਰੇ ਖੇਲ।
ਸਿਆਹੀ, ਕਲਮ, ਦਵਾਤ ਨਾਲ,
ਸੱਜਦੇ ਸਨ ਜੋ ਕੂਲੇ ਹੱਥ।
ਕੂੜਾ, ਕਰਕਟ ਚੁੱਕਦਿਆਂ,
ਮਾਰੀ ਪਈ ਹੈ ਸੂਖ਼ਮ ਮੱਤ।
ਅੰਨ੍ਹੇ ਨਿਸ਼ਾਨਚੀ ਨੇ ਬਣੇ,
ਗੂੰਗੇ ਦੇ ਰਹੇ ਬਿਆਨ।
ਬੋਲ਼ੇ ਜੱਜ ਬਣ ਬਹਿ ਗਏ,
ਦੇਸ਼ ਦੀ ਸਾਂਭ ਰਹੇ ਕਮਾਨ।
ਗਲੀਆਂ ਸਭ ਉਦਾਸ ਹਨ,
ਵਰਤੀ ਚਾਰੇ ਪਾਸੇ ਸੁੰਨ।
ਬੰਦਾ ਬੰਦੇ ਨੂੰ ਲੁੱਟ ਕੇ,
ਕਰ ਰਿਹਾ ਹੈ ਦਾਨ-ਪੁੰਨ।
ਮੰਚ ਹੁੰਦੇ ਨੇ ਸਾਹਿਤ ਦੇ,
ਗੱਠਜੋੜ ਹੁੰਦੇ ਨਾਲ ਸਰਕਾਰ।
ਕਈ ਵੰਡ ਕੇ ਲੈ ਰਹੇ,
ਪੁਰਸਕਾਰ ਹਰ ਵਾਰ।
ਬਚੀ ਕਿੱਥੇ ਹੈ ਅੱਜਕੱਲ੍ਹ,
ਧਰਮ ਈਮਾਨ ਦੀ ਡੋਰ।
ਘਰ ਘਰ ਜਬਰ ਜਨਾਹ ਹੋਵਣ,
ਕਿੰਨਾ ਭੈੜਾ ਕਲਯੁਗ ਘੋਰ।
ਚੂਸ ਰਹੇ ਮਜ਼ਲੂਮ ਨੂੰ,
ਰਲ ਕੇ ਪੁਲਿਸ ਤੇ ਵਕੀਲ।
ਕੁੱਤੀ ਚੋਰਾਂ ਨਾਲ ਰਲ ਗਈ,
ਸੱਚ ਦੀ ਸੁਣੂ ਕੌਣ ਅਪੀਲ।
ਫੇਸਬੁੱਕ ਉੱਤੇ ਜੁੜੇ ਹਨ,
ਦੋਸਤ ਕਈ ਕਈ ਹਜ਼ਾਰ।
ਪਰ ਗੁਆਂਢੀ ਦੇ ਨਾਲ ਨਹੀਂ,
ਸੱਚਾ ਪਹਿਲਾਂ ਵਰਗਾ ਪਿਆਰ।
ਭਾਈਚਾਰਕ ਸਾਂਝ ਟੁੱਟ ਰਹੀ,
ਟੁੱਟ ਰਹੇ ਹਨ ਪਰਿਵਾਰ।
ਫੁੱਟ ਦੇ ਬੀਜ, ਬੀਜ ਕੇ ਰਹੇ ਨੇ,
ਵਿਹੜੇ 'ਚ ਕੱਢ ਦੀਵਾਰ।
ਕਦੋਂ ਤੱਕ ਮਹਿਕੇਗੀ ਇੱਥੇ,
ਸਦਾ ਨਹੀਂ ਰਹਿਣੀ ਬਹਾਰ।
ਮਾਲੀ ਲੁੱਟਣ ਲੱਗ ਪਏ,
ਇਨ੍ਹਾਂ ਕਲੀਆਂ ਦਾ ਸੰਸਾਰ।
ਕਦੋਂ ਗੀਤਾ ਨੇ ਕਿਹਾ ਸੀ,
ਬੋਲੀ ਸੀ ਕਦੋਂ ਕੁਰਾਨ।
ਤੁਸੀਂ ਕਰੋ ਧਰਮ ਦੇ ਨਾਮ 'ਤੇ,
ਵਿਚਾਰੀ ਧਰਤੀ ਲਹੂ ਲੁਹਾਣ।
ਅੱਧੇ ਲੋਕ ਭੁੱਖੇ ਮਰ ਰਹੇ,
ਅੱਧੇ ਖਾ ਰਹੇ ਪਕਵਾਨ।
'ਪੱਤੋ' ਇੱਕੋ ਦੇਸ਼ 'ਚ ਵੇਖ ਲੈ,
ਇੱਥੇ ਦੋ-ਦੋ ਹਿੰਦੋਸਤਾਨ।

## ਨਸੀਹਤਾਂ
**ਇੰਜੀ. ਸਤਨਾਮ ਸਿੰਘ ਮੱਟੂ**

ਕਾਲਜ ਨੂੰ ਚੱਲਿਆ ਪੜ੍ਹਾਈ ਕਰਨ,
ਜ਼ਿੰਦਗੀ ਦੀ ਪਹਿਲੀ ਪੌੜੀ ਚੜ੍ਹਨ,
ਢੁੱਕਣ ਨਾ ਨੇੜੇ ਮਾੜੀਆਂ ਅਲਾਮਤਾਂ
ਪੁੱਤ ਨਸ਼ਿਆਂ ਤੋਂ ਰੱਖੀਂ ਤੂੰ ਖ਼ਿਆਲ ਆਪ ਦਾ,
ਚੰਗੇ ਨੰਬਰਾਂ 'ਚ ਪਾਸ ਹੋਈਂ ਪੁੱਤਰਾ
ਸ਼ਾਨ ਨਾਲ ਸਿਰ ਉੱਚਾ ਹੋਜੇ ਬਾਪ ਦਾ।
ਤੇਰਾ ਉਮਰ ਤੋਂ ਪਹਿਲਾਂ ਬੁੱਢਾ ਬਾਪ ਹੋ ਗਿਆ
ਮੰਦਹਾਲੀ ਰੰਗ ਇਹ ਦਿਖਾਉਂਦੀ ਐ,
ਮਾਂ ਤੇਰੀ ਟਾਕੀਆਂ ਲਾ ਪਾਉਂਦੀ ਕੱਪੜੇ
ਭੈਣ ਤੇਰੀ ਵਿੱਚੋ ਵਿੱਚ ਝੁਰੀ ਜਾਂਦੀ ਐ।
ਪੂਰੀਆਂ ਨੇ ਆਸਾਂ ਤੇ ਉਮੀਦਾਂ ਤੇਰੇ ਤੋਂ
ਸਾਡਾ ਤਾਂ ਬੁਢਾਪਾ ਤੇਰੇ ਵੱਲ ਝਾਕਦਾ,
ਚੰਗੇ ਨੰਬਰਾਂ 'ਚ ਪਾਸ ਹੋਈਂ ਪੁੱਤਰਾ
ਸ਼ਾਨ ਨਾਲ ਸਿਰ ਉੱਚਾ ਹੋਜੇ ਬਾਪ ਦਾ।
ਕੁੜੀਆਂ ਦੇ ਪਿੱਛੇ ਹੋਣ ਗੁੱਟਬੰਦੀਆਂ
ਮੇਰਾ ਪੁੱਤ ਰੱਖੀਂ ਤੂੰ ਬਚਾਅ ਆਪਣਾ,
ਕਰੀਂ ਤੂੰ ਪੜ੍ਹਾਈ ਸਾਊ ਪੁੱਤ ਬਣ ਕੇ
ਚੰਗੇ ਸੰਸਕਾਰ ਪੱਲੇ ਬੰਨ੍ਹੀ ਰੱਖਣਾ।
ਮਿਹਨਤਾਂ ਨੂੰ ਫਲ ਹੈ ਜ਼ਰੂਰ ਲੱਗਦਾ
ਸੱਚੇ ਮਨ ਕਰੀਏ ਜ਼ਮਾਨਾ ਆਖਦਾ,
ਚੰਗੇ ਨੰਬਰਾਂ 'ਚ ਪਾਸ ਹੋਈਂ ਪੁੱਤਰਾ
ਸ਼ਾਨ ਨਾਲ ਸਿਰ ਉੱਚਾ ਹੋਜੇ ਬਾਪ ਦਾ।
ਨਿਕਲੇ ਨਤੀਜਾ ਜਦੋਂ ਤੇਰਾ ਪੁੱਤਰਾ
ਮਾਂ ਤੇਰੀ ਨੂੰ ਵਧਾਈਆਂ ਆਉਣ ਬਾਹਰ ਤੋਂ,
ਧਰਤੀ ਦੇ ਉੱਤੇ ਪੈਰ ਮੇਰਾ ਲੱਗੇ ਨਾ
ਨਾਮ ਤੇਰਾ ਪੜ੍ਹਾਂ ਜਦੋਂ ਅਖ਼ਬਾਰ ਚੋਂ,
ਚੰਗੇ ਨੰਬਰਾਂ ਨਾਲ ਪਾਸ ਹੋਈਂ ਪੁੱਤਰਾ
ਸ਼ਾਨ ਨਾਲ ਸਿਰ ਉੱਚਾ ਹੋ ਜਾਏ ਬਾਪ ਦਾ।

## ਦਾਰੂ ਜਿਹਾ ਜ਼ਹਿਰ ਨਾ ਕੋਈ...
**ਬਹਾਦਰ ਸਿੰਘ ਗੋਸਲ**

ਲੱਕੜ ਨੂੰ ਲੱਗੇ ਘੁਣ ਜਿਵੇਂ,
ਨੌਜਵਾਨਾਂ ਨੂੰ ਖਾਏ ਸ਼ਰਾਬ ਕੁੜੇ।
ਥੋੜ੍ਹੀ ਜਿਹੀ ਪੀ ਕੇ ਕਹਿਣ ਐਵੇਂ,
ਅੱਜ ਬਣ ਗਏ ਅਸੀਂ ਨਵਾਬ ਕੁੜੇ।
ਦਾਰੂ ਜਿਹਾ ਜ਼ਹਿਰ ਨਾ ਕੋਈ,
ਕਰੇ ਦਿਮਾਗ਼, ਫੇਫੜੇ ਖਰਾਬ ਕੁੜੇ।
ਇਹ ਅੰਦਰ ਸਾੜ ਕੇ ਛੱਡਦੀ ਏ,
ਜਿਵੇਂ ਕਾਗਜ਼ ਨੂੰ ਸਾੜੇ ਤੇਜ਼ਾਬ ਕੁੜੇ।
ਛੱਡਿਆ ਪਿੰਡ ਨਹੀਂ, ਕੋਈ ਖਾਲੀ,
ਇਸ ਕੀਤਾ ਬਰਬਾਦ ਪੰਜਾਬ ਕੁੜੇ।
ਧਨ ਕਿੰਨਾ ਬਰਬਾਦ ਏ ਹੋਇਆ ?
ਥੁੱਕ ਗਏ ਬੈਠੇ ਲਾ ਹਿਸਾਬ ਕੁੜੇ।
ਗੱਲ 'ਗੋਸਲ' ਦੀ ਝੂਠ ਨਾ ਜਾਣੀਂ,
ਐਵੇਂ ਸਾੜ ਨਾ ਲਈ ਸ਼ਬਾਬ ਕੁੜੇ।

## ਦੀਦ ਦਾ ਬਲਬ
**ਗੁਰਦਿੱਤ ਸਿੰਘ ਸੇਖੋਂ**

ਦੀਦ ਦਾ ਬਲਬ ਜਗਿਆ, ਤੇ ਜਗਮਗਾਇਆ ਆਥਣ,
ਭੁੱਖ ਅੱਖਾਂ ਦੀ ਲੱਥੀ, ਭਰ ਗਿਆ ਅੰਦਰ ਦਾ ਖਾਲੀਪਣ।
ਮਿਟ ਗਈ ਸਹਿਜੇ ਸਹਿਜੇ ਇਹ ਕਰੜੀ ਧੁੱਪ ਹਿਜਰਾਂ ਦੀ,
ਮੋਹ ਤੇਰਾ ਛਾਵਾਂ ਵੰਡਦਾ ਜਿਉਂ ਪਿੱਪਲ ਬੋਹੜ ਪਿਲਕਣ।
ਸਾਹਾਂ ਦੀ ਸਾਂਝ ਤੋਂ ਵਧ ਕੇ ਅਪਣਾਪਣ ਹੋਰ ਕੀ ਭਾਲਾਂ,
ਤੇਰੇ ਸਾਹਾਂ ਨਾਲ ਹੀ ਚੱਲਦੀ ਸਾਡੇ ਦਿਲ ਦੀ ਧੜਕਣ।
ਰੰਗ ਮੁਹੱਬਤੀ ਗੂੜ੍ਹੇ ਹੋ ਗਏ ਦਿਲ ਦੀ ਕੈਨਵਸ ਦੇ,
ਫਿੱਕੇ ਹੋ ਚੱਲੇ ਚਿਹਰੇ ਦੀ ਲਾਲੀ ਲੱਗੀ ਪਰਤਣ।
ਸ਼ਰਾਫ਼ਤ ਮਨਫ਼ੀ ਹੋ ਗਈ, ਸ਼ਾਂਤ ਮਨ ਚੰਦਰੇ ਦੀ,
'ਸੇਖੋਂ' ਅੱਖ ਸ਼ਰਾਰਤੀ ਹੋਈ, ਦਿਲ ਲੱਗਿਆ ਮਸਤਣ।





## .ਗ਼ਜ਼ਲ
**ਡਾ. ਨਰੇਸ਼**

ਚੁੱਪ ਸਿਆਣਪ ਨਹੀਂ ਸਿਆਸਤ ਹੈ।
ਜ਼ੁਲਮ ਅੰਦਰ ਖ਼ਾਮੋਸ਼ ਸ਼ਿਰਕਤ ਹੈ।
ਝੂਠ ਹਨ ਹੱਥ ਦੀਆਂ ਲਕੀਰਾਂ ਸਭ,
ਹੱਥ ਦੀ ਕਾਰ ਹੀ ਹਕੀਕਤ ਹੈ।
ਤੇਰੇ ਪੱਲੇ ਨੇ ਨੋਟ ਕਾਗਜ਼ ਦੇ,
ਮੇਰੇ ਪੱਲੇ ਕਲਮ ਦੀ ਦੌਲਤ ਹੈ।
ਜਿੱਥੇ ਦਰਕਾਰ ਹਨ ਗਵਾਹ ਨਾ ਸਬੂਤ,
ਐਸੀ ਵੀ ਉੱਤੇ ਇੱਕ ਅਦਾਲਤ ਹੈ।
ਕੌਮ ਹੈ ਸੱਖਣੀ ਜ਼ਮੀਰਾਂ ਤੋਂ,
ਇਹ ਮੇਰੇ ਦੌਰ ਦੀ ਹਕੀਕਤ ਹੈ।
ਬੰਦਗੀ ਬੇਗਰਜ਼ ਨਾ ਹੋਵੇ ਤਾਂ,
ਹਰ ਇਬਾਦਤ ਨਿਰੀ ਤਿਜਾਰਤ ਹੈ।
ਇਲਮ ਵੀ ਇਸ਼ਕ ਤੋਂ ਬਗੈਰ 'ਨਰੇਸ਼',
ਵਿੰਗੀ ਟੇਢੀ ਜਿਹੀ ਇਬਾਰਤ ਹੈ।

ਪ੍ਰਿੰ. ਸਰਵਣ ਸਿੰਘ
+1-905-779-1661

# ਕੁਸ਼ਤੀ ਦਾ ਵਿਸ਼ਵ ਵੈਟਰਨ ਚੈਂਪੀਅਨ ਪਹਿਲਵਾਨ ਕਰਤਾਰ ਸਿੰਘ





ਕਰਤਾਰ ਦੇ ਨਾਂਅ ਵਿੱਚ ਹੀ ਬਖ਼ਸ਼ ਹੈ। ਪਹਿਲਵਾਨ ਕਰਤਾਰ ਸਿੰਘ ਕੁਸ਼ਤੀ ਦਾ ਵਿਸ਼ਵ ਵੈਟਰਨ ਚੈਂਪੀਅਨ ਭਾਵ ਰੁਸਤਮੇ ਜ਼ਮਾਂ ਹੈ। ਉਸ ਨੇ ਤਿੰਨ ਓਲੰਪਿਕ ਖੇਡਾਂ, ਇੱਕ ਪ੍ਰੀ-ਓਲੰਪਿਕ, ਤਿੰਨ ਏਸ਼ਿਆਈ ਖੇਡਾਂ, ਤਿੰਨ ਕਾਮਨਵੈਲਥ ਖੇਡਾਂ, ਤਿੰਨ ਏਸ਼ਿਆਈ ਚੈਂਪੀਅਨਸ਼ਿਪਾਂ ਤੇ ਸਤਾਰਾਂ ਵਰਲਡ ਵੈਟਰਨ ਚੈਂਪੀਅਨਸ਼ਿਪਾਂ ’ਚ ਭਾਗ ਲਿਆ ਜਿਨ੍ਹਾਂ ’ਚੋਂ ਸੋਨੇ, ਚਾਂਦੀ ਤੇ ਕਾਂਸੀ ਦੇ 25 ਤਗਮੇ ਜਿੱਤੇ। ਉਹ ਮਾਝੇ ਦਾ ਮਾਣ ਹੈ ਤੇ ਸੁਰ ਸਿੰਘ ਦੀ ਸ਼ਾਨ। ਪੰਜਾਬ ਕੇਸਰੀ ਤੋਂ ਲੈ ਕੇ ਭਾਰਤ ਕੁਮਾਰ, ਭਾਰਤ ਕੇਸਰੀ, ਮਹਾਪੌਰ ਕੇਸਰੀ, ਭਾਰਤ ਮੱਲ ਸਮਰਾਟ, ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਤੱਕ ਦੇ ਖ਼ਿਤਾਬ ਉਹਦੇ ਨਾਂਅ ਚੜ੍ਹ ਚੁੱਕੇ ਹਨ। ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਤੇ ਭਾਰਤ ਸਰਕਾਰ ਨੇ ਅਰਜਨ ਐਵਾਰਡ ਅਤੇ ਪਦਮਸ੍ਰੀ ਪੁਰਸਕਾਰ ਨਾਲ ਨਿਵਾਜਿਆ ਹੈ। ਉਹਨੂੰ ਪ੍ਰੈਜ਼ੀਡੈਂਟ ਪੁਲਿਸ ਮੈਡਲ, ਫੀਲਾ ਦਾ ਫੇਅਰ ਪਲੇਅ ਐਵਾਰਡ ਅਤੇ ਫੀਲਾ ਵੱਲੋਂ ਅੰਤਰਰਾਸ਼ਟਰੀ ਕੁਸ਼ਤੀਆਂ ’ਚ ਸ਼ਾਨਦਾਰ ਯੋਗਦਾਨ ਪਾਉਣ ਲਈ ‘ਲਾਈਫ ਟਾਈਮ ਅਚੀਵਮੈਂਟ ਐਵਾਰਡ’ ਦਿੱਤਾ ਗਿਆ। ਉਹ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਆਨਰੇਰੀ ਸਕੱਤਰ ਜਨਰਲ ਤੇ ਪੰਜਾਬ ਕੁਸ਼ਤੀ ਸੰਘ ਦਾ ਪ੍ਰਧਾਨ ਰਿਹਾ ਹੈ। ਉਸ ਨੇ 2012 ਵਿੱਚ ਹੋਈ ਸਤਾਰ੍ਹਵੀਂ ਵਿਸ਼ਵ ਵੈਟਰਨ ਕੁਸ਼ਤੀ ਚੈਂਪੀਅਨਸ਼ਿਪ ’ਚੋਂ ਸੋਲ੍ਹਵੀਂ ਵਾਰ ਗੋਲਡ ਮੈਡਲ ਜਿੱਤਿਆ ਸੀ, ਜੋ ਵਿਲੱਖਣ ਰਿਕਾਰਡ ਹੈ।

ਉਹਦਾ ਜਨਮ ਹਿੰਦ-ਪਾਕਿ ਬਾਰਡਰ ਨੇੜਲੇ ਪਿੰਡ ਸੁਰ ਸਿੰਘ ਵਿੱਚ ਹੋਇਆ ਸੀ। ਦੇਸ਼ ਵੰਡ ਤੋਂ ਪਹਿਲਾਂ ਇਹ ਪਿੰਡ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਵਿੱਚ ਪੈਂਦਾ ਸੀ। ਵੰਡ ਪਿੱਛੋਂ ਇਸ ਨੂੰ ਜ਼ਿਲ੍ਹਾ ਅੰਮ੍ਰਿਤਸਰ ਤੇ ਹੁਣ ਜ਼ਿਲ੍ਹਾ ਤਰਨ ਤਾਰਨ ਲੱਗਦੈ। ਢਾਡੀਆਂ, ਰਾਗੀਆਂ, ਕਵੀਸ਼ਰਾਂ, ਯੋਧਿਆਂ, ਦੇਸ਼ਭਗਤਾਂ, ਭਲਵਾਨਾਂ ਤੇ ਲੇਖਕਾਂ ਨੇ ਸੁਰ ਸਿੰਘ ਦੀ ਬੜੀ ਵਡਿਆਈ ਕਰਵਾਈ ਹੈ। ਗੁਰੂ ਹਰਿਗੋਬਿੰਦ ਸਾਹਿਬ ਸਮੇਂ ਲਾਹੌਰ ਦੇ ਕਿਲ੍ਹੇ ’ਚੋਂ ਘੋੜਿਆਂ ਦੀਆਂ ਰਾਵੀ ’ਚ ਛਾਲਾਂ ਲੁਆ ਕੇ ਲੈ ਆਉਣ ਵਾਲਾ ਭਾਈ ਬਿਧੀ ਚੰਦ ਇਸੇ ਪਿੰਡ ਦਾ ਸੀ। ਪੰਜਾਬੀ ਕਹਾਣੀ ਦਾ ਸ਼ਾਹਸਵਾਰ ਵਰਿਆਮ ਸਿੰਘ ਸੰਧੂ ਵੀ ਉਥੋਂ ਦਾ ਹੀ ਹੈ ਜਿਸ ਨੇ ਕਰਤਾਰ ਸਿੰਘ ਦੀ ਜੀਵਨੀ ‘ਕੁਸ਼ਤੀ ਦਾ ਧਰੂ-ਤਾਰਾ ਕਰਤਾਰ’ ਲਿਖੀ।

ਕਰਤਾਰ ਦਾ ਜਨਮ ਸਾਧਾਰਨ ਕਿਸਾਨ ਕਰਨੈਲ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਸਕੂਲ ਦੇ ਸਰਟੀਫਿਕੇਟ ਮੁਤਾਬਕ ਉਹਦੀ ਜਨਮ ਤਾਰੀਖ 7 ਅਕਤੂਬਰ 1953 ਲਿਖੀ ਹੈ ਜਦਕਿ ਅਸਲੀ ਜਨਮ ਮਿਤੀ 15 ਜਨਵਰੀ 1953 ਹੈ। ਲੋਹੜੀ ਤੋਂ ਦੋ ਦਿਨ ਪਿੱਛੋਂ ਜੰਮਿਆ ਹੋਣ ਕਰ ਕੇ ਉਹਦੀ ਲੋਹੜੀ ਮਨਾਉਣ ਲਈ ਸਾਲ ਭਰ ਉਡੀਕ ਕਰਨੀ ਪਈ ਸੀ। ਉਸ ਦੇ ਪਿਤਾ ਮਾਝੇ ਦੇ ਆਮ ਬਜ਼ੁਰਗਾਂ ਵਾਂਗ ਕੁਸ਼ਤੀਆਂ ਦੇ ਸ਼ੌਕੀਨ ਸਨ। ਕਰਤਾਰ ਹੋਰੀਂ ਪੰਜ ਭਰਾ ਹਨ ਤੇ ਦੋ ਭੈਣਾਂ, ਜਿਨ੍ਹਾਂ ’ਚ ਤਿੰਨ ਭਰਾਵਾਂ ਨੇ ਕੁਸ਼ਤੀਆਂ ’ਚ ਨਾਂਅ ਚਮਕਾਇਆ।

ਉਨ੍ਹਾਂ ਦੇ ਤਾਏ ਦਾ ਪੁੱਤਰ ਜੋਗਿੰਦਰ ਸਿੰਘ ਵੀ ਤਕੜਾ ਭਲਵਾਨ ਸੀ। ਕਰਤਾਰ ਸਿੰਘ ਦੇ ਛੋਟੇ ਭਰਾ ਸਰਵਣ ਸਿੰਘ ਤੇ ਭਤੀਜੇ ਰਣਧੀਰ ਸਿੰਘ ਨੇ ਵੀ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਮੈਡਲ ਜਿੱਤੇ। ਵੱਡਾ ਭਰਾ ਗੁਰਚਰਨ ਸਿੰਘ ਢਿੱਲੋਂ ਕੁਸ਼ਤੀ ਕੋਚ ਰਿਹਾ। ਉਹਤੋਂ ਵੱਡੇ ਅਮਰ ਸਿੰਘ ਨੂੰ ਵੀ ਘੋਲਾਂ ਦਾ ਸ਼ੌਕ ਸੀ। ਕਰਤਾਰ ਉੱਤੇ ਕੁਦਰਤ ਏਨੀ ਬਲਿਹਾਰ ਰਹੀ ਕਿ ਉਹ ਫ਼ਤਹਿ ’ਤੇ ਫ਼ਤਹਿ ਹਾਸਲ ਕਰਦਾ ਗਿਆ। ਉਹ ਸਕੂਲਾਂ ਕਾਲਜਾਂ ਤੋਂ ਏਸ਼ਿਆਈ ਤੇ ਕਾਮਨਵੈੱਲਥ ਖੇਡਾਂ ਅਤੇ ਵਿਸ਼ਵ ਵੈਟਰਨ ਕੁਸ਼ਤੀ ਚੈਂਪੀਅਨਸ਼ਿਪਾਂ ਤੱਕ ਦੀਆਂ ਗੁਰਜਾਂ ਸਾਂਭੀ ਬੈਠਾ ਹੈ। ਬੈਠਾ ਕਿੱਥੇ! ਅਜੇ ਵੀ ਰੋਜ਼ਾਨਾ ਕਸਰਤ ਕਰਦਾ ਨਵੀਂ ਪੀੜ੍ਹੀ ਨੂੰ ਕੁਸ਼ਤੀਆਂ ਦੇ ਲੜ ਲਾਈ ਜਾ ਰਿਹੈ।

ਉਹ ਸੁਰ ਸਿੰਘ ਤੋਂ ਕੁਸ਼ਤੀ ਸਿੱਖ ਕੇ 1970 ’ਚ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਿਆ ਸੀ। ਫਿਰ ਖ਼ਾਲਸਾ ਕਾਲਜ ਅੰਮ੍ਰਿਤਸਰ ਦਾਖ਼ਲਾ ਲੈ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਭਾਰਤ ਦੀਆਂ ਕੁੱਲ ਯੂਨੀਵਰਸਿਟੀਆਂ ਦਾ ਚੈਂਪੀਅਨ ਬਣਿਆ। 1973 ’ਚ ਮਾਸਕੋ ਦੇ ਵਿਸ਼ਵ ਯੂਨੀਵਰਸਿਟੀ ਕੁਸ਼ਤੀ ਮੁਕਾਬਲਿਆਂ ਵਿੱਚ ਗਿਆ। 1974 ’ਚ ਗੁਰੂ ਹਨੂਮਾਨ ਜੀ ਨੂੰ ਉਸਤਾਦ ਧਾਰਿਆ ਤੇ ਸਬਜ਼ੀ ਮੰਡੀ ਦਿੱਲੀ ਦੇ ਅਖਾੜੇ ਵਿੱਚ ਕੁਸ਼ਤੀਆਂ ਦੀ ਕਰੜੀ ਸਿਖਲਾਈ ਲਈ। 1976 ’ਚ ਉਹ ਕੁਸ਼ਤੀ ਦੇ ਸਿਰ ’ਤੇ ਬੀ ਐੱਸ ਐੱਫ ਵਿੱਚ ਇੰਸਪੈਕਟਰ ਭਰਤੀ ਹੋ ਗਿਆ। 1978 ’ਚ ਏਸ਼ਿਆਈ ਖੇਡਾਂ ਦੇ ਗੋਲਡ ਮੈਡਲ ਨੇ ਉਸ ਨੂੰ ਡੀ ਐੱਸ ਪੀ ਬਣਵਾ ਦਿੱਤਾ। 1981 ’ਚ ਉਹ ਪੰਜਾਬ ਪੁਲੀਸ ਵਿੱਚ ਚਲਾ ਗਿਆ ਤੇ ਡੀ ਐੱਸ ਪੀ ਤੋਂ ਤਰੱਕੀ ਕਰਦਾ ਆਈ ਜੀ ਦੇ ਅਹੁਦੇ ਤੋਂ ਰਿਟਾਇਰ ਹੋਇਆ। ਵਿੱਚੋਂ ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਵੀ ਰਿਹਾ।

# ਉਭਰਦੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਪ੍ਰਸਿੱਧ ਖਿਡਾਰੀ

## ਵਿਸ਼ਵ ਪ੍ਰਸਿੱਧ ਖਿਡਾਰੀਆਂ ਦੀ ਜੀਵਨੀ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈਣ ਉਭਰਦੇ ਖਿਡਾਰੀ




ਖੇਡਾਂ ਸਰੀਰਕ ਗਤੀਵਿਧੀਆਂ ਹਨ ਜੋ ਪ੍ਰਤੀਯੋਗੀ ਸੁਭਾਅ ਦੇ ਹੁਨਰ ਵਿਕਾਸ ਵਿੱਚ ਮਦਦ ਕਰਦੀਆਂ ਹਨ। ਆਮ ਤੌਰ ’ਤੇ, ਦੋ ਜਾਂ ਦੋ ਤੋਂ ਵੱਧ ਸਮੂਹ ਮਨੋਰੰਜਨ ਲਈ ਜਾਂ ਇਨਾਮ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਔਰਤਾਂ ਅਤੇ ਮਰਦਾਂ ਦੋਵਾਂ ਲਈ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਕਿਉਂਕਿ ਇਹ ਵਿਅਕਤੀ ਦੀ ਸਰੀਰਕ, ਮਾਨਸਿਕ ਸਿਹਤ, ਵਿੱਤੀ ਸਥਿਤੀ ਨੂੰ ਵਧਾਉਂਦੀਆਂ ਹਨ। ਇਹ ਨਾਗਰਿਕਾਂ ਦੇ ਚਰਿੱਤਰ ਅਤੇ ਸਿਹਤ ਦੇ ਨਿਰਮਾਣ ਦੁਆਰਾ ਰਾਸ਼ਟਰ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਖੇਡਾਂ ਮਨੁੱਖਾਂ ਦੇ ਕੰਮ ਕਰਨ ਦੇ ਤਰੀਕੇ ਵਿੱਚ ਗਤੀਸ਼ੀਲਤਾ ਲਿਆਉਂਦੀਆਂ ਹਨ।

ਖੇਡਾਂ ਦੀ ਮਹੱਤਤਾ ਅਤੇ ਭੂਮਿਕਾ ਨੂੰ ਕਿਸੇ ਦੁਆਰਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸੱਚਮੁੱਚ ਬਹੁਤ ਮਹੱਤਵਪੂਰਨ ਵਿਸ਼ਾ ਹੈ। ਲੋਕ ਆਪਣੇ ਨਿੱਜੀ ਵਿਕਾਸ ਦੇ ਨਾਲ-ਨਾਲ ਪੇਸ਼ੇਵਰ ਵਿਕਾਸ ਲਈ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਲੜਕੇ ਅਤੇ ਲੜਕੀਆਂ ਦੋਵਾਂ ਲਈ ਇੱਕ ਚੰਗਾ ਸਰੀਰ ਬਣਾਉਣ ਲਈ ਬਹੁਤ ਵਧੀਆ ਹੈ। ਇਹ ਲੋਕਾਂ ਨੂੰ ਮਾਨਸਿਕ ਤੌਰ ’ਤੇ ਸੁਚੇਤ, ਸਰੀਰਕ ਤੌਰ ’ਤੇ ਸਰਗਰਮ ਅਤੇ ਮਜ਼ਬੂਤ ਬਣਾਉਂਦਾ ਹੈ। ਵਿਦਿਆਰਥੀ ਦੇਸ਼ ਦੇ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਰਾਹੀਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕਦਾ ਹੈ। ਉਹ ਵਧੇਰੇ ਅਨੁਸ਼ਾਸਿਤ, ਸਿਹਤਮੰਦ, ਸਰਗਰਮ, ਸਮੇਂ ਦੇ ਪਾਬੰਦ ਹੋ ਸਕਦੇ ਹਨ ਅਤੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਕਿਸੇ ਵੀ ਮੁਸ਼ਕਿਲ ਸਥਿਤੀ ਦਾ ਆਸਾਨੀ ਨਾਲ ਮੁਕਾਬਲਾ ਕਰ ਸਕਦੇ ਹਨ। ਖੇਡਾਂ ਵਿੱਚ ਨਿਯਮਤ ਸ਼ਮੂਲੀਅਤ ਚਿੰਤਾ, ਤਣਾਅ ਅਤੇ ਘਬਰਾਹਟ ਨੂੰ ਆਸਾਨੀ ਨਾਲ ਦੂਰ ਕਰਨ ਵਿੱਚ ਮਦਦ ਕਰਦੀ ਹੈ।

ਇਹ ਸਰੀਰ ਦੇ ਅੰਗਾਂ ਦੇ ਸਰੀਰਕ ਕਾਰਜਾਂ ਨੂੰ ਸੁਧਾਰਦਾ ਹੈ ਅਤੇ ਇਸ ਤਰ੍ਹਾਂ, ਪੂਰੇ ਸਰੀਰ ਦੇ ਕਾਰਜਾਂ ਨੂੰ ਸਕਾਰਾਤਮਕ ਤੌਰ ’ਤੇ ਨਿਯੰਤ੍ਰਿਤ ਕਰਦਾ ਹੈ। ਇਹ ਸਰੀਰ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਮਨ ਜਾਂ ਦਿਮਾਗ ਬਿਹਤਰ ਇਕਾਗਰਤਾ ਨਾਲ ਸ਼ਾਂਤ, ਤਿੱਖਾ ਅਤੇ ਕਿਰਿਆਸ਼ੀਲ ਰਹਿੰਦਾ ਹੈ। ਇਹ ਸਰੀਰ ਅਤੇ ਦਿਮਾਗ ਦੀ ਤਾਕਤ ਅਤੇ ਊਰਜਾ ਦੇ ਪੱਧਰ ਨੂੰ ਵਧਾਉਂਦਾਹੈ। ਇਹ ਹਰ ਕਿਸੇ ਨੂੰ ਇਕਸਾਰ ਜੀਵਨ ਤੋਂ ਇੱਕ ਵਧੀਆ ਬ੍ਰੇਕ ਦਿੰਦਾ ਹੈ। ਖੇਡਾਂ ਉੱਜਵਲ ਪੇਸ਼ੇਵਰ ਕੈਰੀਅਰ ਰੱਖਦੀਆਂ ਹਨ। ਇਸ ਲਈ, ਇਸ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਉਨ੍ਹਾਂ ਨੂੰ ਇਸ ਰੁਚੀ ਨੂੰ ਪੂਰੀ ਲਗਨ ਨਾਲ ਨਿਯਮਤ ਰੱਖਣ ਦੀ ਲੋੜ ਹੈ। ਇਹ ਹਰੇਕ ਨੂੰ ਟੀਮ ਦੇ ਸਹਿਯੋਗ ਅਤੇ ਟੀਮ ਨਿਰਮਾਣ ਦੀ ਭਾਵਨਾ ਨੂੰ ਵਿਕਸਿਤ ਕਰਕੇ ਇੱਕ ਟੀਮ ਵਿੱਚ ਕੰਮ ਕਰਨਾ ਸਿਖਾਉਂਦਾ ਹੈ। ਖੇਡਾਂ ਵੱਲ ਵਧੇਰੇ ਝੁਕਾਅ ਇੱਕ ਵਿਅਕਤੀ ਅਤੇ ਇੱਕ ਰਾਸ਼ਟਰ ਦੋਵਾਂ ਨੂੰ ਆਰਥਿਕ ਤੌਰ ’ਤੇ ਸਿਹਤਮੰਦ ਅਤੇ ਮਜ਼ਬੂਤ ਬਣਾਉਂਦਾਹੈ। ਇਸ ਲਈ ਮਾਤਾ-ਪਿਤਾ, ਅਧਿਆਪਕਾਂ ਅਤੇ ਦੇਸ਼ ਦੀ ਸਰਕਾਰ ਨੂੰ ਇਸ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ।

ਇੱਕ ਰਾਸ਼ਟਰ, ਜਿਸ ਵਿੱਚ ਵਧੇਰੇ ਪ੍ਰਸਿੱਧ ਖੇਡ ਸ਼ਖਸੀਅਤਾਂ ਹੋਣ ਉਹ ਬਹੁਤ ਹੀ ਆਸਾਨੀ ਨਾਲ ਥੋੜ੍ਹੇ ਸਮੇਂ ਵਿੱਚ ਵਿਸ਼ਵਵਿਆਪੀ ਸਵੀਕ੍ਰਿਤੀ ਪ੍ਰਾਪਤ ਕਰ ਲੈਂਦਾ ਹੈ। ਦੇਸ਼ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕਿਸੇ ਵਾਧੂ ਯਤਨ ਦੀ ਲੋੜ ਨਹੀਂ ਹੈ। ਉਹ ਪਹਿਲਾਂ ਤੋਂ ਹੀ ਮਸ਼ਹੂਰ ਖੇਡ ਹਸਤੀਆਂ ਨੂੰ ਦੇਖ ਕੇ ਬਹੁਤ ਆਸਾਨੀ ਨਾਲ ਪ੍ਰੇਰਿਤ ਹੋ ਜਾਂਦੇ ਹਨ। ਅਜਿਹੇ ਦੇਸ਼ ਦੇ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਕੈਰੀਅਰ ਬਣਾਉਣ ਦੇ ਵਧੇਰੇ ਮੌਕੇ ਮਿਲਦੇ ਹਨ। ਨਾਮੀ ਖਿਡਾਰੀ ਵੀ ਆਪਣੇ ਦੇਸ਼ ਦੇ ਆਉਣ ਵਾਲੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ।

# ਪਿੰਡ ਅਲਖਪੁਰਾ ਦੇ ਹਰ ਘਰ ’ਚ ਹਨ ਫੁੱਟਬਾਲ ਖਿਡਾਰਨਾਂ




ਬਵਾਨੀਖੇੜਾ/ਹਰਿਆਣਾ/ ਏ.ਟੀ.ਨਿਊਜ਼ : ਪਿੰਡ ਅਲਖਪੁਰਾ ਦੀਆਂ ਫੁੱਟਬਾਲਰ ਧੀਆਂ ਹੁਣ ਖੇਡਾਂ ਦੇ ਨਾਲ-ਨਾਲ ਆਪਣੇ ਪਰਿਵਾਰਾਂ ਦਾ ਸਹਾਰਾ ਵੀ ਬਣ ਰਹੀਆਂ ਹਨ। ਹਾਲ ਹੀ ਵਿੱਚ ਪਿੰਡ ਦੀ ਪਾਇਲ ਬੜਸਰਾ ਦੀ ਚੋਣ ਅਸਾਮ ਰਾਈਫਲਜ਼ ਵਿੱਚ ਹੋਈ ਹੈ। ਇਸੇ ਤਰ੍ਹਾਂ ਇੱਥੋਂ ਦੀਆਂ 14 ਧੀਆਂ ਹੁਣ ਤੱਕ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਅਤੇ ਰੱਖਿਆ ਵਿੱਚ ਆਪਣੀ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇੰਨਾ ਹੀ ਨਹੀਂ, ਫੁੱਟਬਾਲ ਦੇ ਦਮ ’ਤੇ ਹੁਣ ਤੱਕ ਲਗਪਗ 70 ਧੀਆਂ ਨੂੰ ਸਰਕਾਰੀ ਨੌਕਰੀਆਂ ਮਿਲ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਪੰਜ ਸਹਾਇਕ ਕੋਚ ਵਜੋਂ ਕੰਮ ਕਰ ਰਹੀਆਂ ਹਨ।

ਦੱਸ ਦੇਈਏ ਕਿ ਅੱਜ-ਕੱਲ੍ਹ ਪਿੰਡ ਅਲਖਪੁਰਾ ਵਿੱਚ 300 ਧੀਆਂ ਫੁੱਟਬਾਲ ਵਿੱਚ ਆਪਣੀ ਪ੍ਰਤਿਭਾ ਨੂੰ ਨਿਖਾਰ ਰਹੀਆਂ ਹਨ। ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇੱਥੋਂ ਦੀਆਂ ਜ਼ਿਆਦਾਤਰ ਕੁੜੀਆਂ ਛੋਟੇ ਕਿਸਾਨਾਂ ਅਤੇ ਮਜ਼ਦੂਰ ਵਰਗ ਨਾਲ ਸਬੰਧਿਤ ਹਨ। ਧੀਆਂ ਨੂੰ ਖੇਡਾਂ ਵਿੱਚ ਅੱਗੇ ਵਧਾਉਣ ਲਈ ਮਾਪਿਆਂ ਨੂੰ ਆਰਥਿਕ ਤੰਗੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

**ਪਰਿਵਾਰ ਦਾ ਸਹਾਰਾ ਬਣ ਰਹੀਆਂ ਹਨ ਧੀਆਂ**

ਆਰਥਿਕ ਤੰਗੀਆਂ ਦੇ ਬਾਵਜੂਦ ਮਾਪੇ ਆਪਣੀਆਂ ਧੀਆਂ ਨੂੰ ਖੇਡਾਂ ਵਿੱਚ ਅੱਗੇ ਵਧਾ ਰਹੇ ਹਨ। ਪਾਇਲ ਬੜਸਰਾ ਵੀ ਇੱਕ ਛੋਟੇ ਕਿਸਾਨ ਦੀ ਧੀ ਹੈ। ਉਸ ਦੇ ਪਿਤਾ ਕੁਲਮਤ ਕੋਲ ਸਿਰਫ਼ ਇੱਕ ਏਕੜ ਵਾਹੀਯੋਗ ਜ਼ਮੀਨ ਹੈ ਅਤੇ ਮਾਂ ਸੁਸ਼ੀਲਾ ਦੇਵੀ ਵੀ ਖੇਤੀਬਾੜੀ ਕਰਦੇ ਹਨ। ਇਸ ਦੇ ਬਾਵਜੂਦ ਕੁਲਮਤ ਆਪਣੀ ਧੀ ਨੂੰ ਖੇਡਾਂ ਵਿੱਚ ਪੂਰਾ ਸਹਿਯੋਗ ਦੇ ਰਹੇ ਹਨ। ਕੁਲਮਤ ਦੀ ਵੱਡੀ ਧੀ ਅੰਜਲੀ ਵੀ ਫੁੱਟਬਾਲ ਦੀ ਬਿਹਤਰੀਨ ਖਿਡਾਰਨ ਹੈ ਅਤੇ ਅੱਜ-ਕੱਲ੍ਹ ਐਮ.ਪੀ.ਐੱਡ ਦੀ ਪੜ੍ਹਾਈ ਕਰ ਰਹੀ ਹੈ। ਫ਼ੌਜ ਵਿੱਚ ਚੋਣ ਹੋਣ ਤੋਂ ਬਾਅਦ ਪਾਇਲ ਦੇ ਪਿਤਾ ਕੁਲਮਤ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਧੀ ’ਤੇ ਮਾਣ ਹੈ। (ਬਾਕੀ ਸਫ਼ਾ 27 ’ਤੇ)

# ਪੀ.ਵੀ. ਸਿੰਧੂ ਵੱਲੋਂ ਵਿਸ਼ਵ ਬੈਡਮਿੰਟਨ ਫੈਡਰੇਸ਼ਨ ਦੀ ਕੌਂਸਲ ਮੈਂਬਰ ਵਜੋਂ ਕਾਰਜਕਾਲ ਸ਼ੁਰੂ



ਹੌਰਸੈਂਜ਼ (ਡੈਨਮਾਰਕ)/ ਏ.ਟੀ.ਨਿਊਜ਼: ਦੋ ਵਾਰ ਦੀ ਉਲੰਪਿਕ ਤਗਮਾ ਜੇਤੂ ਪੀ ਵੀ ਸਿੰਧੂ ਨੇ ਵਿਸ਼ਵ ਬੈਡਮਿੰਟਨ ਫੈਡਰੇਸ਼ਨ (ਬੀ ਡਬਲਿਊ ਐੱਫ) ਦੀ ਕੌਂਸਲ ਮੈਂਬਰ ਵਜੋਂ ਆਪਣੀ ਨਵੀਂ ਪਾਰੀ ਦਾ ਆਗਾਜ਼ ਕਰਦਿਆਂ ਦੁਨੀਆ ਭਰ ਦੇ ਖਿਡਾਰੀਆਂ ਦੇ ਮਸਲੇ ਉੱਚ ਪੱਧਰ ’ਤੇ ਚੁੱਕਣ ਦਾ ਅਹਿਦ ਲਿਆ ਹੈ। ਬੈਡਮਿੰਟਨ ਜਗਤ ਦੀਆਂ ਸਭ ਤੋਂ ਸਫਲ ਖਿਡਾਰਨਾਂ ’ਚੋਂ ਇੱਕ ਸਿੰਧੂ ਨੂੰ ਦਸੰਬਰ ਵਿੱਚ ‘ਬੀ ਡਬਲਿਊ ਐੱਫ ਖਿਡਾਰੀ ਕਮਿਸ਼ਨ’ ਦੀ ਚੇਅਰਪਰਸਨ ਚੁਣਿਆ ਗਿਆ ਸੀ ਜਿਸ ਸਦਕਾ ਉਸ ਨੂੰ ਕੌਂਸਲ ਵਿੱਚ ਮੁਕੰਮਲ ਵੋਟਿੰਗ ਅਧਿਕਾਰ ਹਾਸਲ ਹੋਏ ਹਨ। ਸਿੰਧੂ ਅਧਿਕਾਰਤ ਤੌਰ ’ਤੇ 2025 ਦੇ ਅਖ਼ੀਰ ਵਿੱਚ ਇਸ ਕੌਂਸਲ ਵਿੱਚ ਸ਼ਾਮਲ ਹੋਈ ਸੀ ਅਤੇ ਪਿਛਲੇ ਦਿਨੀਂ ਹੋਈ ਸਾਲਾਨਾ ਮੀਟਿੰਗ ਵਿੱਚ ਹਿੱਸਾ ਲੈ ਕੇ ਉਸ ਨੇ ਆਪਣਾ ਕਾਰਜਕਾਲ ਸ਼ੁਰੂ ਕੀਤਾ।

# ਸਿੱਧੂ ਮੂਸੇਵਾਲਾ ਦੇ ਨਵੇਂ ਗੀਤ ਨੇ ਵੀ ਬਣਾਇਆ ਰਿਕਾਰਡ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਰਿਕਾਰਡ ਤੋੜ ਗੀਤ 'ਬਰੋਟਾ' ਦੇ ਰਿਲੀਜ਼ ਹੋਣ ਤੋਂ ਠੀਕ ਪੰਜ ਮਹੀਨੇ ਬਾਅਦ, ਉਨ੍ਹਾਂ ਦੀ ਟੀਮ ਨੇ ਪਿਛਲੇ ਦਿਨੀਂ ਨੂੰ ਉਨ੍ਹਾਂ ਦਾ 13ਵਾਂ ਮੌਤ ਤੋਂ ਬਾਅਦ ਵਾਲਾ ਗੀਤ 'ਆਈਜ਼ ਓਨ ਮੀ' ਸੋਸ਼ਲ ਮੀਡੀਆ 'ਤੇ ਰਿਲੀਜ਼ ਕਰ ਦਿੱਤਾ ਹੈ। ਇਸ ਗੀਤ ਦੇ ਯੂਟਿਊਬ 'ਤੇ ਰਿਲੀਜ਼ ਹੋਣ ਦੇ ਇੱਕ ਘੰਟੇ ਦੇ ਅੰਦਰ ਹੀ 11 ਲੱਖ ਤੋਂ ਵੱਧ ਪ੍ਰਸੰਸਕਾਂ ਨੇ ਦੇਖਿਆ ਤੇ ਪੌਣੇ ਦੋ ਲੱਖ ਲੋਕਾਂ ਨੇ ਕੁਮੈਂਟ ਵੀ ਕੀਤੇ।




ਪਿਛਲੇ ਸਾਲ 28 ਨਵੰਬਰ ਨੂੰ ਰਿਲੀਜ਼ ਹੋਏ ਗੀਤ 'ਬਰੋਟਾ' ਦੇ ਯੂਟਿਊਬ 'ਤੇ 1 ਕਰੋੜ (10 ਮਿਲੀਅਨ) ਤੋਂ ਵੱਧ ਕੁਮੈਂਟਸ ਆਏ ਸਨ ਤੇ ਇਸ ਦੇ ਨਾਲ ਦੁਨੀਆ ਭਰ ਵਿੱਚ ਦੂਜੀ ਸਭ ਤੋਂ ਵੱਧ ਕੁਮੈਂਟ ਕੀਤੀ ਜਾਣ ਵਾਲੀ ਵੀਡੀਓ ਬਣਨ ਦਾ ਮਾਣ ਹਾਸਲ ਕੀਤਾ ਸੀ।

ਨਵੇਂ ਗੀਤ ਦੇ ਅੰਤ ਵਿੱਚ ਇਹ ਵੀ ਐਲਾਨ ਕੀਤਾ ਗਿਆ ਕਿ ਸਿੱਧੂ ਮੂਸੇਵਾਲਾ ਦਾ ਆਪਣਾ ਕਲੋਦਿੰਗ ਬ੍ਰਾਂਡ ਵੀ ਜਲਦੀ ਹੀ ਲਾਂਚ ਕੀਤਾ ਜਾਵੇਗਾ।

ਇਸ ਨਵੇਂ ਗੀਤ ਦਾ ਟੀਜ਼ਰ ਕੁਝ ਦਿਨ ਪਹਿਲਾਂ ਰਿਲੀਜ਼ ਕੀਤਾ ਗਿਆ ਸੀ, ਜਿਸ ਨੂੰ ਇੰਸਟਾਗ੍ਰਾਮ 'ਤੇ 14 ਲੱਖ ਲਾਈਕਸ ਅਤੇ ਯੂਟਿਊਬ 'ਤੇ 31 ਲੱਖ ਵਿਊਜ਼ ਮਿਲੇ ਸਨ। 'ਆਈਜ਼ ਓਨ ਮੀ' ਦੇ ਯੂਟਿਊਬ ਪ੍ਰੀਮੀਅਰ ਨੂੰ ਲਗਪਗ 1.6 ਲੱਖ ਦਰਸ਼ਕਾਂ ਨੇ ਲਾਈਵ ਦੇਖਿਆ। ਰਿਲੀਜ਼ ਹੋਣ ਦੇ ਕੁਝ ਹੀ ਮਿੰਟਾਂ ਵਿੱਚ ਗੀਤ ਨੂੰ ਲੱਖਾਂ ਵਿਊਜ਼ ਮਿਲੇ ਅਤੇ ਇਹ ਇੰਟਰਨੈੱਟ 'ਤੇ ਟ੍ਰੈਂਡ ਕਰਨ ਲੱਗਾ।

2 ਮਿੰਟ 50 ਸੈਕਿੰਡ ਦੀ ਇਸ ਵੀਡੀਓ ਵਿੱਚ ਡਰਾਮੈਟਿਕ ਦ੍ਰਿਸ਼ ਦਿਖਾਏ ਗਏ ਹਨ, ਜਿਸ ਵਿੱਚ ਨਕਾਬਪੋਸ਼ ਹਥਿਆਰਬੰਦ ਵਿਅਕਤੀ, ਮੀਂਹ ਵਿੱਚ ਚੱਲਦੀ ਜੀ-ਵੈਗਨ ਅਤੇ ਇੱਕ ਚੀਤਾ ਦਿਖਾਇਆ ਗਿਆ ਹੈ। ਵੀਡੀਓ ਵਿੱਚ ਹਿੰਸਾ ਦੇ ਦ੍ਰਿਸ਼ ਵੀ ਹਨ, ਜਿਵੇਂ ਕਿ ਬਠਿੰਡਾ ਕੋਰਟ ਕੰਪਲੈਕਸ ਦੇ ਬਾਹਰ ਧਮਾਕਾ ਅਤੇ ਹਥਿਆਰਾਂ ਨਾਲ ਲੈਸ ਵਿਅਕਤੀ, ਜੋ ਸ਼ਾਇਦ ਪਿਛਲੇ ਸਮੇਂ ਵਿੱਚ ਉਸ ਨੂੰ ਮਾਰਨ ਦੀਆਂ ਕੋਸ਼ਿਸ਼ਾਂ ਨੂੰ ਦਰਸਾਉਂਦੇ ਹਨ।

ਗੀਤ ਦੇ ਬੋਲ ਡਰ, ਹਿੰਸਾ ਅਤੇ ਧੋਖੇ ਦੇ ਵਿਸ਼ਿਆਂ ਨੂੰ ਦਰਸਾਉਂਦੇ ਹਨ। ਇਸ ਵਿੱਚ 'ਤੈਨੂੰ ਕਿਸੇ ਨੇ ਨਹੀਂ ਬਚਾਉਣਾ, ਸੁਣ ਲੈ ਮੇਰੀ ਗੱਲ' ਅਤੇ 'ਚੈਂਬਰ ਵਿੱਚ ਗੋਲੀ ਰੱਖ, ਮਾਹੌਲ ਖਰਾਬ ਹੈ' ਵਰਗੀਆਂ ਲਾਈਨਾਂ ਸ਼ਾਮਲ ਹਨ। ਵੀਡੀਓ ਦੇ ਅੰਤ ਵਿੱਚ ਇੱਕ ਭਾਵੁਕ ਦ੍ਰਿਸ਼ ਹੈ ਜਿੱਥੇ ਮੂਸੇਵਾਲਾ ਆਪਣੀ ਹਵੇਲੀ ਤੋਂ ਆਪਣੀ ਆਖਰੀ ਸਵਾਰੀ (ਜੀਪ) 'ਤੇ ਨਿਕਲਦਾ ਹੈ ਅਤੇ ਉਸਦੇ ਪਿਤਾ ਬਲਕੌਰ ਸਿੰਘ ਉਨ੍ਹਾਂ ਨੂੰ ਹੱਥ ਹਿਲਾ ਕੇ ਵਿਦਾ ਕਰਦੇ ਦਿਖਾਈ ਦਿੰਦੇ ਹਨ।

**ਹੋਲੋਗ੍ਰਾਮ ਵਰਲਡ ਟੂਰ ਦੀ ਤਿਆਰੀ**

ਸਿੱਧੂ ਮੂਸੇਵਾਲਾ ਦਾ ਹੋਲੋਗ੍ਰਾਮ-ਆਧਾਰਿਤ ਵਿਸ਼ਵ ਦੌਰਾ ਵੀ ਜਲਦੀ ਹੀ ਸ਼ੁਰੂ ਹੋਣ ਦੀ ਉਮੀਦ ਹੈ। ਇਸ ਟੂਰ ਵਿੱਚ 34 ਪ੍ਰੋਜੈਕਸ਼ਨ ਤਕਨੀਕ ਦੀ ਵਰਤੋਂ ਕਰਕੇ ਪ੍ਰਸ਼ੰਸਕਾਂ ਲਈ ਸਿੱਧੂ ਦੀ ਸਟੇਜ ਮੌਜੂਦਗੀ ਨੂੰ ਮੁੜ ਸਿਰਜਿਆ ਜਾਵੇਗਾ। ਇਹ ਟੂਰ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਯੂਏਈ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਸਮੇਤ ਅੱਠ ਦੇਸ਼ਾਂ ਨੂੰ ਕਵਰ ਕਰੇਗਾ।

ਜ਼ਿਕਰਯੋਗ ਹੈ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਮੂਸਾ ਦੇ ਰਹਿਣ ਵਾਲੇ 28 ਸਾਲਾ ਸਿੱਧੂ ਮੂਸੇਵਾਲਾ ਦੀ 29 ਮਈ 2022 ਨੂੰ ਪਿੰਡ ਜਵਾਹਰਕੇ ਵਿਖੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਕਾਇਮ ਹੈ ਪੰਜਾਬੀ ਸੰਗੀਤ ਦਾ ਵਿਲੱਖਣ ਮੁਹਾਂਦਰਾ

ਰਘਵੀਰ ਸਿੰਘ ਚੰਗਾਲ

ਸਦੀਆਂ ਤੋਂ ਸੰਗੀਤ ਦੀ ਨਿਰੰਤਰ ਵਹਿ ਰਹੀ ਧਾਰਾ ਵਿੱਚ ਪੰਜਾਬੀ ਸੰਗੀਤ ਦਾ ਵਿਲੱਖਣ ਮੁਹਾਂਦਰਾ ਕਾਇਮ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪਿਛਲੇ ਸਮੇਂ ਵਿੱਚ ਪੰਜਾਬੀ ਸੰਗੀਤ ਨੂੰ ਕਿੰਨੀ ਅਹਿਮੀਅਤ ਦਿੱਤੀ ਜਾਂਦੀ ਰਹੀ ਹੈ। ਅਸੀਂ ਮੇਲਿਆਂ 'ਤੇ ਗਵੰਤਰੀਆਂ ਨੂੰ ਘੰਟਿਆਂ ਬੱਧੀ ਹਜ਼ਾਰਾਂ ਲੋਕਾਂ ਦੇ ਇਕੱਠ ਸਾਹਮਣੇ ਗਾਉਂਦੇ ਅੱਖੀਂ ਵੇਖਿਆ ਤੇ ਮਾਣਿਆ ਹੈ। ਉਸ ਸਮੇਂ ਗਵੰਤਰੀਆਂ ਕੋਲ ਲਾਊਡ ਸਪੀਕਰ ਵੀ ਨਹੀਂ ਸੀ ਹੁੰਦਾ। ਗਾਉਣ ਵਾਲੇ ਹਿੱਕ ਦੇ ਜ਼ੋਰ 'ਤੇ ਉੱਚੀ ਆਵਾਜ਼ ਵਿੱਚ ਗਾਉਂਦੇ ਸਨ।

ਫਿਰ ਸਮੇਂ ਨੇ ਕਰਵਟ ਲਈ ਤਾਂ ਇਲੈੱਟ੍ਰੌਨਿਕ ਸਾਧਨਾਂ ਦੇ ਵਿਕਸਤ ਹੋਣ ਨਾਲ ਲਾਊਡ ਸਪੀਕਰ ਤੇ ਤਵਿਆਂ ਦਾ ਯੁੱਗ ਆ ਗਿਆ। ਮੇਲਿਆਂ ਜਾਂ ਹੋਰ ਇਕੱਠਾਂ ਵਿੱਚ ਗਵੱਈਏ ਮਾਈਕ ਦੇ ਮੂਹਰੇ ਖੜ੍ਹਕੇ ਗਾਉਣ ਲੱਗੇ। ਉਨ੍ਹਾਂ ਲਈ ਗਾਉਣਾ ਕਾਫ਼ੀ ਸੌਖਾ ਹੋ ਗਿਆ। ਸਹਿਜ ਅਵਸਥਾ ਵਿੱਚ ਗਾ ਕੇ ਉਹ ਲਾਊਡ ਸਪੀਕਰ ਰਾਹੀਂ ਭਾਰੀ ਜਨਸਮੂਹ ਤੱਕ ਆਪਣੀ ਆਵਾਜ਼ ਪਹੁੰਚਾ ਸਕਦੇ ਸਨ। ਤਵਿਆਂ ਦੇ ਯੁੱਗ ਨਾਲ ਪੰਜਾਬੀ ਗਾਇਕੀ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਤਵਿਆਂ ਦੇ ਯੁੱਗ ਵਿੱਚ ਪਿੰਡ ਵਿੱਚ ਕਿਸੇ ਘਰ ਵਿਆਹ-ਸ਼ਾਦੀ ਜਾਂ ਖ਼ੁਸ਼ੀ ਦੇ ਮੌਕੇ ਸਪੀਕਰ ਵਾਲੇ ਦੀ ਪੂਰੀ ਟੌਹਰ ਹੁੰਦੀ ਸੀ। ਹਰ ਵਰਗ ਦੇ ਲੋਕਾਂ ਲਈ ਉਹ ਖਿੱਚ ਦਾ ਕੇਂਦਰ ਹੁੰਦਾ ਸੀ। ਬੱਚੇ ਉਸ ਦੀ ਮਸ਼ੀਨ (ਗਰਾਮੋਂ ਫੋਨ) ਦੀਆਂ ਵਰਤੀਆਂ ਸੂਈਆਂ ਚੁੱਕਣ ਦਾ ਮਜ਼ਾ ਲੈਂਦੇ ਤੇ ਨੌਜਵਾਨ ਦੀਦਾਰ ਸਿੰਘ ਰਟੈਂਡਾ, ਚਾਂਦੀ ਰਾਮ ਚਾਂਦੀ, ਮੁਹੰਮਦ ਸਦੀਕ, ਕਰਮਜੀਤ ਧੂਰੀ, ਦੀਦਾਰ ਸੰਧੂ, ਰੰਗੀਲਾ ਜੱਟ ਜਿਹੇ ਗਾਇਕਾਂ ਦੇ ਗੀਤ ਸੁਣਨ ਲਈ ਉਸ ਦੇ ਤਰਲੇ ਕੱਢਦੇ ਜਦਕਿ ਬਜ਼ੁਰਗ ਢਾਡੀ ਅਮਰ ਸਿੰਘ ਸ਼ੌਂਕੀ ਦੀਆਂ ਕਲੀਆਂ ਸੁਣਨ ਨੂੰ ਤਰਜੀਹ ਦਿੰਦੇ।

ਵਕਤ ਆਪਣੀ ਤੋਰ ਤੁਰਦਾ ਗਿਆ। ਗਾਇਕੀ ਦੇ ਖੇਤਰ ਵਿੱਚ ਨਵੇਂ ਯੁੱਗ ਦੇ ਵਿਕਸਤ ਸਾਧਨਾਂ ਦੇ ਪਾਸਾਰ ਨੇ ਇਸ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਬਿਜਲਈ ਸਾਧਨਾਂ ਵਿੱਚ ਨਵੇਂ ਨਵੇਂ ਯੰਤਰ ਆ ਗਏ ਜਿਸ ਵਿੱਚੋਂ ਕੈਸੇਟ ਕਲਚਰ ਦਾ ਆਗਾਜ਼ ਹੋਇਆ। ਕੈਸੇਟ ਕਲਚਰ ਦੇ ਵਿਕਸਤ ਹੋਣ ਨਾਲ ਪੰਜਾਬੀ ਗਾਇਕੀ ਦਾ ਦਾਇਰਾ ਇੰਨਾ ਵਧ ਗਿਆ ਕਿ ਘਰ ਘਰ ਸੰਗੀਤਕ ਸਾਧਨਾਂ ਦੀ ਪਹੁੰਚ ਹੋ ਗਈ। ਉਂਗਲਾਂ 'ਤੇ ਗਿਣੇ ਜਾਣ ਵਾਲੇ ਗਾਇਕਾਂ ਵਿੱਚ ਨਿੱਤ ਦਿਨ ਵਾਧਾ ਹੋਣਾ ਸ਼ੁਰੂ ਹੋ ਗਿਆ। ਜਿੱਥੇ ਇੱਥੋਂ ਹੀ ਪੰਜਾਬੀ ਗਾਇਕੀ ਦੇ ਵਿਸ਼ਵ ਪੱਧਰ ਤੱਕ ਪਹੁੰਚਣ ਦਾ ਆਰੰਭ ਹੋਇਆ, ਉੱਥੇ ਇਸ ਨਾਲ ਪੰਜਾਬੀ ਗਾਇਕੀ ਦੇ ਨਕਾਰਾਤਮਕ ਪਹਿਲੂਆਂ ਦਾ ਭਾਰੂ ਹੋਣਾ ਵੀ ਸ਼ੁਰੂ ਹੋ ਗਿਆ। ਨਵੇਂ ਗਾਇਕ ਮੁੰਡੇ-ਕੁੜੀਆਂ ਬਿਜਲਈ ਸਾਧਨਾਂ ਦੀ ਵਿਕਸਤ ਹੋਈ ਨਵੀਂ ਤਕਨੀਕ ਵਿੱਚ ਬੜੇ ਸੌਖੇ ਢੰਗ ਨਾਲ ਆਪਣੀ ਆਵਾਜ਼ ਰਿਕਾਰਡ ਕਰਕੇ ਕੈਸੇਟਾਂ ਰਿਲੀਜ਼ ਕਰਨ ਲੱਗ ਪਏ। ਇਸ ਰੁਝਾਨ ਨਾਲ ਪੰਜਾਬੀ ਸੰਗੀਤ ਦੀਆਂ ਪੁਰਾਤਨ ਪਰਪੰਰਾਵਾਂ ਦਾ ਘਾਣ ਹੋਣਾ ਵੀ ਸ਼ੁਰੂ ਹੋ ਗਿਆ। ਇਸ ਵਹਿਣ ਵਿੱਚ ਪੰਜਾਬੀ ਲੋਕ ਸੰਗੀਤ ਦੀਆਂ ਮੂਲ-ਧਾਰਾਵਾਂ ਅਤੇ ਮੌਲਿਕਤਾ ਭੰਗ ਹੋਣੀ ਸ਼ੁਰੂ ਹੋ ਗਈ। ਖੁੰਭਾਂ ਦੀ ਤਰ੍ਹਾਂ ਪੈਦਾ ਹੋਣ ਵਾਲੇ ਗਾਇਕਾਂ ਵਿੱਚ ਬਹੁਤੇ ਸੁਰ ਤੇ ਤਾਲ ਦੀ ਸੂਝ ਤੋਂ ਅਣਜਾਣ ਹੋਣ ਕਰਕੇ ਤੇ ਗਾਇਨ ਕਲਾ ਦੀਆਂ ਬਾਰੀਕੀਆਂ ਤੋਂ ਨਾਵਾਕਿਫ ਅਤੇ ਕਲਾ ਪ੍ਰਤੀ ਅਸੁਹਿਰਦਤਾ ਕਰਕੇ ਪੰਜਾਬੀ ਗਾਇਕੀ ਦੀਆਂ ਅਮੀਰ ਪੁਰਾਤਨ ਪਰੰਪਰਾਵਾਂ ਦਾ ਘਾਣ ਕਰਨ ਲੱਗ ਪਏ। ਪੰਜਾਬੀ ਸੰਗੀਤ ਨੂੰ ਪੱਛਮੀ ਸੰਗੀਤ ਦਾ ਗ੍ਰਹਿਣ ਲੱਗਣਾ ਸ਼ੁਰੂ ਹੋ ਗਿਆ। ਨਵੀਂ ਪੀੜ੍ਹੀ ਦੇ ਗਾਇਕ ਤੇ ਗਾਇਕਾਵਾਂ ਇਸ ਮਿਲਗੋਭਾ ਸੰਗੀਤ ਨੂੰ ਹੀ ਆਪਣਾ ਸੱਭਿਆਚਾਰ ਤੇ



ਵਿਰਸਾ ਸਮਝਣ ਦੀ ਵੱਡੀ ਭੁੱਲ ਕਰ ਬੈਠੇ। ਗਾਇਕੀ ਤੇ ਸੱਭਿਆਚਾਰ ਨੂੰ ਇੱਕੋ ਸਿੱਕੇ ਦੇ ਦੋ ਪਹਿਲੂਆਂ ਵਜੋਂ ਪੇਸ਼ ਕਰਨ ਲੱਗ ਪਏ। ਜਦੋਂਕਿ ਸੱਭਿਆਚਾਰ ਵਿਸ਼ਾਲ ਤੇ ਵਿਆਪਕ ਵਰਤਾਰਾ ਹੈ ਜਿਸ ਵਿੱਚ ਕਿਸੇ ਕੌਮ ਦਾ ਸਮੁੱਚਾ ਜੀਵਨ ਢੰਗ ਸ਼ਾਮਲ ਹੁੰਦਾ ਹੈ, ਜਦੋਂਕਿ ਗਾਇਕੀ ਲਲਿਤ ਕਲਾ ਦੀ ਇੱਕ ਛੋਟੀ ਜਿਹੀ ਵੰਨਗੀ ਹੈ। ਗੀਤ-ਸੰਗੀਤ ਕਦੇ ਵੀ ਆਪਣੇ ਆਪ ਵਿੱਚ ਸੱਭਿਆਚਾਰ ਨਹੀਂ ਹੁੰਦਾ ਸਗੋਂ ਇਹ ਇੱਕ ਜ਼ਰੀਆ ਹੈ ਜਿਸ ਰਾਹੀਂ ਸੱਭਿਆਚਾਰ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਗੀਤ ਸਾਧਨ ਹਨ, ਉਦੇਸ਼ ਨਹੀਂ। ਗੀਤਾਂ ਰਾਹੀਂ ਕਿੰਨਾ ਕੁ ਸੱਭਿਆਚਾਰ ਪੇਸ਼ ਹੁੰਦਾ ਹੈ ਇਹ ਗਾਇਕ ਤੇ ਗੀਤਕਾਰ ਦੀ ਦਿਆਨਤਦਾਰੀ 'ਤੇ ਨਿਰਭਰ ਕਰਦਾ ਹੈ।

ਉਦਾਰੀਕਰਨ ਦੀ ਨੀਤੀ ਤਹਿਤ ਜਾਂ ਖਪਤ ਸੱਭਿਆਚਾਰ ਦੀ ਅਧੀਨਗੀ ਤਹਿਤ ਜਦੋਂ ਵਿਦੇਸ਼ੀ ਚੈਨਲਾਂ ਦਾ ਭਾਰਤ ਵਿੱਚ ਆਗਮਨ ਹੋਇਆ ਤਾਂ ਉਸ ਦੀ ਚਕਾਚੌਂਧ ਦਾ ਨੌਜਵਾਨ ਪੀੜ੍ਹੀ ਨੂੰ ਪ੍ਰਭਾਵਿਤ ਕਰਨਾ ਸੁਭਾਵਿਕ ਸੀ। ਇਹ ਉਹ ਸਮਾਂ ਸੀ ਜਦੋਂ ਤੱਕ ਅਸੀਂ ਆਪਣੇ ਸੱਭਿਆਚਾਰ ਦੀਆਂ ਸੰਗਾਂ ਸ਼ਰਮਾਂ ਦੀਆਂ ਹੱਦਾਂ ਤੇ ਵਰਜਨਾਵਾਂ ਦੀਆਂ ਸੀਮਾਵਾਂ ਅਧੀਨ ਜੀਵਨ ਬਸਰ ਕਰਦੇ ਆ ਰਹੇ ਸੀ। ਪੱਛਮ ਦੀ ਖੁੱਲ੍ਹ ਨੇ ਸਥਾਨਕ ਲੋਕਾਂ ਨੂੰ ਨਵੀਂ ਜੀਵਨ ਜਾਚ ਨਾਲ ਜੋੜਿਆ ਤੇ ਦੋਹਰੇ ਮਾਨਸਿਕ ਧਰਾਤਲ 'ਤੇ ਜਿਊਣ ਲਈ ਮਜਬੂਰ ਕਰ ਦਿੱਤਾ। ਪੱਛਮ ਤੇ ਭਾਰਤ ਦੀਆਂ ਸਮਾਜਿਕ ਪਰਿਸਥਿਤੀਆਂ ਵਿੱਚ ਬਹੁਤ ਵੱਡਾ ਅੰਤਰ ਹੈ। ਇਸ ਲਈ ਸੱਭਿਆਚਾਰ 'ਚ ਭਿੰਨਤਾ ਦਾ ਅਨੁਪਾਤ ਵੀ ਜ਼ਿਆਦਾ ਹੋਣਾ ਸੁਭਾਵਿਕ ਹੈ। ਸਾਡੇ ਗਾਇਕਾਂ ਨੇ ਜਾਂ ਸਾਡੇ ਸੰਗੀਤਕ ਉਦਯੋਗ ਨੇ ਪੱਛਮੀ ਸੱਭਿਆਚਾਰ ਦੇ ਵਿਆਪਕ ਦਾਇਰੇ ਤੇ ਉਸਾਰੂ ਤੱਤਾਂ 'ਚੋਂ ਸਿਰਫ਼ ਨੰਗੇਜ਼ ਨੂੰ ਹੀ ਅਪਣਾਇਆ ਹੈ ਜਿਹੜਾ ਕਿ ਸਾਡੇ ਸਮਾਜ ਦੀਆਂ ਉਸਾਰੂ ਕਦਰਾਂ ਕੀਮਤਾਂ, ਸੰਗਾਂ ਸ਼ਰਮਾਂ ਦੀਆਂ ਹੱਦਾਂ ਵਿੱਚ ਵਰਜਿਤ ਹੈ। ਜਦੋਂ ਇਸ ਫਾਰਮੂਲੇ ਤਹਿਤ ਇੱਕ ਅੱਧ ਗੀਤ ਹਿੱਟ ਹੋ ਗਿਆ ਤਾਂ ਸੰਗੀਤ ਦੇ ਵਪਾਰੀ ਇਸ ਦੇ ਹੀ ਪਿੱਛੇ ਹੋ ਤੁਰੇ। ਗਾਇਕਾਂ ਨੇ ਇਸ ਲਾਹਣਤ ਤੋਂ ਬਚਣ ਲਈ ਕੰਪਨੀਆਂ ਦੇ ਸਿਰ ਭਾਂਡਾ ਭੰਨਣ ਦਾ ਆਧਾਰਹੀਣ ਤਰਕ ਲੱਭ ਲਿਆ।

ਸੰਗੀਤ ਦੇ ਅੰਤਰਰਾਸ਼ਟਰੀ ਵਰਤਾਰੇ ਨੇ ਇਸ ਦਾ ਵਪਾਰੀਕਰਨ ਕਰਕੇ ਇਸ ਨੂੰ ਮੰਡੀ ਦੀ ਸ਼ਕਲ ਵਿੱਚ ਬਦਲ ਕੇ ਰੱਖ ਦਿੱਤਾ। ਇਸ ਦਾ ਸਮੁੱਚਾ ਕਾਰਜ ਖੇਤਰ ਵਪਾਰੀਆਂ ਦੇ ਹੱਥਾਂ ਵਿੱਚ ਮਹਿਫੂਜ਼ ਹੋ ਕੇ ਰਹਿ ਗਿਆ। ਉਹ ਲੋਕ ਇਸ ਖੇਤਰ ਵਿੱਚ ਘੁਸਪੈਠ ਕਰ ਗਏ ਜਿਨ੍ਹਾਂ ਦਾ ਪੰਜਾਬੀ ਸੰਗੀਤ ਨਾਲ ਦੂਰ ਦਾ ਵਾਹ ਵਾਸਤਾ ਨਹੀਂ ਸੀ। ਇਸ ਰੁਝਾਨ ਨੂੰ 'ਖਪਤ ਸੱਭਿਆਚਾਰ' ਦਾ ਨਾਂਅ ਦਿੱਤਾ ਜਾਂਦਾ ਹੈ। ਇਸ ਰੁਝਾਨ ਤਹਿਤ ਵਪਾਰੀ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਦੌੜ ਵਿੱਚ ਹਰ ਤਰ੍ਹਾਂ ਦੇ ਹੱਥਕੰਡੇ ਵਰਤਦੇ ਹਨ। ਸਰੋਤਿਆਂ ਨੂੰ ਭਰਮਾਉਣ ਲਈ ਉਹ ਨੀਵੇਂ ਤੋਂ ਨੀਵੇਂ ਪੱਧਰ ਤੱਕ ਵੀ ਚਲੇ ਜਾਂਦੇ ਹਨ। ਇਸ ਰੁਝਾਨ ਦੇ ਰਗੜੇ ਹੋਏ ਧੁਰੰਦਰ ਗਾਇਕ ਅੱਜ ਘਰਾਂ ਵਿੱਚ ਬੈਠੇ ਹਨ। ਸ਼ੈਤਾਨ ਦਿਮਾਗ਼ਾਂ ਦੀ ਪਹੁੰਚ ਸਿਰਫ਼ ਧੰਨ ਕਮਾਊ ਪ੍ਰਵਿਰਤੀ ਤੱਕ ਸੀਮਤ ਹੋ ਕੇ ਰਹਿ ਗਈ। ਉਨ੍ਹਾਂ ਲਈ ਗੀਤ ਸੰਗੀਤ ਆਮ ਚੀਜ਼ਾਂ ਵੇਚਣ ਦੀ ਤਰ੍ਹਾਂ ਹੈ। ਇਸ ਵਪਾਰ ਦੇ ਜ਼ਰੀਏ ਜੋ ਜ਼ਹਿਰ ਪੰਜਾਬ ਦੀ ਧਰਤੀ 'ਤੇ ਫੈਲਾਇਆ ਗਿਆ, ਇਸ ਦੇ ਸਿੱਟੇ ਬਹੁਤ ਮਾੜੇ ਨਿਕਲਣੇ ਸ਼ੁਰੂ ਹੋ ਗਏ। ਸਕਾਰਾਤਮਕ ਪਹਿਲੂ ਦੇ ਸਿੱਟੇ ਸਾਰਥਿਕ ਤੇ ਸ਼ੁੱਭ ਹੁੰਦੇ ਹਨ ਜਦਕਿ ਨਕਾਰਾਤਮਕ ਦੇ ਸਿੱਟੇ ਮਾਰੂ ਤੇ ਘਾਤਕ ਹੁੰਦੇ ਹਨ।

ਸੈਟੇਲਾਈਟ ਚੈਨਲਾਂ ਤੇ ਨਵੇਂ ਵਿਕਸਤ ਹੋਏ ਸੰਗੀਤਕ ਸਾਧਨਾਂ ਕਰਕੇ ਜਿੱਥੇ ਪੰਜਾਬੀ ਗਾਇਕੀ ਵਿਸ਼ਵ ਪੱਧਰ 'ਤੇ ਪਛਾਣ ਬਣਾਉਣ ਵਿੱਚ ਸਫਲ ਹੋਈ ਹੈ, ਉੱਥੇ ਨਕਾਰਾਤਮਕ ਪਹਿਲੂਆਂ ਸਦਕਾ ਪੰਜਾਬੀ ਗਾਇਕੀ ਇੱਕ ਅਜਿਹੇ ਰੁਝਾਨ ਵੱਲ ਰੁਚਿਤ ਹੋਈ ਹੈ ਜਿਸ ਨਾਲ ਸਾਡੀਆਂ ਸਮਾਜਿਕ ਕਦਰਾਂ ਕੀਮਤਾਂ ਲਈ ਬਹੁਤ ਵੱਡਾ ਖ਼ਤਰਾ ਖੜ੍ਹਾ ਹੋ ਗਿਆ। ਵਪਾਰੀਆਂ ਨੇ ਪੰਜਾਬੀ ਗਾਇਕੀ ਨੂੰ ਬਹੁਤ ਵੱਡਾ ਮੁਨਾਫੇ ਵਾਲਾ ਵਪਾਰ ਬਣਾ ਕੇ ਇਸ ਸੂਖਮ ਕਲਾ ਤੇ ਮਿਹਨਤਕਸ਼ ਪੰਜਾਬੀਆਂ ਦੇ ਦਿਲਾਂ ਨੂੰ ਸਕੂਨ ਦੇਣ ਵਾਲੀ ਅਣਮੁੱਲੀ ਦਾਤ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ। ਜੀਅ ਸਦਕੇ ਵਪਾਰ ਕਰੋ, ਪਰ ਇਸ ਦੇ ਨਾਲ ਨਾਲ ਪੰਜਾਬੀਆਂ ਦੀਆਂ ਸਮਾਜਿਕ ਕਦਰਾਂ ਕੀਮਤਾਂ ਦੀ ਬਹਾਲੀ ਨੂੰ ਕਾਇਮ ਰੱਖਣਾ ਵੀ ਅਤਿ ਜ਼ਰੂਰੀ ਹੋਣ ਚਾਹੀਦਾ ਹੈ। ਇਸ ਤਰ੍ਹਾਂ ਦਾ ਵਪਾਰ ਅਰਥ ਸ਼ਾਸਤਰ ਦੀ ਕਸੌਟੀ 'ਤੇ ਵੀ ਖਰਾ ਨਹੀਂ ਉਤਰਦਾ ਕਿਉਂਕਿ ਸੰਗੀਤ ਦਾ ਸਬੰਧ ਸਰੀਰਕ ਲੋੜਾਂ ਨਾਲ ਨਹੀਂ ਸਗੋਂ ਦਿਮਾਗ਼ ਨੂੰ ਸ਼ਾਂਤੀ ਪ੍ਰਦਾਨ ਕਰਨ ਨਾਲ ਹੈ, ਮਨ ਨੂੰ ਸਕੂਨ ਦੇਣ ਦੇ ਨਾਲ ਹੈ। ਮਨ ਦੀ ਸ਼ਾਂਤੀ ਕਦੇ ਵੀ ਪੈਸੇ ਨਾਲ ਨਹੀਂ ਖ਼ਰੀਦੀ ਜਾ ਸਕਦੀ। ਵਪਾਰੀ ਵਰਗ ਵੱਲੋਂ ਵਿਛਾਏ ਜਾਲ ਵਿੱਚ ਅੱਜ ਕੰਪਨੀ ਮਾਲਕ, ਗਾਇਕ ਤੇ ਪੰਜਾਬੀ ਸਰੋਤਾ ਤਿੰਨੋਂ ਹੀ ਫਸ ਕੇ ਭਟਕ ਰਹੇ ਹਨ।

ਇਨ੍ਹਾਂ ਹਾਲਤਾਂ ਦੇ ਬਾਵਜੂਦ ਪੰਜਾਬੀ ਗਾਇਕੀ ਦੇ ਸੁਹਿਰਦ ਕਲਾਕਾਰ ਆਪਣੀਆਂ ਕੋਸ਼ਿਸ਼ਾਂ ਲਗਾਤਾਰ ਜੁਟਾਉਂਦੇ ਆ ਰਹੇ ਹਨ ਕਿ ਇਸ ਉੱਪਰ ਪਏ ਪ੍ਰਭਾਵਾਂ ਨੂੰ ਠੱਲ੍ਹ ਪਾਈ ਜਾ ਸਕੇ। ਉਨ੍ਹਾਂ ਆਪਣੇ ਵਿਰਸੇ ਤੇ ਸੱਭਿਆਚਾਰ ਦਾ ਪੱਲਾ ਘੁੱਟ ਕੇ ਫੜਿਆ ਹੋਇਆ ਹੈ। ਇਨ੍ਹਾਂ ਵਿੱਚ ਗੁਰਦਾਸ ਮਾਨ, ਹਰਭਜਨ ਮਾਨ, ਸਤਿੰਦਰ ਸਰਤਾਜ, ਪੰਮੀ ਬਾਈ, ਮਨਮੋਹਨ ਵਾਰਿਸ, ਕਮਲ ਹੀਰ ਆਦਿ ਕੁਝ ਕੁ ਉਂਗਲਾਂ 'ਤੇ ਗਿਣੇ ਜਾਣ ਗੋਚਰੇ ਕਲਾਕਾਰਾਂ ਦੇ ਨਾਵਾਂ ਨੂੰ ਸ਼ੁਮਾਰ ਕੀਤਾ ਜਾ ਸਕਦਾ ਹੈ।

ਅਜੋਕੀ ਪੰਜਾਬੀ ਗਾਇਕੀ ਮੌਜੂਦਾ ਦੌਰ ਦੇ ਇੱਕ ਖਲਾਅ 'ਚੋਂ ਗੁਜ਼ਰ ਰਹੀ ਹੈ। ਇੱਕ ਦੋ ਗਾਇਕਾਂ ਤੋਂ ਸਿਵਾਏ ਕੋਈ ਵੀ ਗਾਇਕ ਆਪਣੀ ਪੂਰੀ ਐਲਬਮ (ਡਿਸਕ) ਰਿਲੀਜ਼ ਕਰਨ ਦਾ ਹੀਆ ਨਹੀਂ ਰੱਖਦਾ। ਗਾਇਕੀ ਸੁਣਨ ਨਾਲੋਂ ਦੇਖਣ ਦੀ ਚੀਜ਼ ਬਣਾ ਕੇ ਰੱਖ ਦਿੱਤੀ ਹੈ। (ਬਾਕੀ ਸਫ਼ਾ 27 'ਤੇ)

## ਕੀ ਬੰਗਾਲ ਦੀ ਜਿੱਤ ਦਾ ਪਰਛਾਵਾਂ

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਹਿਮ ਮੋੜ 'ਤੇ ਹੈ। ਜਿੱਥੇ ਭਾਜਪਾ 'ਡਬਲ ਇੰਜਣ' ਸਰਕਾਰ ਦੇ ਸੁਪਨੇ ਦੇਖ ਰਹੀ ਹੈ, ਉੱਥੇ ਹੀ ਖੇਤਰੀ ਪਾਰਟੀਆਂ ਅਤੇ ਮੌਜੂਦਾ ਸੱਤਾਧਾਰੀ ਧਿਰ ਆਪ ਆਪਣਾ ਕਿਲ੍ਹਾ ਬਚਾਉਣ ਲਈ ਪੱਬਾਂ ਭਾਰ ਹਨ। ਪਰ ਪੰਜਾਬ ਦੀ ਰਾਜਨੀਤੀ ਵਿੱਚ ਖੇਤਰੀ ਪਾਰਟੀਆਂ (ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ) ਅਤੇ ਨਵੀਂ ਉਭਰੀ ਆਮ ਆਦਮੀ ਪਾਰਟੀ (ਆਪ) ਲਈ ਹਾਲਾਤ ਬੇਹੱਦ ਚੁਣੌਤੀਪੂਰਨ ਹੋ ਗਏ ਹਨ।

ਦਿੱਲੀ ਵਿੱਚ ਸੱਤਾ ਗੁਆਉਣ ਤੋਂ ਬਾਅਦ ਪੰਜਾਬ ਵਿੱਚ ਵੀ 'ਆਪ' ਦੀ ਸਥਿਤੀ ਡਾਵਾਂਡੋਲ ਨਜ਼ਰ ਆ ਰਹੀ ਹੈ। ਪਾਰਟੀ ਦੇ ਛੇ ਰਾਜ ਸਭਾ ਮੈਂਬਰਾਂ ਦਾ ਪਾਰਟੀ ਛੱਡਣਾ ਇਹ ਦਰਸਾਉਂਦਾ ਹੈ ਕਿ ਪਾਰਟੀ ਅੰਦਰ ਸਭ ਕੁਝ ਠੀਕ ਨਹੀਂ ਹੈ। ਦਿੱਲੀ ਦੀ ਹਾਰ ਦਾ ਅਸਰ ਪੰਜਾਬ ਦੇ ਵੋਟਰਾਂ 'ਤੇ ਪੈਣਾ ਲਾਜ਼ਮੀ ਹੈ।

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ, ਅਕਾਲੀ ਦਲ, ਪਿਛਲੇ ਕਈ ਚੋਣਾਂ ਤੋਂ ਲਗਾਤਾਰ ਕਮਜ਼ੋਰ ਹੋ ਰਹੀ ਹੈ। ਦੇਸ਼ ਭਰ ਵਿੱਚ ਖੇਤਰੀ ਪਾਰਟੀਆਂ ਦੇ ਖਤਮ ਹੋਣ ਦੇ ਰੁਝਾਨ ਨੇ ਅਕਾਲੀ ਦਲ ਲਈ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਜੇਕਰ ਪਾਰਟੀ ਨੇ ਆਪਣੀ ਰਣਨੀਤੀ ਅਤੇ ਲੀਡਰਸ਼ਿਪ ਵਿੱਚ ਵੱਡੀ ਤਬਦੀਲੀ ਨਾ ਕੀਤੀ, ਤਾਂ ਪੰਜਾਬ ਵਿੱਚ ਵੀ ਬਾਈਪੋਲਰ (ਭਾਜਪਾ ਬਨਾਮ ਕਾਂਗਰਸ) ਰਾਜਨੀਤੀ ਦਾ ਰਾਹ ਸਾਫ਼ ਹੋ ਸਕਦਾ ਹੈ।

ਬੰਗਾਲ ਅਤੇ ਬਿਹਾਰ ਵਾਂਗ ਭਾਜਪਾ ਹੁਣ ਪੰਜਾਬ ਵਿੱਚ ਵੀ ਇਕੱਲਿਆਂ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖੇਤਰੀ ਪਾਰਟੀਆਂ ਦੇ ਕਮਜ਼ੋਰ ਹੋਣ ਦਾ ਸਿੱਧਾ ਫਾਇਦਾ ਭਾਜਪਾ ਨੂੰ ਮਿਲਣ ਦੀ ਸੰਭਾਵਨਾ ਹੈ, ਜੋ ਹੁਣ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਵੋਟ ਬੈਂਕ ਵਿੱਚ ਸੰਨ੍ਹ ਲਾ ਰਹੀ ਹੈ।

ਜਿਸ ਤਰ੍ਹਾਂ ਮਹਾਰਾਸ਼ਟਰ ਵਿੱਚ ਖੇਤਰੀ ਪਾਰਟੀਆਂ ਟੁੱਟ ਕੇ ਭਾਜਪਾ 'ਤੇ ਨਿਰਭਰ ਹੋ ਗਈਆਂ ਹਨ, ਪੰਜਾਬ ਵਿੱਚ ਵੀ ਅਜਿਹੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਖੇਤਰੀ ਆਗੂ ਆਪਣਾ ਵੋਟ ਬੈਂਕ ਬਚਾਉਣ ਵਿੱਚ ਨਾਕਾਮ ਰਹਿੰਦੇ ਹਨ, ਤਾਂ ਪੰਜਾਬ ਵਿੱਚ ਵੀ 'ਖੇਤਰੀ ਰਾਜਨੀਤੀ' ਦਾ ਅੰਤ ਹੋ ਸਕਦਾ ਹੈ ਅਤੇ ਰਾਸ਼ਟਰੀ ਪਾਰਟੀਆਂ ਦਾ ਗਲਬਾ ਵਧ ਸਕਦਾ ਹੈ।

ਦੇਸ਼ ਭਰ ਵਿੱਚ ਚੱਲ ਰਹੀ 'ਰਾਸ਼ਟਰੀ ਨੈਰੇਟਿਵ' ਦੀ ਲਹਿਰ ਨੇ ਖੇਤਰੀ ਪਾਰਟੀਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਪੰਜਾਬ, ਜੋ ਹਮੇਸ਼ਾ ਆਪਣੀ ਵੱਖਰੀ ਸਿਆਸੀ ਪਛਾਣ ਲਈ ਜਾਣਿਆ ਜਾਂਦਾ ਸੀ, ਹੁਣ ਉਸੇ ਮੋੜ 'ਤੇ ਖੜ੍ਹਾ ਹੈ ਜਿੱਥੇ ਬੰਗਾਲ ਅਤੇ ਤਮਿਲਨਾਡੂ ਖੜ੍ਹੇ ਸਨ। ਆਉਣ ਵਾਲਾ ਸਮਾਂ ਪੰਜਾਬ ਦੀਆਂ ਖੇਤਰੀ ਪਾਰਟੀਆਂ ਲਈ ਸਭ ਤੋਂ ਵੱਡੀ ਪ੍ਰੀਖਿਆ ਸਾਬਤ ਹੋਵੇਗਾ।

ਅੰਤ ਵਿੱਚ, ਫੈਸਲਾ ਪੰਜਾਬ ਦੇ ਵੋਟਰਾਂ ਨੇ ਕਰਨਾ ਹੈ, ਜੋ ਹਮੇਸ਼ਾ ਦਿੱਲੀ ਦੀ ਸਿਆਸਤ ਨੂੰ ਆਪਣੇ ਵੱਖਰੇ ਅੰਦਾਜ਼ ਵਿੱਚ ਜਵਾਬ ਦੇਣ ਲਈ ਜਾਣੇ ਜਾਂਦੇ ਹਨ। ਭਾਜਪਾ ਲਈ ਸਿਰਫ਼ ਬਿਰਤਾਂਤ ਸਿਰਜਣਾ ਕਾਫੀ ਨਹੀਂ ਹੋਵੇਗਾ, ਉਸ ਨੂੰ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਜ਼ਮੀਨੀ ਪੱਧਰ 'ਤੇ ਵੱਡੇ ਅਤੇ ਹਾਂ-ਪੱਖੀ ਬਦਲਾਅ ਲਿਆਉਣੇ ਪੈਣਗੇ।

***

## ਸਰਕਾਰੀ ਦਖਲਅੰਦਾਜ਼ੀ ਵਿਰੁੱਧ

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਦੀ ਇਕੱਤਰਤਾ 'ਚ ਸਾਂਝੀ ਰਾਇ ਇਹ ਬਣੀ ਹੈ ਕਿ ਖ਼ਾਲਸਾ ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਹਿਮਤੀ ਤੋਂ ਬਿਨਾਂ ਜੋ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਪੰਜਾਬ ਸਰਕਾਰ ਨੇ ਸੋਧ ਕਰਕੇ ਜਿਸ ਰੂਪ ਵਿੱਚ ਪਾਸ ਕੀਤਾ ਹੈ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਦੀ ਮੰਗ ਅਤੇ ਰਾਇ ਨੂੰ ਧਿਆਨ ਵਿੱਚ ਰੱਖਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 8 ਮਈ ਨੂੰ 11 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ ਹੈ ਅਤੇ ਉਨ੍ਹਾਂ ਨਾਲ ਕਾਨੂੰਨ ਬਾਰੇ ਮਦ-ਦਰ-ਮਦ ਵਿਚਾਰ ਕੀਤਾ ਜਾਵੇਗਾ ਅਤੇ ਪੁੱਛਿਆ ਜਾਵੇਗਾ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਭਰੋਸੇ 'ਚ ਕਿਉਂ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਐਕਟ ਅੰਦਰ ਜੋ ਸੋਧਾਂ ਕੀਤੀਆਂ ਗਈਆਂ ਉਨ੍ਹਾਂ ਨੂੰ ਖ਼ਾਲਸਾ ਪੰਥ ਉਦੋਂ ਤੱਕ ਪ੍ਰਵਾਨ ਨਹੀਂ ਕਰ ਸਕਦਾ ਜਦੋਂ ਤੱਕ ਪੰਥ ਦੀ ਸਹਿਮਤੀ ਨਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਕੋਈ ਵੀ ਮਾਮਲਾ ਸਿੱਖਾਂ ਦਾ ਅੰਦਰੂਨੀ ਧਾਰਮਿਕ ਮਾਮਲਾ ਹੈ ਅਤੇ ਇਸ ਸੰਬੰਧੀ ਕੋਈ ਵੀ ਸਰਕਾਰ ਸਿੱਖਾਂ ਉੱਤੇ ਜ਼ਬਰਦਸਤੀ ਕਾਨੂੰਨ ਨਹੀਂ ਠੋਸ ਸਕਦੀ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਸਿੱਖ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ। ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਭਾਵੇਂ ਕਿੰਨਾ ਵੀ ਸਖ਼ਤ ਕਾਨੂੰਨ ਬਣਾਵੇ, ਇਸ ਨਾਲ ਖ਼ਾਲਸਾ ਪੰਥ ਦਾ ਕੋਈ ਵਿਰੋਧ ਨਹੀਂ ਪ੍ਰੰਤੂ ਜਦੋਂ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਉਂਦੀ ਹੈ ਅਤੇ ਇਸ ਨਾਲ ਜੁੜੀਆਂ ਸਿੱਖ ਭਾਵਨਾਵਾਂ ਅਤੇ ਸਿੱਖ ਸਰੋਕਾਰਾਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦੀ ਹੋਵੇ ਤਾਂ ਖ਼ਾਲਸਾ ਪੰਥ ਇਸ ਨੂੰ ਪ੍ਰਵਾਨ ਨਹੀਂ ਕਰ ਸਕਦਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਜਦੋਂ ਤੋਂ ਬੇਅਦਬੀਆਂ ਦਾ ਦੌਰ ਚੱਲਿਆ ਇਸ ਅਰਸੇ ਦੌਰਾਨ ਦੋ ਸਰਕਾਰਾਂ ਆਈਆਂ ਪਰ ਅਸਲ ਦੋਸ਼ੀਆਂ ਤੱਕ ਕੋਈ ਸਰਕਾਰ ਨਹੀਂ ਪਹੁੰਚੀ। 2015 ਨਾਲ ਸੰਬੰਧਿਤ ਬੇਅਦਬੀ ਦੇ ਕੇਸ ਪੰਜਾਬ ਤੋਂ ਬਾਹਰ ਤਬਦੀਲ ਹੋਏ ਪਰ ਪੰਜਾਬ ਦੀ ਮੌਜੂਦਾ ਸਰਕਾਰ ਨੇ ਇਨ੍ਹਾਂ ਕੇਸਾਂ ਨੂੰ ਪੰਜਾਬ 'ਚ ਵਾਪਸ ਲਿਆਉਣ ਲਈ ਕੋਈ ਠੋਸ ਪੈਰਵਾਈ ਨਹੀਂ ਕੀਤੀ। ਅਜੇ ਤੱਕ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਨਹੀਂ ਲਿਆਂਦਾ ਗਿਆ, ਇਸ ਬਾਰੇ ਪੰਜਾਬ ਸਰਕਾਰ ਨੂੰ ਸਪੱਸ਼ਟ ਕਰਨਾ ਪਵੇਗਾ।

ਦੂਜੇ ਪਾਸੇ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਮਾਮਲਾ ਇੱਕ ਵਾਰ ਫਿਰ ਅਟਕ ਗਿਆ ਹੈ। ਪੰਥਕ ਆਗੂਆਂ ਦੇ ਵਿਚਾਰਾਂ ਵਿੱਚ ਵਖਰੇਵਾਂ ਸਾਫ਼ ਨਜ਼ਰ ਆਇਆ। ਕੁਝ ਆਗੂਆਂ ਦਾ ਇਹ ਕਹਿਣਾ ਕਿ ਜੇਕਰ ਉਹ ਸ਼ਹੀਦ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ 'ਸ਼ਹੀਦਾਂ ਦੀ ਕਤਾਰ' ਵਿੱਚ ਜਾਣ ਦਿੱਤਾ ਜਾਵੇ। ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਸੰਬੰਧੀ ਜਥੇਦਾਰ ਗੜਗੱਜ ਨੇ ਕਿਹਾ ਕਿ ਜਦੋਂ ਸੈਂਕੜੇ ਲੋਕਾਂ ਨੂੰ ਕਤਲ ਕਰਨ ਵਾਲੇ ਕੈਦੀਆਂ ਨੂੰ ਦੇਸ਼ ਦੇ ਰਾਸ਼ਟਰਪਤੀ ਰਿਹਾਅ ਕਰ ਸਕਦੇ ਹਨ ਤਾਂ ਫਿਰ ਸਿੱਖਾਂ ਨਾਲ ਕੇਂਦਰ ਸਰਕਾਰ ਦੋਹਰੇ ਮਾਪਦੰਡ ਕਿਉਂ ਅਪਣਾ ਰਹੀ ਹੈ। ਪ੍ਰਧਾਨ ਮੰਤਰੀ ਦੇ ਕਤਲ ਮਾਮਲੇ 'ਚ ਕੈਦੀਆਂ ਨੂੰ ਛੱਡਿਆ ਜਾ ਸਕਦਾ ਹੈ ਤਾਂ ਫਿਰ ਸੂਬੇ ਦੇ ਮੁੱਖ ਮੰਤਰੀ ਦੇ ਮਾਮਲੇ ਵਿੱਚ ਕੈਦੀਆਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਹ ਸਿੱਖਾਂ ਪ੍ਰਤੀ ਦੋਹਰੀ ਨੀਤੀ ਕਿਉਂ ਅਪਣਾ ਰਹੀ ਹੈ, 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਈ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਬਾਰੇ ਨੋਟੀਫਕੇਸ਼ਨ ਜਾਰੀ ਕੀਤਾ ਗਿਆ ਸੀ ਪਰ ਹੁਣ ਤੱਕ ਉਸ 'ਤੇ ਅਮਲ ਨਹੀਂ ਹੋਇਆ।

ਮੀਟਿੰਗ ਵਿੱਚ ਇਸ ਮੁੱਦੇ 'ਤੇ ਕਿਸੇ ਠੋਸ ਨਤੀਜੇ 'ਤੇ ਨਾ ਪਹੁੰਚਣਾ ਸਿੱਖ ਲੀਡਰਸ਼ਿਪ ਦੀ ਅੰਦਰੂਨੀ ਖਿੱਚੋਤਾਣ ਜਾਂ ਰਣਨੀਤਕ ਦੁਬਿਧਾ ਵੱਲ ਇਸ਼ਾਰਾ ਕਰਦਾ ਹੈ।

ਇਸ ਇਕੱਤਰਤਾ ਨੇ ਜਿੱਥੇ ਸਰਕਾਰ ਨੂੰ ਆਪਣੇ ਦਾਇਰੇ ਵਿੱਚ ਰਹਿਣ ਦੀ ਚਿਤਾਵਨੀ ਦਿੱਤੀ ਹੈ, ਉੱਥੇ ਹੀ ਸਿੱਖ ਲੀਡਰਸ਼ਿਪ ਨੂੰ ਵੀ ਆਤਮ-ਮੰਥਨ ਕਰਨ ਦੀ ਲੋੜ ਹੈ। ਪੰਥਕ ਮਾਮਲਿਆਂ ਵਿੱਚ ਫ਼ੈਸਲੇ ਭਾਵੁਕਤਾ ਦੀ ਬਜਾਏ ਦੂਰਅੰਦੇਸ਼ੀ ਅਤੇ ਪੰਥਕ ਰਵਾਇਤਾਂ ਦੀ ਰੌਸ਼ਨੀ ਵਿੱਚ ਹੋਣੇ ਚਾਹੀਦੇ ਹਨ। ਬੇਅਦਬੀ ਇੱਕ ਅਜਿਹਾ ਸੰਵੇਦਨਸ਼ੀਲ ਮੁੱਦਾ ਹੈ ਜਿਸ ਨੇ ਪਿਛਲੇ ਇਕ ਦਹਾਕੇ ਤੋਂ ਪੰਜਾਬ ਦੀ ਸਮਾਜਿਕ ਅਤੇ ਸਿਆਸੀ ਫ਼ਿਜ਼ਾ ਨੂੰ ਪ੍ਰਭਾਵਿਤ ਕੀਤਾ ਹੈ। ਸਰਕਾਰ ਦਾ ਮਕਸਦ ਭਾਵੇਂ ਸਖ਼ਤ ਸਜ਼ਾਵਾਂ ਦੇਣਾ ਹੋਵੇ, ਪਰ ਜੇਕਰ ਅਜਿਹੇ ਕਾਨੂੰਨ ਸਬੰਧਤ ਸੂਬੇ ਦੇ ਮੁੱਖ ਸਰੋਕਾਰਾਂ (ਸਿੱਖ ਪੰਥ) ਨੂੰ ਭਰੋਸੇ ਵਿੱਚ ਲਏ ਬਿਨਾਂ ਬਣਾਏ ਜਾਂਦੇ ਹਨ, ਤਾਂ ਉਹ ਅਕਸਰ ਵਿਵਾਦਾਂ ਵਿੱਚ ਘਿਰ ਜਾਂਦੇ ਹਨ। ਹੁਣ ਸਾਰੀਆਂ ਨਜ਼ਰਾਂ 8 ਮਈ 'ਤੇ ਟਿਕੀਆਂ ਹਨ ਜਿੱਥੇ ਇਹ ਤੈਅ ਹੋਵੇਗਾ ਕਿ ਅਕਾਲ ਤਖ਼ਤ ਸਾਹਿਬ ਸਰਕਾਰੀ ਦਖ਼ਲਅੰਦਾਜ਼ੀ ਅਤੇ ਕੌਮੀ ਫ਼ੈਸਲਿਆਂ ਵਿਚਾਲੇ ਕਿਹੜੀ ਲਕੀਰ ਖਿੱਚਦੇ ਹਨ।

ਇਸ ਮੌਕੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ ਆਦਿ ਵੀ ਮੌਜੂਦ ਸਨ।

***

## ਕੈਨੇਡਾ ਦੀ ਦੋਹਰੀ ਚਾਲ: ਇੱਕ ਪਾਸੇ ਭਾਰਤ ਨਾਲ

ਉਨ੍ਹਾਂ ਦੇ ਹੱਕਾਂ ਨੂੰ ਕਿਸੇ ਡਿਪਲੋਮੈਟਿਕ ਸੌਦੇਬਾਜ਼ੀ ਦੀ ਭੇਟ ਨਹੀਂ ਚੜ੍ਹਾਇਆ ਜਾਣਾ ਚਾਹੀਦਾ। ਇਹ ਇੱਕ ਕੌੜਾ ਸੱਚ ਹੈ ਕਿ ਕਈ ਸਿੱਖ ਸਿਆਸਤਦਾਨ (ਜੋ ਲਿਬਰਲ ਜਾਂ ਕੰਜ਼ਰਵੇਟਿਵ ਪਾਰਟੀਆਂ ਵਿੱਚ ਹਨ) ਇੱਕ ਦੋਹਰੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਮਾਰਕ ਕਾਰਨੀ ਦੀ ਅਗਵਾਈ ਵਿੱਚ ਜਦੋਂ ਸਰਕਾਰ ਭਾਰਤ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਪਾਰਟੀ ਦੇ ਅੰਦਰ ਰਹਿ ਕੇ ਸਿੱਖ ਐਮ.ਪੀ. ਸਰਕਾਰ ਦੀ ਅਧਿਕਾਰਤ ਨੀਤੀ ਦੇ ਉਲਟ ਬੋਲਣ ਤੋਂ ਡਰਦੇ ਹਨ। ਕੈਨੇਡੀਅਨ ਸਿੱਖ ਭਾਈਚਾਰਾ ਖੁਦ ਵੱਖ-ਵੱਖ ਵਿਚਾਰਧਾਰਾਵਾਂ ਵਿੱਚ ਵੰਡਿਆ ਹੋਇਆ ਹੈ। ਸਿਆਸਤਦਾਨ ਅਜਿਹਾ ਸਟੈਂਡ ਲੈਣ ਤੋਂ ਬਚਦੇ ਹਨ ਜੋ ਉਨ੍ਹਾਂ ਦੇ ਗ਼ੈਰ-ਸਿੱਖ ਵੋਟਰਾਂ ਜਾਂ ਭਾਰਤ ਪੱਖੀ ਵੋਟਰਾਂ ਨੂੰ ਨਾਰਾਜ਼ ਕਰੇ। ਕਈ ਸਿਆਸਤਦਾਨਾਂ ਨੂੰ ਇਹ ਵੀ ਡਰ ਰਹਿੰਦਾ ਹੈ ਕਿ ਭਾਰਤ ਵਿਰੁੱਧ ਬੋਲਣ ਨਾਲ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਭਾਰਤੀ ਵੀਜ਼ੇ 'ਤੇ ਅਸਰ ਪੈ ਸਕਦਾ ਹੈ।

***

## ਪੰਜਾਬ 'ਚ ਭਾਜਪਾ ਦੀ 'ਸਿਆਸੀ ਸਰਜੀਕਲ ਸਟ੍ਰਾਈਕ'

ਭਾਜਪਾ ਕੇਂਦਰੀ ਗ੍ਰਾਂਟਾਂ, ਸਰਹੱਦੀ ਸੁਰੱਖਿਆ ਅਤੇ ਵਿਕਾਸ ਦੇ ਮੁੱਦਿਆਂ 'ਤੇ ਸਿੱਧਾ 'ਆਪ' ਸਰਕਾਰ ਨੂੰ ਘੇਰ ਰਹੀ ਹੈ। 'ਆਪ' ਦੇ ਰਾਜ ਸਭਾ ਮੈਂਬਰਾਂ ਦਾ ਭਾਜਪਾ ਵਿੱਚ ਜਾਣਾ ਇਹ ਦਰਸਾਉਂਦਾ ਹੈ ਕਿ ਭਾਜਪਾ ਸੱਤਾਧਾਰੀ ਪਾਰਟੀ ਦੇ ਅੰਦਰੂਨੀ ਢਾਂਚੇ ਵਿੱਚ ਸੰਨ੍ਹ ਲਾਉਣ ਦੇ ਸਮਰੱਥ ਹੈ।

ਸਿਆਸੀ ਮਾਹਿਰਾਂ ਅਨੁਸਾਰ, 2022 ਵਿੱਚ ਕਿਸਾਨ ਅੰਦੋਲਨ ਕਾਰਨ ਜੋ ਭਾਜਪਾ ਪ੍ਰਤੀ ਗੁੱਸਾ ਸੀ, ਉਹ ਹੁਣ ਹੌਲੀ-ਹੌਲੀ ਘਟਦਾ ਦਿਖਾਈ ਦੇ ਰਿਹਾ ਹੈ। ਪਾਰਟੀ ਵਿੱਚ ਵੱਡੇ ਸਿੱਖ ਲੀਡਰਾਂ ਦੇ ਆਉਣ ਨਾਲ ਲੋਕਾਂ ਵਿੱਚ ਭਾਜਪਾ ਪ੍ਰਤੀ ਝਿਜਕ ਘਟੀ ਹੈ। ਵੋਟਰ ਹੁਣ ਸਿਰਫ਼ ਪਾਰਟੀ ਦੀ ਵਿਚਾਰਧਾਰਾ ਨਹੀਂ, ਸਗੋਂ ਸੂਬੇ ਵਿੱਚ ਅਮਨ-ਕਾਨੂੰਨ, ਨਸ਼ਾ ਅਤੇ ਬੇਰੁਜ਼ਗਾਰੀ ਵਰਗੇ ਗੰਭੀਰ ਮਸਲਿਆਂ ਦਾ ਹੱਲ ਲੱਭ ਰਹੇ ਹਨ।

ਹਾਲਾਂਕਿ, ਚੁਣੌਤੀਆਂ ਅਜੇ ਵੀ ਬਰਕਰਾਰ ਹਨ। ਭਾਵੇਂ 'ਪੈਰਾਸ਼ੂਟ ਲੀਡਰਾਂ' ਨੇ ਭਾਜਪਾ ਨੂੰ ਹੈੱਡਲਾਈਨਾਂ ਵਿੱਚ ਤਾਂ ਲਿਆ ਦਿੱਤਾ ਹੈ, ਪਰ ਕੀ ਇਹ ਆਗੂ ਆਪਣੇ ਨਾਲ ਆਪਣਾ ਵੋਟ ਬੈਂਕ ਵੀ ਭਾਜਪਾ ਵੱਲ ਮੋੜ ਸਕਣਗੇ? ਇਹ ਪੰਜਾਬ ਦੀ ਸਿਆਸਤ ਦਾ ਸਭ ਤੋਂ ਵੱਡਾ ਸਵਾਲ ਬਣਿਆ ਹੋਇਆ ਹੈ।

***

## ਅਮਰੀਕਾ ਵਿੱਚ ਸ਼ਰਨ ਮੰਗਣ ਵਾਲਿਆਂ

ਨਵੀਂ ਨੀਤੀ ਮੁਤਾਬਕ, ਧੋਖਾਧੜੀ ਕਰਕੇ ਸ਼ਰਨ ਮੰਗਣ ਵਾਲਿਆਂ ਨੂੰ ਹੁਣ ਸਿਰਫ਼ ਦੇਸ਼ ਨਿਕਾਲਾ ਹੀ ਨਹੀਂ ਦਿੱਤਾ ਜਾਵੇਗਾ, ਬਲਕਿ ਉਨ੍ਹਾਂ 'ਤੇ ਤੁਰੰਤ ਦੇਸ਼ ਨਿਕਾਲਾ ਦੀ ਪ੍ਰਕਿਰਿਆ ਲਾਗੂ ਹੋ ਸਕਦੀ ਹੈ। ਇਸਦਾ ਮਤਲਬ ਹੈ ਕਿ ਅਦਾਲਤੀ ਸੁਣਵਾਈ ਤੋਂ ਬਿਨਾਂ ਹੀ ਉਨ੍ਹਾਂ ਨੂੰ ਵਾਪਸ ਭੇਜਿਆ ਜਾ ਸਕਦਾ ਹੈ।

ਪਹਿਲਾਂ ਤੋਂ ਰਹਿ ਰਹੇ ਲੋਕਾਂ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਦੀ ਵੀ ਜਾਂਚ ਹੋ ਸਕਦੀ ਹੈ। ਜੇਕਰ ਕੋਈ ਅਜਿਹੀ ਸਮੱਗਰੀ ਪਾਈ ਜਾਂਦੀ ਹੈ ਜੋ ਅਮਰੀਕੀ ਕਾਨੂੰਨ ਮੁਤਾਬਕ 'ਕੱਟੜਪੰਥੀ' ਜਾਂ 'ਗਲਤ ਜਾਣਕਾਰੀ' ਫ਼ੈਲਾਉਣ ਵਾਲੀ ਹੈ, ਤਾਂ ਉਨ੍ਹਾਂ ਦੇ ਵੀਜ਼ਾ ਸਟੇਟਸ ਜਾਂ ਗ੍ਰੀਨ ਕਾਰਡ ਦੀ ਪ੍ਰਕਿਰਿਆ ਰੁਕ ਸਕਦੀ ਹੈ।

ਕੌਣ ਹੋਵੇਗਾ ਸਭ ਤੋਂ ਵੱਧ ਪ੍ਰਭਾਵਿਤ ?

ਇਸ ਫ਼ੈਸਲੇ ਦਾ ਸਭ ਤੋਂ ਵੱਡਾ ਅਸਰ ਹੇਠ ਲਿਖੇ ਵਰਗਾਂ 'ਤੇ ਪਵੇਗਾ। ਯੂਕ੍ਰੇਨ ਅਤੇ ਅਫ਼ਗਾਨਿਸਤਾਨ ਵਰਗੇ ਦੇਸ਼ਾਂ ਦੇ ਨਾਗਰਿਕਾਂ ਲਈ ਪ੍ਰਕਿਰਿਆ ਹੁਣ ਹੋਰ ਜਟਿਲ ਹੋ ਜਾਵੇਗੀ। ਉਹ ਲੋਕ ਜੋ ਵਿਜ਼ਟਰ, ਸਟੂਡੈਂਟ ਜਾਂ ਬਿਜ਼ਨਸ ਵੀਜ਼ਾ 'ਤੇ ਅਮਰੀਕਾ ਜਾ ਕੇ ਬਾਅਦ ਵਿੱਚ ਸ਼ਰਨ ਦੀ ਮੰਗ ਕਰਦੇ ਹਨ, ਉਨ੍ਹਾਂ ਲਈ ਹੁਣ ਰਾਹ ਆਸਾਨ ਨਹੀਂ ਰਹੇਗਾ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਵੀਜ਼ਾ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਧੋਖਾਧੜੀ ਦੇ ਮਾਮਲਿਆਂ ਨੂੰ ਘਟਾਉਣ ਲਈ ਚੁੱਕਿਆ ਗਿਆ ਹੈ। ਕੌਂਸਲਰ ਅਫ਼ਸਰ ਹੁਣ ਸਿਰਫ਼ ਉਦੋਂ ਹੀ ਵੀਜ਼ਾ ਜਾਰੀ ਕਰਨਗੇ ਜਦੋਂ ਇਹ ਸਪੱਸ਼ਟ ਹੋਵੇਗਾ ਕਿ ਬਿਨੈਕਾਰ ਦਾ ਮਕਸਦ ਸਹੀ ਹੈ ਅਤੇ ਉਸਨੂੰ ਆਪਣੇ ਦੇਸ਼ ਵਿੱਚ ਕੋਈ ਜਾਨੀ ਖ਼ਤਰਾ ਨਹੀਂ ਹੈ।

***

## ਜਲਡਮਰੂ ਮਾਰਗ ਖੁੱਲ੍ਹਵਾਉਣ ਲਈ ਅਮਰੀਕਾ

ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ

ਇਰਾਨ ਜੰਗ ਦੇ ਖ਼ਦਸ਼ਿਆਂ ਕਾਰਨ ਬ੍ਰੈਂਟ ਕਰੂਡ ਤੇਲ ਦੀ ਕੀਮਤ 125 ਅਮਰੀਕੀ ਡਾਲਰ ਪ੍ਰਤੀ ਬੈਰਲ ਤੋਂ ਪਾਰ ਹੋ ਗਈ ਹੈ। ਅਮਰੀਕਾ ਅਤੇ ਇਰਾਨ ਵਿਚਕਾਰ ਗੱਲਬਾਤ ਵਿੱਚ ਆਈ ਖੜੋਤ ਕਾਰਨ ਹੋਰਮੁਜ਼ ਦੇ ਜਲ ਮਾਰਗ ਦੇ ਮੁੜ ਖੁੱਲ੍ਹਣ ਅਤੇ ਜੰਗ ਦੇ ਸਥਾਈ ਖਾਤਮੇ 'ਤੇ ਸ਼ੱਕ ਪੈਦਾ ਹੋ ਗਏ ਹਨ, ਜਿਸ ਕਾਰਨ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧੀਆਂ ਹਨ। ਜੂਨ ਦੀ ਡਿਲੀਵਰੀ ਵਾਲਾ ਬ੍ਰੈਂਟ ਕਰੂਡ 6.2 ਫੀਸਦੀ ਦੇ ਉਛਾਲ ਨਾਲ 125.36 ਡਾਲਰ 'ਤੇ ਪਹੁੰਚ ਗਿਆ, ਜਦੋਂ ਕਿ ਜੁਲਾਈ ਦੀ ਡਿਲੀਵਰੀ ਲਈ ਕੀਮਤ 3.1 ਫੀਸਦੀ ਵਧ ਕੇ 113.85 ਡਾਲਰ ਹੋ ਗਈ। ਜ਼ਿਕਰਯੋਗ ਹੈ ਕਿ ਫਰਵਰੀ ਦੇ ਅਖੀਰ ਵਿੱਚ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਬ੍ਰੈਂਟ ਕਰੂਡ ਦੀ ਕੀਮਤ ਲਗਪਗ 70 ਡਾਲਰ ਪ੍ਰਤੀ ਬੈਰਲ ਦੇ ਨੇੜੇ ਸੀ, ਜੋ ਹੁਣ ਜੰਗ ਦੇ ਹਾਲਾਤਾਂ ਕਾਰਨ ਰਿਕਾਰਡ ਪੱਧਰ ਵੱਲ ਵਧ ਰਹੀ ਹੈ।

ਯੂਰੇਨੀਅਮ ਵਿਵਾਦ, ਆਰਥਿਕਤਾ ਦਬਾਅ ਹੇਠ

ਇਰਾਨ ਚਾਹੁੰਦਾ ਹੈ ਕਿ ਅਮਰੀਕਾ ਯੂਰੇਨੀਅਮ ਨੂੰ ਉਨ੍ਹਾਂ ਉਦੇਸ਼ਾਂ ਲਈ ਸੰਸ਼ੋਧਿਤ ਕਰਨ ਦੇ ਉਸ ਦੇ ਅਧਿਕਾਰ ਨੂੰ ਸਵੀਕਾਰ ਕਰੇ ਜੋ ਉਸ ਦੇ ਅਨੁਸਾਰ ਸ਼ਾਂਤੀਪੂਰਨ ਅਤੇ ਨਾਗਰਿਕ ਹਨ। ਉਸ ਕੋਲ 60 ਫ਼ੀਸਦੀ ਤੱਕ ਸੋਧਿਆ ਲਗਪਗ 440 ਕਿਲੋਗ੍ਰਾਮ (970 ਪੌਂਡ) ਯੂਰੇਨੀਅਮ ਦਾ ਭੰਡਾਰ ਹੈ, ਅਜਿਹੀ ਸਮੱਗਰੀ ਜਿਸ ਨੂੰ ਜੇ ਹੋਰ ਸੋਧਿਆ ਜਾਵੇ ਤਾਂ ਕਈ ਪ੍ਰਮਾਣੂ ਹਥਿਆਰਾਂ ਲਈ ਵਰਤਿਆ ਜਾ ਸਕਦਾ ਹੈ। ਇਰਾਨ ਦੀ ਸੰਸਦ ਦੇ ਸਪੀਕਰ ਅਤੇ ਚੋਟੀ ਦੇ ਵਾਰਤਾਕਾਰ, ਮੁਹੰਮਦ ਬਾਕਰ ਕਾਲੀਬਾਫ ਨੇ ਕਿਹਾ ਕਿ ਟਰੰਪ ਇਰਾਨੀਆਂ ਨੂੰ ਵੰਡਣ ਅਤੇ ਘੇਰਾਬੰਦੀ ਰਾਹੀਂ ਇਰਾਨ ਨੂੰ ਆਤਮ-ਸਮਰਪਣ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਕਾਲੀਬਾਫ ਨੇ ਟੈਲੀਗ੍ਰਾਮ 'ਤੇ ਇੱਕ ਆਡੀਓ ਸੰਦੇਸ਼ ਵਿੱਚ ਕਿਹਾ, 'ਦੁਸ਼ਮਣ ਦੀ ਨਵੀਂ ਸਾਜ਼ਿਸ਼ ਦਾ ਸਾਹਮਣਾ ਕਰਨ ਦਾ ਹੱਲ ਸਿਰਫ ਇੱਕ ਹੀ ਹੈ: ਏਕਤਾ ਬਣਾਈ ਰੱਖਣਾ, ਜੋ ਦੁਸ਼ਮਣ ਦੀਆਂ ਸਾਰੀਆਂ ਸਾਜ਼ਿਸ਼ਾਂ ਲਈ ਸਰਾਪ ਰਹੀ ਹੈ।'

***

## ਕਾਵਿ-ਕ੍ਰਿਸ਼ਮਾ

ਜ਼ਿੰਦਗੀ ਵਿੱਚ ਮਿਹਨਤ ਅਤੇ ਕਾਮਯਾਬੀ ਦੇ ਲਈ ਜਨੂੰਨ ਦੇ ਸ਼ਿਅਰ ਹਨ।
ਝੱਖੜ ਚਲਦੇ ਰਹਿਣਗੇ ਤੇ ਪੱਤੇ ਝੜਦੇ ਰਹਿਣਗੇ।
ਹਿੰਮਤ ਵਾਲੇ ਫੁੱਲ ਤਾਂ ਫਿਰ ਵੀ ਖਿੜਦੇ ਰਹਿਣਗੇ।
ਮਿਹਨਤ ਕਰਨ ਵਾਲਿਆਂ ਵਿੱਚ ਪ੍ਰਵਾਨੇ ਵਰਗਾ ਜਨੂੰਨ ਹੋਣਾ ਚਾਹੀਦਾ ਹੈ।
ਸ਼ਮਾ ਵਾਸਤੇ ਪ੍ਰਵਾਨੇ ਨੂੰ ਜਨੂੰਨ ਏਨਾ ਕਿ
ਉਸਨੇ ਸ਼ਮਾਂ ਤੋਂ ਸੜਨਾ ਹੀ ਸੜਨਾ ਹੈ।
ਇਹੀ ਜਨੂੰਨ ਮਨੁੱਖ ਨੂੰ ਮੰਜ਼ਲ ਦਿ ਸਿਖਰ ਤੇ ਲੈ ਜਾਂਦਾ ਹੈ।
ਪੌੜੀ ਦਾ ਹਰੇਕ ਪੌਡਾ ਮਹਾਨ ਯਾਰੋ,
ਬੰਦਾ ਛੱਤ ਤੇ ਜਾਣ ਲਈ ਇੰਨਾਂ ਤੇ ਸਵਾਰ ਹੁੰਦਾ।

ਦਰਮਿਆਨੇ ਕੱਦ-ਕਾਠ ਤੇ ਚੁਸਤ ਜੁੱਸੇ ਵਾਲਾ ਬੰਗਾ ਪਹਿਲੀ ਨਜ਼ਰੇ ਦੇਖਣ ਨੂੰ ਸ਼ਰਮੀਲਾ ਜਿਹਾ ਲੱਗਦਾ। ਪਰ ਬਾਵਸਤਾ ਹੋਣ ਤੇ ਛੇਤੀ ਹੀ ਸਿੱਧ ਹੋ ਜਾਂਦਾ, ਕਿ ਪਾਰਖੂ ਅੱਖ ਵਾਲਾ ਬੰਦਾ ਕਰਾਰੀ ਚੋਟ ਮਾਰਨ ਦੀ ਹਿੰਮਤ ਰੱਖਦਾ ਹੈ। ਬੰਗਾ ਠੀਕ ਵਕਤ ਤੇ ਖੜੇ ਹੋਣ ਵਾਲੀ ਸ਼ਖ਼ਸ਼ੀਅਤ ਹੈ। ਫਿਰ ਚਾਹੇ ਮਹਿਫਲ ਹੋਵੇ ਜਾਂ ਸਟੇਜ। ਸੱਚੀ ਗੱਲ ਕਹਿਣ ਵਾਲਾ ਰਾਵਣ ਨਾਲ ਵੀ ਭਿੜ ਸਕਦਾ ਹੈ। ਸਮੇਂ ਦੀ ਰਫਤਾਰ ਅਤੇ ਬਹੁ-ਪ੍ਰਤੀ ਭ੍ਰਮਣ ਨੇ ਉਸਨੂੰ ਦਯਾਵਾਨ ਅਤੇ ਮਜਬੂਤ ਇਨਸਾਨ ਬਣਾਇਆ ਹੈ।

ਬਹੁਤ ਸਾਰੇ ਯਾਰ- ਮਿੱਤਰ ਬਣਾਉਣ ਦੀ ਬਜਾਇ ਉਹ ਆਪਣੀ ਸੋਚ ਦੇ ਹਾਣੀ ਗਿਣਤੀ ਦੇ ਹੀ ਮਿੱਤਰ ਬਣਾਉਂਦਾ ਹੈ। ਅਸੀਂ ਲੱਗਭਗ ਤੀਹ ਸਾਲ ਤੋਂ ਮਿੱਤਰ-ਭਰਾ ਹਾਂ। ਉਹ ਵਿੱਛੜ ਚੁੱਕੇ ਸਮਕਾਲੀਆਂ ਲਈ ਹਾਉਕਾ ਭਰਦਾ ਹੈ। ਉਨ੍ਹਾਂ ਦੇ ਰੇਖਾ-ਚਿਤਰ ਕਾਵਿ-ਰੂਪ ਵਿੱਚ ਚਿਤਰਦਾ ਹੈ।
ਚੰਗੇ ਸ਼ਬਦਾਂ ਦੀ ਫਸਲ ਸੁਕਦੀ ਨਹੀਂ।
ਚੰਗੇ ਸ਼ਾਇਰਾਂ ਦੀ ਯਾਦ ਕਦੇ ਮੁਕਦੀ ਨਹੀਂ।
ਦੁਨੀਆਂ ਫਿਰ ਵੀ ਚਲਦੀ ਰਹਿੰਦੀ ਹੈ। ਦੁਨੀਆਂ ਤੇ ਇੱਕ ਸ਼ੇਅਰ ਵੇਖੀਏ:
ਦੁਨੀਆਂ ਤੇ ਸਿਵੇ ਬਲਦੇ ਤੇ ਬੁਝਦੇ ਰਹਿਣਗੇ।
ਹੱਡੀਆਂ ਦੀ ਮੁਠ ਲੋਕ ਪਾਣੀ 'ਚ, ਸੁੱਟਦੇ ਰਹਿਣਗੇ।

ਜੀਵਨ ਦੀਆਂ ਬਹੁਪੱਖੀ ਪਰਤਾਂ ਤੇ ਲਿਖਣ ਵਾਲਾ ਕਵੀ ਸਫਲ ਕਵੀ ਹੁੰਦਾ ਹੈ। ਉਸਦੀ ਸਮੁੱਚੀ ਕਾਵਿ-ਘਾਲਣਾ ਇੱਕ ਅਠਾਰਵਾਂ ਅਜੂਬਾ ਹੈ। ਉਸਦੀ ਕਲਮ ਨੂੰ ਸਲਾਮ ਹੈ। ਉਹ ਇਸੇ ਤਰ੍ਹਾਂ ਸਾਹਿਤ ਨਾਲ ਜੁੜਿਆ ਰਵੇ, ਇਹੋ ਮੇਰੀ ਕਾਮਨਾ ਹੈ। ਅਜਿਹੇ ਹੋਰ ਅਜੂਬਿਆਂ ਦੀ ਉਡੀਕ ਵਿੱਚ!

***

## ਆਪਣੇ ਮਿੱਤਰ ਦੇਸ਼ਾਂ ਨੂੰ ਅਮਰੀਕਾ ਵੇਚੇਗਾ

ਹਵਾਈ ਰੱਖਿਆ ਨੂੰ ਮਜ਼ਬੂਤ ਕਰਨਗੀਆਂ।

**ਕਤਰ:** ਲਗਭਗ 5 ਬਿਲੀਅਨ ਡਾਲਰ ਵਿੱਚ ਖਤਰਨਾਕ ਹਥਿਆਰ ਅਤੇ ਪੈਟ੍ਰਿਅਟ ਮਿਜ਼ਾਈਲ ਰੱਖਿਆ ਪ੍ਰਣਾਲੀ ਦਾ ਭੰਡਾਰ ਮੁੜ ਭਰਨ ਦੀ ਇਜਾਜ਼ਤ ਮਿਲੀ ਹੈ।

**ਸੰਯੁਕਤ ਅਰਬ ਅਮੀਰਾਤ :** 148 ਮਿਲੀਅਨ ਡਾਲਰ ਦੀ ਲਾਗਤ ਨਾਲ ਹਥਿਆਰਾਂ ਦੀ ਖਰੀਦ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ, ਇਹ ਸੌਦੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਹਿੱਤਾਂ ਲਈ ਜ਼ਰੂਰੀ ਹਨ।

ਪੈਟ੍ਰਿਅਟ ਪ੍ਰਣਾਲੀਆਂ ਅਮਰੀਕੀ ਫ਼ੌਜ ਦੇ ਸਭ ਤੋਂ ਉੱਨਤ ਰੱਖਿਆ ਉਪਕਰਣ ਹਨ, ਜੋ ਆਉਣ ਵਾਲੀਆਂ ਮਿਜ਼ਾਈਲਾਂ ਨੂੰ ਰੋਕਣ ਲਈ ਵਰਤੇ ਜਾਂਦੇ ਹਨ। ਡਰੋਨ ਸਿਸਟਮ ਸਾਧਾਰਨ ਰਾਕਟਾਂ ਨੂੰ ਸਟੀਕ ਨਿਸ਼ਾਨਾ ਲਗਾਉਣ ਵਾਲੇ ਗੋਲਾ-ਬਾਰੂਦ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ।

**ਰਿਪੋਰਟ ਦੀ ਚਿਤਾਵਨੀ**

ਸੈਂਟਰ ਫਾਰ ਸਟ੍ਰੈਟੇਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੀ ਇੱਕ ਹਾਲੀਆ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਮਿਡਲ ਈਸਟ ਵਿੱਚ ਹਥਿਆਰਾਂ ਦੀ ਭਾਰੀ ਵਰਤੋਂ ਕਾਰਨ ਅਮਰੀਕਾ ਦੇ ਆਪਣੇ ਭੰਡਾਰ ਵਿੱਚ ਕਮੀ ਆ ਸਕਦੀ ਹੈ। ਜੇਕਰ ਭਵਿੱਖ ਵਿੱਚ ਚੀਨ ਵਰਗੇ ਸ਼ਕਤੀਸ਼ਾਲੀ ਵਿਰੋਧੀ ਨਾਲ ਲੰਬੀ ਜੰਗ ਹੁੰਦੀ ਹੈ, ਤਾਂ ਮੌਜੂਦਾ ਸਟਾਕ ਅਮਰੀਕੀ ਫ਼ੌਜੀ ਮੁਹਿੰਮਾਂ ਨੂੰ ਸੀਮਤ ਕਰ ਸਕਦਾ ਹੈ।

***

## ਕੀ 2027 ਤੋਂ ਪਹਿਲਾਂ ਹੀ 'ਕਮਲ' ਖਿੜਾਉਣ

ਅਮਿਤ ਸ਼ਾਹ ਨੇ ਪੰਜਾਬ ਵਿੱਚ ਨਸ਼ਿਆਂ ਨੂੰ ਸਭ ਤੋਂ ਵੱਡਾ ਚੋਣ ਮੁੱਦਾ ਬਣਾਇਆ ਹੈ ਅਤੇ ਸਰਹੱਦੀ ਸੁਰੱਖਿਆ ਦੇ ਨਾਮ 'ਤੇ ਕੇਂਦਰੀ ਦਖਲ ਵਧਾਉਣ ਦੀ ਗੱਲ ਕੀਤੀ ਹੈ। ਭਾਜਪਾ ਦਾ ਦਾਅਵਾ ਹੈ ਕਿ ਕੇਂਦਰ ਅਤੇ ਰਾਜ ਵਿੱਚ ਇੱਕੋ ਸਰਕਾਰ ਹੋਣ ਨਾਲ ਪੰਜਾਬ ਦੀ ਆਰਥਿਕਤਾ (ਜੋ ਕਰਜ਼ੇ ਹੇਠ ਦੱਬੀ ਹੈ) ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਭਾਜਪਾ ਸਵਾਮੀਨਾਥਨ ਰਿਪੋਰਟ ਦੀਆਂ ਕੁਝ ਸਿਫਾਰਸ਼ਾਂ ਅਤੇ ਫਸਲਾਂ ਦੇ ਵਿਭਿੰਨਤਾ ਲਈ ਵਿਸ਼ੇਸ਼ ਪੈਕੇਜਾਂ ਰਾਹੀਂ ਕਿਸਾਨਾਂ ਨੂੰ ਰੀਝਾਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਕਰਤਾਰਪੁਰ ਸਾਹਿਬ ਲਾਂਘੇ ਅਤੇ ਸਿੱਖ ਇਤਿਹਾਸ ਨਾਲ ਜੁੜੇ ਪ੍ਰੋਜੈਕਟਾਂ ਰਾਹੀਂ ਸਿੱਖ ਵੋਟਰਾਂ ਤੱਕ ਪਹੁੰਚ ਕਰੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਪੰਜਾਬ ਵਿੱਚ ਇੱਕ 'ਸਿਆਸੀ ਸਰਜੀਕਲ ਸਟ੍ਰਾਈਕ' ਦੇ ਮੋਡ ਵਿੱਚ ਹੈ। ਉਹ 'ਆਪ' ਨੂੰ ਅੰਦਰੋਂ ਕਮਜ਼ੋਰ ਕਰਕੇ ਅਤੇ ਕਿਸਾਨਾਂ ਨੂੰ ਨਵੀਆਂ ਨੀਤੀਆਂ ਦਾ ਲਾਲਚ ਦੇ ਕੇ ਸੱਤਾ ਤੱਕ ਪਹੁੰਚਣਾ ਚਾਹੁੰਦੀ ਹੈ। ਪਰ ਪੰਜਾਬ ਦੀ ਧਰਤੀ ਦਾ ਸੁਭਾਅ ਹਮੇਸ਼ਾ ਰਵਾਇਤੀ ਰਾਜਨੀਤੀ ਨੂੰ ਉਲਟਾਉਣ ਵਾਲਾ ਰਿਹਾ ਹੈ, ਇਸ ਲਈ ਭਾਜਪਾ ਲਈ ਇਹ ਰਾਹ ਇੰਨਾ ਸੌਖਾ ਨਹੀਂ ਹੋਵੇਗਾ।

****

## ਹੁਣ ਇੰਟਰਨੈੱਟ ਦੀ ਵੀ ਹੋਣ

ਨਿਗਰਾਨੀ ਨੂੰ ਪੂਰੀ ਤਰ੍ਹਾਂ ਬਾਈਪਾਸ ਕਰ ਸਕਦੇ ਹਨ। ਇੱਕੋ ਸਮੇਂ ਕਈ ਲੋਕ ਇੱਕ ਟਰਮੀਨਲ ਨਾਲ ਜੁੜ ਸਕਦੇ ਹਨ। ਸਰਹੱਦਾਂ ਦੇ ਪਾਰ ਸਟਾਰਲਿੰਕ ਡਿਵਾਈਸਾਂ ਰਾਹੀਂ ਇੰਟਰਨੈਟ ਪਹੁੰਚ ਦੀ ਤਸਕਰੀ ਸਭ ਤੋਂ ਗੁੰਝਲਦਾਰ ਕਾਰਵਾਈਆਂ ਵਿੱਚੋਂ ਇੱਕ ਹੈ।

ਇਹ ਕਾਨੂੰਨ 2025 ਵਿੱਚ ਪਾਸ ਹੋਇਆ ਸੀ

ਇਹ ਧਿਆਨ ਦੇਣ ਯੋਗ ਹੈ ਕਿ 2025 ਵਿੱਚ, ਇਰਾਨ ਨੇ ਇੱਕ ਕਾਨੂੰਨ ਪਾਸ ਕੀਤਾ ਜਿਸ ਨਾਲ ਸਟਾਰਲਿੰਕ ਉਪਕਰਣਾਂ ਦੀ ਵਰਤੋਂ, ਖਰੀਦਣ ਜਾਂ ਵੇਚਣ ਨੂੰ ਗ਼ੈਰ-ਕਾਨੂੰਨੀ ਬਣਾਇਆ ਗਿਆ ਸੀ। ਇਸ ਕਾਨੂੰਨ ਵਿੱਚ ਵੱਧ ਤੋਂ ਵੱਧ ਦੋ ਸਾਲ ਦੀ ਕੈਦ ਦੀ ਸਜ਼ਾ ਹੈ। 10 ਤੋਂ ਵੱਧ ਉਪਕਰਣਾਂ ਨੂੰ ਆਯਾਤ ਕਰਨ ਜਾਂ ਵੰਡਣ 'ਤੇ 10 ਸਾਲ ਦੀ ਕੈਦ ਦੀ ਸਜ਼ਾ ਹੈ।

ਇਰਾਨੀ ਮੀਡੀਆ ਨੇ ਰਿਪੋਰਟ ਦਿੱਤੀ ਕਿ ਪਿਛਲੇ ਮਹੀਨੇ ਸੈਟੇਲਾਈਟ ਇੰਟਰਨੈੱਟ ਉਪਕਰਣ ਦਰਾਮਦ ਕਰਨ ਦੇ ਦੋਸ਼ ਵਿੱਚ ਦੋ ਵਿਦੇਸ਼ੀ ਨਾਗਰਿਕਾਂ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਹੁਣ ਤੱਕ ਕਈ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ।

ਬੀਬੀਸੀ ਦੁਆਰਾ ਹਵਾਲਾ ਦਿੱਤੇ ਗਏ ਇੱਕ ਅਣਜਾਣ ਡਿਜੀਟਲ ਅਧਿਕਾਰ ਸਮੂਹ ਦੇ ਅਨੁਸਾਰ, ਸਟਾਰਲਿੰਕ ਟਰਮੀਨਲਾਂ ਨੂੰ ਰੱਖਣ ਦੇ ਦੋਸ਼ ਵਿੱਚ ਅੰਦਾਜ਼ਨ 100 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮਨੁੱਖੀ ਅਧਿਕਾਰ ਸੰਗਠਨ ਵਿਟਨੈਸ ਦਾ ਅੰਦਾਜ਼ਾ ਹੈ ਕਿ ਜਨਵਰੀ ਤੱਕ ਇਰਾਨ ਵਿੱਚ ਘੱਟੋ-ਘੱਟ 50,000 ਸਟਾਰਲਿੰਕ ਡਿਵਾਈਸ ਮੌਜੂਦ ਹਨ ਅਤੇ ਇਹ ਗਿਣਤੀ ਵਧਣ ਦੀ ਉਮੀਦ ਹੈ। ਪਿਛਲੇ ਢਾਈ ਸਾਲਾਂ ਵਿੱਚ ਇਸ ਚੈਨਲ ਰਾਹੀਂ ਲਗਭਗ 5,000 ਸਟਾਰਲਿੰਕ ਟਰਮੀਨਲ ਵੇਚੇ ਗਏ ਹਨ।

ਬੀਬੀਸੀ ਦੇ ਅਨੁਸਾਰ, ਇਸ ਗੁਪਤ ਨੈੱਟਵਰਕ ਨੂੰ ਵਿਦੇਸ਼ਾਂ ਵਿੱਚ ਰਹਿਣ ਵਾਲੇ ਇਰਾਨੀਆਂ ਦੇ ਨਾਲ-ਨਾਲ ਯੁੱਧ ਪ੍ਰਭਾਵਿਤ ਦੇਸ਼ ਵਿੱਚ ਲੋੜਵੰਦਾਂ ਦੀ ਮਦਦ ਕਰਨ ਦੇ ਚਾਹਵਾਨ ਹੋਰ ਲੋਕ ਫੰਡ ਦੇ ਰਹੇ ਹਨ। ਇਸ ਵਿੱਚ ਸਟਾਰਲਿੰਕ ਟਰਮੀਨਲਾਂ ਦੀ ਖਰੀਦ ਸ਼ਾਮਲ ਹੈ, ਜੋ ਉਨ੍ਹਾਂ ਲੋਕਾਂ ਨੂੰ ਭੇਜੇ ਜਾਂਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਗਲੋਬਲ ਨੈੱਟਵਰਕ ਰਾਹੀਂ ਅੰਤਰਰਾਸ਼ਟਰੀ ਪੱਧਰ 'ਤੇ ਜਾਣਕਾਰੀ ਸਾਂਝੀ ਕਰਨਗੇ।

## ਚੰਨ ਵੇ ! ਕਿ ਸ਼ੌਂਕਣ ਮੇਲੇ ਦੀ...

ਧਾਰਮਿਕ ਅਤੇ ਸ਼ਹੀਦੀ ਜੋੜ ਮੇਲ ਵੀ ਪੰਜਾਬੀਆਂ ਨੂੰ ਆਪਣੇ ਸੂਰਮਿਆਂ ਦੀ ਗਾਥਾ ਦੁਹਰਾਉਂਦੇ ਨੇ। ਤਲਵੰਡੀ ਸਾਬੋ ਦੀ ਵਿਸਾਖੀ, ਅਨੰਦਪੁਰ ਸਾਹਿਬ ਦਾ ਹੋਲਾ, ਮੁਕਤਸਰ ਦੀ ਮਾਘੀ, ਚਮਕੌਰ ਦੀ ਗੜ੍ਹੀ ਅਤੇ ਫਤਿਹਗੜ੍ਹ ਸਾਹਿਬ ਦੇ ਅਦੁੱਤੀ ਸ਼ਹੀਦੀ ਸਾਕੇ ਆਪਣੇ ਗੌਰਵਮਈ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਮੁੜ ਜੀਵੰਤ ਕਰਦੇ ਨੇ। ਅਮੀਰ ਵਿਰਸੇ ਦੀਆਂ ਕੁਰਬਾਨੀਆਂ ਅੱਗੇ ਨਤਮਸਤਕ ਹੋ ਕੇ ਜੀਵ ਵਡਭਾਗਾ ਹੋਣਾ ਲੋਚਦੇ ਨੇ। ਮਾਲੇਰਕੋਟਲਾ ਵਿਖੇ ਹੈਦਰ ਸ਼ੇਖ ਦੇ ਮਕਬਰੇ 'ਤੇ ਨਿਮਾਣੀ ਇਕਾਦਸ਼ੀ ਦਾ ਮੇਲਾ ਆਪਣੀ ਵਿਲੱਖਣਤਾ ਅਤੇ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੈ। ਖਟਕੜ ਕਲਾਂ ਅਤੇ ਹੁਸੈਨੀਵਾਲਾ ਦੇ ਇਕੱਠ ਸ਼ਹਾਦਤ ਨੂੰ ਸਲਾਮ ਕਰਦੇ ਨੇ;

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਅੱਜਕੱਲ੍ਹ ਮੇਲਿਆਂ ਦਾ ਸਰੂਪ ਬਦਲ ਗਿਐ। ਭੱਜ ਦੌੜ ਦੀ ਮਸ਼ੀਨੀ ਜ਼ਿੰਦਗੀ ਨੇ ਮਿਲਣਸਾਰ ਪ੍ਰਵਾਹ ਵਿੱਚ ਖ਼ਲਲ ਜਿਹੀ ਪਾ ਦਿੱਤੀ ਐ। ਮੇਲਿਆਂ ਨੂੰ ਆਮ ਲੋਕ 'ਧੂੜ, ਧੁੱਪ, ਧੱਕੇ' ਸਮਝਣ ਲੱਗੇ ਨੇ। ਆਵਾਜਾਈ ਦੇ ਪੁਰਾਤਨ ਸਾਧਨਾਂ, ਲੋਕ ਸਾਜ਼ਾਂ ਅਤੇ ਰਵਾਇਤੀ ਪਹਿਰਾਵਿਆਂ ਤੋਂ ਲੋਕ ਵਾਂਝੇ ਜਾਣ ਲੱਗੇ ਨੇ। ਵੱਡੇ ਮਾਲ, ਸਿਨੇਮਾ, ਤੇਜ਼ ਤਰਾਰ ਗੱਡੀਆਂ ਅਤੇ ਤਕਨਾਲੋਜੀ ਨੇ ਮੇਲਿਆਂ ਦੀ ਅਹਿਮੀਅਤ ਘਟਾਈ ਐ। ਲੱਗਦੈ ਜਿਵੇਂ ਰੋਜ਼ ਹੀ ਮੇਲੇ ਵਿੱਚ ਵਿਚਰਦੇ ਹੋਈਏ। ਪਰ ਇਸ ਸਾਰੇ ਕਾਸੇ ਤੋਂ ਵੱਖਰਾ ਅਜੋਕੇ ਸਮਿਆਂ ਦਾ ਇੱਕ ਅਦੁੱਤੀ ਮੇਲਾ ਵੀ ਲੋਕ ਮਨਾਂ ਵਿੱਚ ਵਸਿਆ ਹੋਇਆ। ਸਮੁੱਚੀ ਲੋਕਾਈ ਨੇ ਅਜੇ ਤੱਕ ਅਜਿਹੇ ਬੇਜੋੜ ਰੰਗਾਂ ਵਾਲਾ ਮੇਲਾ ਨਹੀਂ ਸੀ ਦੇਖਿਆ, ਜਿੱਥੇ ਸਾਰੇ ਧਰਮਾਂ, ਧਰਤੀਆਂ, ਜਾਤਾਂ, ਬੋਲੀਆਂ ਦੇ ਰੰਗਾਂ ਨੇ ਮਿਲ ਕੇ ਸੱਤ ਰੰਗੀ ਇੰਦਰ-ਧਨੁਸ਼ ਬਣਾਇਆ ਸੀ। ਦਿੱਲੀ ਦੀਆਂ ਬਰੂਹਾਂ 'ਤੇ ਸਜੇ ਇਸ ਤਿਉਹਾਰ ਨੇ ਨਵੇਂ ਦਿਸਹੱਦੇ ਸਿਰਜ ਕੇ ਇਤਿਹਾਸ ਰਚਿਆ ਸੀ। ਡਾ. ਸੁਰਜੀਤ ਪਾਤਰ ਦੀ ਕਲਮ ਨੇ ਇਸ ਮੇਲੇ ਨੂੰ ਇਉਂ ਬਿਆਨਿਆਂ ਸੀ;

ਹੈ ਜਿੱਥੋਂ ਤੱਕ ਨਜ਼ਰ ਜਾਂਦੀ
ਤੇ ਜਿੱਥੋਂ ਤੱਕ ਨਹੀਂ ਜਾਂਦੀ
ਇਹਦੇ ਵਿੱਚ ਲੋਕ ਸ਼ਾਮਲ ਨੇ
ਇਹਦੇ ਵਿੱਚ ਲੋਕ
ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ
ਇਹ ਮੇਲਾ ਹੈ...
ਇਹਦੇ ਵਿੱਚ ਧਰਤ ਸ਼ਾਮਲ
ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿੱਚ ਸਾਡੇ ਹਾਸੇ, ਹੰਝੂ
ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਈ ਨਈਂ
ਇਹਦੇ ਵਿੱਚ ਕੌਣ ਸ਼ਾਮਲ ਨੇ
ਇਹ ਮੇਲਾ ਹੈ...
ਇਹ ਇੱਛਰਾਂ ਮਾਂ ਤੇ ਪੁੱਤ ਪੂਰਨ ਦੇ
ਮੁੜ ਮਿਲਣੇ ਦਾ ਵੇਲਾ ਹੈ
ਇਹ ਮੇਲਾ ਹੈ...

ਮੇਲੇ ਨੇ ਨਵਾਂ ਇਤਿਹਾਸ ਰਚਿਐ। ਜ਼ਿੰਦਗੀ ਜ਼ਿੰਦਾਬਾਦ ਹੋਈ ਐ। ਮਸ਼ਾਲਾਂ ਲਟ ਲਟ ਬਲੀਆਂ ਨੇ। ਸਰਕਾਰੀ ਤੰਤਰ ਨੂੰ ਮੇਲੇ ਡਰਾਵਣੇ ਲੱਗਣ ਲੱਗੇ ਨੇ, ਪਰ ਮੇਲੇ ਤਾਂ ਹਮੇਸ਼ਾਂ ਲੱਗਦੇ ਰਹਿਣਗੇ। ਅਕੀਦਤ ਦੇ ਮੇਲੇ.....ਸ਼ਹਾਦਤ ਦੇ ਮੇਲੇ.....ਮੁਕਤੀ ਦੇ ਮੇਲੇ ਜੱਗ ਜਿਊਂਦਿਆਂ ਦੇ ਮੇਲੇ !

## ਚਾਨਣ ਵੀ ਕੁਛ ਕਰਾਂ ਮੈਂ....

ਗੁਰੂ ਸਾਹਿਬ ਅਤੇ ਖਾਲਸਾ ਹੀ ਨਹੀਂ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਦੇਸ਼ ਭਗਤ ਹੀ ਨਹੀਂ, ਸਗੋਂ ਹੱਕ ਸੱਚ ਦੀ ਗੱਲ ਕਰਨ ਵਾਲੇ ਕਿਸੇ ਆਮ ਵਿਅਕਤੀ ਨੂੰ ਵੀ ਬਹੁਤ ਸਾਰੇ ਕਸ਼ਟ ਝੱਲਣੇ ਪੈਂਦੇ ਹਨ। ਅਜੋਕੇ ਸਮੇਂ ਵੀ ਕੋਈ ਮਜ਼ਦੂਰ, ਕਿਸਾਨ, ਮੁਲਾਜ਼ਮ ਜਾਂ ਆਮ ਨਾਗਰਿਕ ਵੀ ਜਦੋਂ ਸਰਕਾਰ, ਆਪਣੇ ਬਾਸ ਜਾਂ ਕਿਸੇ ਵੀ ਅਹੁਦੇ, ਤਾਕਤ ਵਿੱਚ ਉੱਚੇ ਵਿਅਕਤੀ ਜਾਂ ਸੰਸਥਾ ਦੇ ਵਿਰੁੱਧ ਆਵਾਜ਼ ਉਠਾਵੇ, ਇਹ ਕਦੇ ਨਹੀਂ ਹੁੰਦਾ ਕਿ ਉਸ ਦੀ ਗੱਲ ਨੂੰ ਸਹਿਜ ਨਾਲ ਸੁਣ ਕੇ ਵਿਚਾਰਿਆ ਗਿਆ ਹੋਵੇ। ਸਗੋਂ ਰਾਜ ਸੱਤਾ 'ਤੇ ਕਾਬਜ਼ ਧਿਰ ਵੱਲੋਂ ਜਾਂ ਉਸ ਦੇ ਸਮਰਥਕਾਂ ਵੱਲੋਂ ਇਸ ਆਵਾਜ਼ ਨੂੰ ਦਬਾਏ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਦੋਂ ਇਕੱਲਾ ਵਿਅਕਤੀ ਹੋਵੇ ਤਾਂ ਉਸ ਨੂੰ ਦਬਾਉਣਾ ਸੌਖਾ ਹੁੰਦਾ ਹੈ। ਜਿਹੜਾ ਦੀਵਾ ਹਨੇਰਾ ਦੂਰ ਕਰਨ ਦੀ ਕੋਸ਼ਿਸ਼ ਕਰੇਗਾ, ਉਸੇ ਨੂੰ ਹਨੇਰੀਆਂ ਦਾ ਸਾਹਮਣਾ ਕਰਨਾ ਪਵੇਗਾ।

ਜੇ ਇਹ ਚਾਨਣ ਕਰਨ ਵਾਲਾ ਵਿਅਕਤੀ ਸਰਕਾਰੀ ਕਰਮਚਾਰੀ ਹੈ ਤਾਂ ਉਸ ਦੀ ਬਦਲੀ ਹੋਣੀ, ਤਰੱਕੀ ਰੁਕਣੀ, ਨੌਕਰੀ ਵਿੱਚੋਂ ਕੱਢਿਆ ਜਾਣਾ, ਝੂਠੇ ਪਰਚੇ ਦਰਜ ਕਰਨੇ, ਜੇਲ੍ਹਾਂ ਹੋਣੀਆਂ ਅਤੇ ਅਖੀਰ 'ਤੇ ਖ਼ਤਮ ਕਰ ਦੇਣ ਤੱਕ ਦੀ ਨੌਬਤ ਵੀ ਆ ਜਾਂਦੀ ਹੈ। ਰਾਜ 'ਤੇ ਕਾਬਜ਼ ਧਿਰ ਵੱਲੋਂ ਉਸ ਨੂੰ ਬਾਗੀ, ਦੇਸ਼ ਧ੍ਰੋਹੀ, ਅਤਿਵਾਦੀ ਅਤੇ ਵੱਖਵਾਦੀ ਆਦਿ ਦੇ ਖਿਤਾਬ ਦਿੱਤੇ ਜਾਂਦੇ ਹਨ। ਉਸ 'ਤੇ ਇਲਜ਼ਾਮ ਲਗਾਏ ਜਾਂਦੇ ਹਨ, ਉਸ ਦੀ ਕਿਰਦਾਰਕੁਸ਼ੀ ਕੀਤੀ ਜਾਂਦੀ ਹੈ। ਇਹ ਉਸ ਵਿਅਕਤੀ ਦੀ ਅੰਦਰੂਨੀ ਦ੍ਰਿੜ੍ਹਤਾ 'ਤੇ ਨਿਰਭਰ ਕਰਦਾ ਹੈ ਕਿ ਉਹ ਇਨ੍ਹਾਂ ਜ਼ੁਲਮਾਂ ਨੂੰ ਕਿੰਨਾ ਕੁ ਝੱਲ ਸਕਦਾ ਹੈ ਅਤੇ ਕਿੰਨੀ ਕੁ ਦੇਰ ਇਸ ਸੱਚਾਈ ਅਤੇ ਗਿਆਨ ਦੇ ਚਾਨਣ ਨੂੰ ਵੰਡਣਾ ਜਾਰੀ ਰੱਖਦਾ ਹੈ।

ਜਦੋਂ ਹਮ-ਖਿਆਲ ਲੋਕ ਜੁੜਦੇ ਹਨ ਅਤੇ ਲਹਿਰਾਂ ਬਣਦੀਆਂ ਹਨ, ਆਪਣੇ ਹੱਕਾਂ ਲਈ ਸਰਕਾਰ ਦੇ ਜਾਂ ਜ਼ਾਲਮ ਧਿਰ ਦੇ ਵਿਰੁੱਧ ਉੱਠਦੇ ਹਨ ਤਾਂ ਉਨ੍ਹਾਂ ਨੂੰ ਵੀ ਸਾਂਝੇ ਤੌਰ 'ਤੇ ਸੇਕ ਝੱਲਣਾ ਪੈਂਦਾ ਹੈ। ਇਹ ਲਹਿਰਾਂ ਆਤਮਿਕ-ਮਨੋਵਿਗਿਆਨਕ ਸੰਦਰਭ ਨੂੰ ਸਮਾਜਿਕ ਅਧਿਕਾਰਾਂ ਅਤੇ ਨਿਆਂ ਦੇ ਸੰਘਰਸ਼ ਨਾਲ ਜੋੜਦੀਆਂ ਹਨ। ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੀ ਲੜਾਈ ਨੂੰ ਵੀ ਸਮੂਹਿਕ ਤੌਰ 'ਤੇ ਦੇਖਿਆ ਜਾ ਸਕਦਾ ਹੈ ਜਿਸ ਦੇ ਬਦਲੇ ਵਿੱਚ ਗ੍ਰਿਫ਼ਤਾਰੀਆਂ ਅਤੇ ਫਾਂਸੀਆਂ ਮਿਲਦੀਆਂ ਰਹੀਆਂ। ਕਿਹਾ ਜਾਂਦਾ ਹੈ ਕਿ ਦੁਨੀਆ ਝੁਕਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਜਿੱਥੇ ਕੋਈ ਦ੍ਰਿੜ੍ਹ ਇਰਾਦੇ ਵਾਲਾ ਅੜ ਜਾਵੇ ਤਾਂ ਦੁਨੀਆ ਖੁਦ ਝੁਕ ਜਾਂਦੀ ਹੈ। ਚਾਨਣ ਦੇਣ ਵਾਲੇ ਦਾ ਅਤੇ ਉਸ ਦਾ ਵਿਰੋਧ ਕਰਨ ਵਾਲੇ ਦਾ ਸੁਭਾਅ ਸਾਰੇ ਸੰਸਾਰ ਵਿੱਚ ਇੱਕੋ ਜਿਹਾ ਹੁੰਦਾ ਹੈ। ਸਮੂਹਿਕ ਸੰਘਰਸ਼ ਵਿੱਚ ਹਰ ਵਿਅਕਤੀ ਨੂੰ ਡਰ, ਅਨਿਸ਼ਚਿਤਤਾ ਅਤੇ ਸਮਾਜਿਕ ਵਿਰੋਧ ਦਾ ਸੇਕ ਸਹਿਣਾ ਪੈਂਦਾ ਹੈ।

ਆਓ, ਅਸੀਂ ਪਹਿਲਾਂ ਚਾਨਣ ਯਾਨੀ ਗਿਆਨ ਦਾ ਚਾਨਣ, ਚੇਤਨਾ ਦਾ ਚਾਨਣ, ਅਨੁਭਵ ਦਾ ਚਾਨਣ ਅਤੇ ਨੈਤਿਕ ਆਦਰਸ਼ ਦਾ ਚਾਨਣ ਆਪਣੇ ਅੰਦਰ ਇਕੱਠਾ ਕਰੀਏ ਜਿਸ ਨਾਲ ਸਾਡੇ ਆਪਣੇ ਅੰਦਰਲੀ ਕਾਲਖ ਦੂਰ ਹੋ ਜਾਏਗੀ। ਇੱਕ ਵਿਸ਼ਵਾਸ ਜਾਗੇਗਾ, ਸੱਚ ਹੱਕ ਦੇ ਰਸਤੇ 'ਤੇ ਤੁਰਨ ਦਾ ਬਲ ਪੈਦਾ ਹੋਏਗਾ। ਆਪਣੀ ਨਿੱਜੀ ਹੋਂਦ ਅਤੇ ਹਉਮੈ ਖ਼ਤਮ ਹੋਏਗੀ ਅਤੇ ਸਮੁੱਚੀ ਮਨੁੱਖਤਾ ਦੇ ਕਲਿਆਣ ਦਾ ਆਦਰਸ਼ ਇੱਕ ਮੰਜ਼ਿਲ ਬਣ ਜਾਏਗਾ ਜਿਸ ਨੂੰ ਪ੍ਰਾਪਤ ਕਰਨ ਲਈ ਸਾਡਾ ਔਰਾ ਮਜ਼ਬੂਤ ਹੁੰਦਾ ਜਾਏਗਾ ਅਤੇ ਸੇਕ ਝੱਲ ਸਕਣ ਦੀ ਕੁਦਰਤੀ ਸਮਰੱਥਾ ਆਉਂਦੀ ਜਾਏਗੀ।

ਸਾਨੂੰ ਆਪਣੇ ਅੰਦਰਲੇ 'ਤੇ ਕੰਮ ਪਹਿਲਾਂ ਕਰਨਾ ਪਵੇਗਾ ਕਿਉਂਕਿ ਕਿਸੇ ਦਰੱਖਤ ਦੀ ਜੜ ਜਿੰਨੀ ਡੂੰਘੀ ਹੋਏਗੀ, ਓਨੀ ਹੀ ਜ਼ਿਆਦਾ ਉਹ ਛਾਂ ਦੇ ਸਕੇਗਾ। ਅੰਦਰਲਾ ਮਜ਼ਬੂਤ ਹੋਏਗਾ ਤਦ ਹੀ ਦੂਸਰਿਆਂ ਨੂੰ ਸੇਧ ਦਿੱਤੀ ਜਾ ਸਕੇਗੀ, ਤਦ ਹੀ ਦੂਸਰਿਆਂ ਦੇ ਦੁੱਖ ਵੰਡੇ ਜਾ ਸਕਣਗੇ ਅਤੇ ਤਦ ਅਤੇ ਸਿਰਫ਼ ਤਦ ਹੀ ਬਾਹਰੀ ਹਨੇਰੀਆਂ ਵਿੱਚ ਵੀ ਇਹ ਚਿਰਾਗ ਜਗਦਾ ਰਹਿ ਸਕਦਾ ਹੈ। ਮਰਹੂਮ ਕਵੀ ਸੁਰਜੀਤ ਪਾਤਰ ਦੇ ਬੋਲ ਹਨ;

ਚਾਨਣ ਵੀ ਕੁਛ ਕਰਾਂ ਮੈਂ, ਐਵੇਂ ਹੀ ਬਲ਼ ਨਾ ਜਾਵਾਂ।
ਅੰਬਰ ਨੂੰ ਛੂਹਣੋਂ ਪਹਿਲਾਂ, ਮਿੱਟੀ 'ਚ ਰਲ਼ ਨਾ ਜਾਵਾਂ।

***

ਚਾਨਣ ਜੇ ਕੁਝ ਕਰੀਦਾ, ਤਾਂ ਸੇਕ ਵੀ ਜਰੀਦਾ।
ਇੱਦਾਂ ਨਹੀਂ ਕਰੀਦਾ, ਹਾਇ ਮੈਂ ਮਰ ਨਾ ਜਾਵਾਂ।

***

## ਪਿੰਡ ਅਲਖਪੁਰਾ ਦੇ ਹਰ ਘਰ 'ਚ ਹਨ

ਉਹ ਦੇਸ਼ ਦੀ ਸੇਵਾ ਤਾਂ ਕਰੇਗੀ ਹੀ, ਨਾਲ ਹੀ ਪਰਿਵਾਰ ਦੇ ਪਾਲਣ-ਪੋਸ਼ਣ ਵਿੱਚ ਵੀ ਮਦਦਗਾਰ ਸਾਬਤ ਹੋਵੇਗੀ। ਉਨ੍ਹਾਂ ਕਿਹਾ, 'ਸਾਡੀ ਧੀ ਨੇ ਇਹ ਮੁਕਾਮ ਹਾਸਲ ਕਰਕੇ ਪੁੱਤਰਾਂ ਨਾਲੋਂ ਵੱਧ ਕੇ ਹੋਣ ਦਾ ਅਹਿਸਾਸ ਕਰਵਾਇਆ ਹੈ।' ਕੋਚ ਸੋਨਿਕਾ ਬਿਜਰਾਣੀਆ ਨੇ ਦੱਸਿਆ ਕਿ ਇੱਥੋਂ ਦੀਆਂ ਧੀਆਂ ਖੇਡਾਂ ਦੇ ਦਮ 'ਤੇ ਰੁਜ਼ਗਾਰ ਹਾਸਲ ਕਰ ਰਹੀਆਂ ਹਨ, ਜੋ ਕਿ ਬਹੁਤ ਮਾਣ ਵਾਲੀ ਗੱਲ ਹੈ।

### 14 ਧੀਆਂ ਫ਼ੌਜ ਵਿੱਚ ਭਰਤੀ

ਵਿਧਾਇਕ ਕਪੂਰ ਸਿੰਘ ਵਾਲਮੀਕਿ ਨੇ ਕਿਹਾ ਕਿ ਸਾਨੂੰ ਅਲਖਪੁਰਾ ਦੀਆਂ ਧੀਆਂ 'ਤੇ ਨਾਜ਼ ਹੈ, ਜਿਨ੍ਹਾਂ ਨੇ ਪਿੰਡ ਨੂੰ ਵਿਸ਼ਵ ਪੱਧਰ 'ਤੇ ਨਵੀਂ ਪਛਾਣ ਦਿੱਤੀ ਹੈ। ਹੁਣ ਤੱਕ 14 ਧੀਆਂ ਫ਼ੌਜ ਵਿੱਚ ਭਰਤੀ ਹੋ ਚੁੱਕੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਖਿਡਾਰਨਾਂ ਨੂੰ ਹੋਰ ਸਹੂਲਤਾਂ ਦੇਣ ਦੇ ਯਤਨ ਕੀਤੇ ਜਾਣਗੇ।

****

## ਕਾਇਮ ਹੈ ਪੰਜਾਬੀ ਸੰਗੀਤ ਦਾ ਵਿਲੱਖਣ ਮੁਹਾਂਦਰਾ

ਸੋਸ਼ਲ ਮੀਡੀਆ, ਜਿਸ ਨੂੰ ਗਾਇਕਾਂ ਨੇ ਕੁਝ ਸਮਾਂ ਪਹਿਲਾਂ ਸਰੋਤਿਆਂ ਦੀ ਨਬਜ਼ ਟੋਹਣ ਦਾ ਵਸੀਲਾ ਬਣਾਇਆ ਸੀ, ਹੁਣ ਕਿਸੇ ਗਾਇਕ ਦੇ ਭਵਿੱਖ ਦਾ ਫੈਸਲਾਕੁੰਨ ਸਿੱਟਾ ਸਾਹਮਣੇ ਲਿਆਉਣ ਤੋਂ ਪਾਸਾ ਵੱਟ ਗਿਆ ਜਾਪਦਾ ਹੈ। 'ਪਰਖ ਦੀ ਕਸਵੱਟੀ' ਦਾ ਇਹ ਜ਼ਰੀਆ ਵੀ ਸੰਗੀਤ ਦੇ ਖੇਤਰ ਵਿੱਚ ਪਰ ਤੋਲ ਰਹੇ ਗਾਇਕਾਂ ਲਈ ਸਾਜਗਾਰ ਸਿੱਧ ਨਹੀਂ ਹੋ ਰਿਹਾ। ਜਿਸ ਕਰਕੇ ਚੌਰਾਹੇ 'ਤੇ ਖੜ੍ਹਾ ਹਰ ਗਾਇਕ ਆਪਣੇ ਰਾਹ ਘੋਖਣ ਲਈ ਬੇਚੈਨ ਨਜ਼ਰ ਆ ਰਿਹਾ ਹੈ। ਇੱਕ ਗੱਲ ਜ਼ਰੂਰ ਤਸੱਲੀ ਦਿੰਦੀ ਹੈ ਕਿ ਨਵੇਂ ਗਾਇਕਾਂ 'ਚ ਇੱਕ ਡਰ ਪੈਦਾ ਹੋ ਰਿਹਾ ਹੈ ਕਿ ਘਟੀਆ ਤੇ ਹਲਕੇ ਕਿਸਮ ਦੀ ਗਾਇਕੀ ਦੇ ਪੈਰ ਚਿਰ ਸਥਾਈ ਇਸ ਖੇਤਰ ਵਿੱਚ ਨਹੀਂ ਟਿਕ ਸਕਦੇ। ਜਿਨ੍ਹਾਂ ਨੇ ਰਾਤੋ ਰਾਤ ਸਟਾਰ ਬਣਨ ਦੇ ਲਾਲਚ ਵੱਸ ਇਹ ਰਾਹ ਅਖ਼ਤਿਆਰ ਕੀਤਾ ਸੀ, ਉਹ ਪਛਤਾਵੇ ਵਿੱਚ ਇਹੀ ਪੁੱਛ ਰਹੇ ਹਨ ਕਿ ਇਸ ਅਕਸ ਤੋਂ ਛੁਟਕਾਰਾ ਕਿਵੇਂ ਹੋਊ ? ਭਾਵੇਂ ਉਨ੍ਹਾਂ ਇਸ ਖੇਤਰ ਵਿੱਚ ਹੁਣ ਤੀਕ ਬੇ-ਅਥਾਹ ਸਰਮਾਇਆ ਕਮਾ ਲਿਆ ਹੋਵੇ ਤੇ ਸ਼ੁਹਰਤ ਵੀ ਰੱਜ ਕੇ ਖੱਟ ਲਈ ਹੋਵੇ।

ਪੰਜਾਬੀ ਸਰੋਤਾ ਹੁਣ ਐਨਾ ਕੁ ਸੰਜੀਦਾ ਤੇ ਸੁਹਿਰਦ ਹੋ ਗਿਆ ਹੈ ਕਿ ਉਸ ਨੂੰ ਚੰਗੇ ਮਾੜੇ ਦੀ ਪਰਖ ਹੋਣ ਲੱਗ ਪਈ ਹੈ। ਨਵੀਂ ਪੀੜ੍ਹੀ ਭਾਵੇਂ ਹਾਲੇ ਵੀ ਊਟ ਪਟਾਂਗ ਗਾ ਰਹੇ ਗਾਇਕਾਂ ਨੂੰ ਪਸੰਦ ਕਰੀ ਜਾ ਰਹੀ ਹੈ, ਪਰ ਵਧੇਰੇ ਕਰਕੇ ਪੰਜਾਬੀ ਸਰੋਤਾ ਚੰਗੀ ਗਾਇਕੀ ਨੂੰ ਹੀ ਤਰਜੀਹ ਦਿੰਦਾ ਨਜ਼ਰ ਆ ਰਿਹਾ ਹੈ। ਜਿਸ ਨੂੰ ਅਸੀਂ ਅਜੋਕੀ ਪੰਜਾਬੀ ਗਾਇਕੀ ਦੇ ਭਵਿੱਖ ਲਈ ਸ਼ੁਭ ਸ਼ਗਨ ਮੰਨਦੇ ਹਾਂ। ਇੱਕ ਰੁਝਾਨ ਅਜਿਹਾ ਆਉਣਾ ਸ਼ੁਰੂ ਹੋ ਗਿਆ ਹੈ ਕਿ ਸਰੋਤਾ ਗੀਤਾਂ ਦੇ ਬੋਲਾਂ ਨੂੰ ਸਮਝਣ ਤੇ ਮਾਣਨ ਵੱਲ ਰੁਚਿਤ ਹੋਣ ਲੱਗ ਪਿਆ ਹੈ। ਪੰਜਾਬੀ ਗਾਇਕੀ ਦੇ ਭਵਿੱਖ ਵਿੱਚ ਕੁਝ ਸੰਕੇਤ ਮਾਤਰ ਰੁਝਾਨਾਂ ਦੇ ਪੈਦਾ ਹੋਣ ਦੇ ਆਸਾਰ ਹਨ ਕਿ ਸੰਜੀਦਾ ਤੇ ਉਸਾਰੂ ਗਾਇਕੀ ਦਾ ਯੁੱਗ ਮੁੜ ਪਰਤੇਗਾ। ਸੰਗੀਤ ਪ੍ਰੇਮੀ ਪੰਜਾਬੀ ਗਾਇਕੀ ਨੂੰ ਮਨੋਰੰਜਨ ਦੇ ਸਾਧਨ ਵਜੋਂ ਸੁਣ ਸਕਣ ਦੇ ਸਮਰੱਥ ਹੋਣਗੇ।

***

## ਜਨਗਣਨਾ 2027 ਦੇ ਮੁੱਖ ਪਹਿਲੂ

ਜ਼ਿਕਰਯੋਗ ਹੈ ਕਿ 1951 ਤੋਂ ਬਾਅਦ ਦੀਆਂ ਸਾਰੀਆਂ ਜਨਗਣਨਾਵਾਂ ਜਨਗਣਨਾ ਐਕਟ 1948 ਅਧੀਨ ਕੀਤੀਆਂ ਗਈਆਂ ਹਨ। ਆਖਰੀ ਜਨਗਣਨਾ 2011 ਵਿੱਚ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਤੋਂ ਇਲਾਵਾ ਭਾਰਤ ਦੇ ਸਮੂਹ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਜਨਗਣਨਾ ਕਰਾਉਣ ਲਈ ਰਾਜ ਡਾਇਰੈਕਟੋਰੇਟ ਜਨਗਣਨਾ ਸੰਚਾਲਨ ਸਥਾਪਿਤ ਹਨ, ਜਿਸਦੇ ਮੁਖੀ ਡਾਇਰੈਕਟਰ ਹੁੰਦੇ ਹਨ। ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਜਨਗਣਨਾ 2011 ਦੇ ਵੇਰਵਿਆਂ ਅਨੁਸਾਰ ਪੰਜਾਬ ਦੀ ਅਬਾਦੀ 2.77,43338 ਹੈ ਜਿਸ ਵਿੱਚ ਮਰਦ ਅਤੇ ਔਰਤਾਂ ਕ੍ਰਮਵਾਰ 1.46,39465 ਅਤੇ 1.31,03873 ਹਨ। ਜਨਗਣਨਾ ਐਕਟ 1948 ਅਤੇ ਜਨਗਣਨਾ ਰੂਲਜ਼ 1990 ਅਧੀਨ ਮੌਜੂਦਾ ਜਨਗਣਨਾ 2027 ਕਰਵਾਈ ਜਾ ਰਹੀ ਹੈ। ਐਕਟ ਦੀ ਧਾਰਾ 4 ਅਨੁਸਾਰ ਜਨਗਣਨਾ ਸਟਾਫ ਦੀ ਨਿਯੁਕਤੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਂਦੀ ਹੈ। ਸੈਕਸ਼ਨ 5 ਅਧੀਨ ਨਿਯੁਕਤ ਕੀਤੇ ਵਿਅਕਤੀ ਨੂੰ ਜਨਤਕ ਸੇਵਕ ਮੰਨਿਆ ਗਿਆ ਹੈ। ਸੈਕਸ਼ਨ 8 ਅਧੀਨ ਇੱਕ ਜਨਗਣਨਾ ਅਧਿਕਾਰੀ ਸਥਾਨਿਕ ਖੇਤਰ ਦੀਆਂ ਸੀਮਾਵਾਂ ਦੇ ਅੰਦਰ ਆਉਂਦੇ ਸਾਰੇ ਵਿਅਕਤੀਆਂ ਨੂੰ ਸਵਾਲ ਪੁੱਛ ਸਕਦਾ ਹੈ, ਜਿਸਦਾ ਉਨ੍ਹਾਂ ਨੂੰ ਸਹੀ ਜਵਾਬ ਦੇਣਾ ਹੋਵੇਗਾ। ਐਕਟ ਦੇ ਸੈਕਸ਼ਨ 11 ਅਧੀਨ ਅਣਗਹਿਲੀ ਦੀ ਸੂਰਤ ਵਿੱਚ ਸਜ਼ਾ ਦਾ ਵਿਕਲਪ ਦਿੱਤਾ ਗਿਆ ਹੈ।

ਹੈਵਰਲਡੋਮੀਟਰ ਦੇ ਸੰਯੁਕਤ ਰਾਸ਼ਟਰ ਦੇ ਨਵੀਨੀਕਰਨ ਅੰਕੜਿਆਂ ਦੇ ਆਧਾਰ 'ਤੇ 21 ਅਪਰੈਲ 2026 ਤਕ ਭਾਰਤ ਦੀ ਕੁੱਲ ਅਬਾਦੀ 1, 474,177,042 ਹੈ, ਜੋ ਦੁਨੀਆਂ ਦੀ ਅਬਾਦੀ ਦਾ 17.79% ਹੈ। ਜਿਸ ਵਿੱਚ 37.61% ਸ਼ਹਿਰੀ ਅਬਾਦੀ ਹੈ। ਚੀਨ ਦੀ ਅਬਾਦੀ 1,412,914,089 ਹੈ। ਸਾਲ 2030 ਵਿੱਚ ਭਾਰਤ ਦੀ ਅਬਾਦੀ 1,525,138,844 ਹੋਣ ਦਾ ਅਨੁਮਾਨ ਹੈ।

ਨਿਸਚੈ ਹੀ ਭਾਰਤ ਵਿੱਚ ਕਰਵਾਈ ਜਾ ਰਹੀ ਜਨਗਣਨਾ 2027 ਜੋ ਜਨਗਣਨਾ ਐਕਟ 1948 ਅਤੇ ਜਨਗਣਨਾ ਰੂਲਜ਼ 1990 ਅਧੀਨ ਕਰਵਾਈ ਜਾ ਰਹੀ ਹੈ, ਨੂੰ ਸਹੀ ਜਾਣਕਾਰੀ ਦੇਣ ਅਤੇ ਢੰਗ ਨਾਲ ਸਿਰੇਚਾੜ੍ਹਨਾ ਭਾਰਤ ਦੇ ਹਰੇਕ ਨਾਗਰਿਕ ਦੀ ਜ਼ਿੰਮੇਵਾਰੀ ਹੈ।

***

## ਗੁਰਬਾਣੀ ਦੀ ਛਪਾਈ ਅਤੇ ਸੇਵਾ-ਸੰਭਾਲ 'ਤੇ

ਇਸ ਤਰ੍ਹਾਂ ਕਾਨੂੰਨ ਤੇ ਸਰਕਾਰ ਦੀ ਪੁਲਿਸ ਰਾਹੀਂ ਨਿਗਰਾਨੀ, ਕਿਸੇ ਅਣਚਿਤਵੀ ਕਾਨੂੰਨੀ ਕਾਰਵਾਈ ਦਾ ਡਰ ਪੈਦਾ ਕਰਕੇ ਆਮ ਲੋਕਾਈ ਨੂੰ ਗੁਰਬਾਣੀ ਦੇ ਚਾਨਣ ਤੋਂ ਦੂਰ ਕਰਨ ਦਾ ਕਾਰਨ ਬਣ ਸਕਦੀ ਹੈ।

ਬੇਸ਼ੱਕ 2015 ਦੇ ਬਰਗਾੜੀ ਬੇਅਦਬੀ ਮਾਮਲੇ ਦੌਰਾਨ ਅਕਾਲੀ ਸਰਕਾਰ ਦੀ ਸਥਿਤੀ ਨਾਲ ਨਜਿੱਠਣ ਦੀ ਅਸਫਲਤਾ ਕਾਰਨ ਸ਼੍ਰੋਮਣੀ ਕਮੇਟੀ ਬੇਭਰੋਸਗੀ ਦੇ ਮੁਹਾਸਰੇ (ਘੇਰਾਬੰਦੀ) ਵਿਚ ਚੱਲੀ ਆ ਰਹੀ ਹੈ, ਪਰ ਬੇਅਦਬੀ ਵਿਰੁੱਧ ਮੌਜੂਦਾ ਸਰਕਾਰ ਦੇ ਕਾਨੂੰਨ ਦਾ ਭਾਵਨਾਤਮਿਕ ਮਾਹੌਲ ਦੇ ਪਿੱਛੇ ਲੱਗ ਕੇ ਮੂਕ ਸਮਰਥਨ ਕਰਨ ਦੀ ਥਾਂ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਦਾ ਗੁਰਮਤਿ ਦੀ ਦਿਬ-ਦ੍ਰਿਸ਼ਟੀ ਤੋਂ ਮੁਤਾਲਿਆ ਕਰਨਾ ਚਾਹੀਦਾ ਸੀ, ਕਿਉਂਕਿ 'ਸਿੱਖ ਰਹਿਤ ਮਰਿਆਦਾ' ਬਣਾਉਣ ਵਾਸਤੇ ਜੇ 1927 ਤੋਂ 1945 ਤੱਕ 18 ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ ਤੇ ਇਸ ਦੀ ਸ਼ਬਦਾਵਲੀ ਦੇ ਅੱਖਰ-ਅੱਖਰ ਉੱਤੇ ਕਈ-ਕਈ ਦਿਨ ਭਖਵੀਂ ਵਿਚਾਰ-ਚਰਚਾ ਹੋ ਸਕਦੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਨਾਲ ਸੰਬੰਧਿਤ ਕਿਸੇ ਅਹਿਮ ਕਾਨੂੰਨ 'ਤੇ ਗਹਿਰਾ ਮੰਥਨ ਕਿਉਂ ਨਹੀਂ ਸੀ ਹੋਸਕਦਾ ?

***

## ਬੰਦੀ ਸਿੰਘਾਂ ਦੀ ਰਿਹਾਈ ਸਬੰਧੀ

ਅੰਤ ਵਿੱਚ, ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿਰਫ਼ ਇੱਕ ਕਾਨੂੰਨੀ ਲੜਾਈ ਨਹੀਂ, ਸਗੋਂ ਕੌਮ ਦੀ ਅਸਲੀ ਤਾਕਤ ਦੀ ਪਰਖ ਹੈ। ਜੇ ਕੌਮ ਇਕੱਠੇ ਹੋ ਕੇ ਇਸ ਨੂੰ ਲੜੇਗੀ ਤਾਂ ਨਤੀਜੇ ਵੀ ਚੰਗੇ ਆਉਣਗੇ। ਜੇਕਰ ਕੌਮ ਦੀ ਸਮੁੱਚੀ ਲੀਡਰਸ਼ਿਪ ਦਿੱਲੀ ਦੀ ਬੁਰਕੀ ਦੀ ਝਾਕ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਜਾਵੇ, ਤਾਂ ਨਾ ਹੀ ਰਾਜ ਸੱਤਾ ਦੂਰ ਰਹੇਗੀ ਅਤੇ ਨਾ ਹੀ ਸਿੱਖਾਂ ਦੇ ਲਟਕਦੇ ਮਸਲੇ। ਅਰਦਾਸ ਹੈ ਕਿ ਅਕਾਲ ਪੁਰਖ, ਰਾਜਨੀਤੀ ਦੇ ਕਾਰੋਬਾਰ ਵਿੱਚ ਮਸ਼ਰੂਫ਼ ਸਿੱਖ ਆਗੂਆਂ ਨੂੰ ਕੌਮੀ ਯੋਧਿਆਂ ਅਤੇ ਕੌਮੀ ਹਿੱਤਾਂ ਪ੍ਰਤੀ ਇਮਾਨਦਾਰ ਪਹੁੰਚ ਰੱਖਣ ਦੀ ਸੁਮੱਤ ਬਖਸ਼ੇ।

***

## ਪੰਜ ਪੰਥਕ ਜਥੇਬੰਦੀਆਂ ਨੇ ਦੁਨੀਆਂ ਦੇ ਮੁਲਕਾਂ ਨੂੰ

ਜਥੇਬੰਦੀਆਂ ਦੀ ਦੂਜੀ ਕਤਾਰ ਦੇ ਪੰਜ ਆਗੂਆਂ ਜਿਨ੍ਹਾਂ ਵਿੱਚ ਹਰਪਾਲ ਸਿੰਘ ਬਲੇਰ, ਪਰਮਜੀਤ ਸਿੰਘ ਮੰਡ, ਜਸਪਾਲ ਸਿੰਘ ਮੰਝਪੁਰ, ਮਹਾਂਬੀਰ ਸਿੰਘ ਅਤੇ ਪਰਮਜੀਤ ਸਿੰਘ ਗਾਜ਼ੀ ਨੇ ਸਕਤਰੇਤ ਦੇ ਬਾਹਰ ਨੀਤੀਗਤ ਦਸਤਾਵੇਜ਼ ਜਾਰੀ ਕਰਦਿਆਂ ਖ਼ਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਆਪਣੇ ਪੰਥਕ ਨਿਸ਼ਾਨੇ ਨੂੰ ਇਹਨਾਂ ਸ਼ਬਦ ਵਿੱਚ ਦੁਹਰਾਇਆ "ਮੌਜੂਦਾ ਵਿਸ਼ਵ ਰਾਜਸੀ ਪ੍ਰਣਾਲੀ ਵਿੱਚ ਸਾਡਾ ਵਰਤਮਾਨ ਪੰਥਕ ਨਿਸ਼ਾਨਾ ਗੁਰਮਤ ਦੀ ਵਿਸ਼ਵ ਦ੍ਰਿਸ਼ਟੀ ਤੇ ਅਧਾਰਤ ਇੱਕ ਸੁਤੰਤਰ, ਸੰਪੂਰਨ ਪ੍ਰਭੂਸਤਾ ਸੰਪੰਨ ਦੇਸ਼ ਖਾਲਿਸਤਾਨ ਦੀ ਸਥਾਪਨਾ ਹੈ। ਜਿਸ ਦਾ ਸਰੋਤ ਸੱਚੇ ਪਾਤਸ਼ਾਹ ਦੀ ਨਦਰਿ-ਕਰਮ ਅਤੇ ਖਾਲਸਾ ਜੀਓ ਦੀ ਧਰਮ ਯੁੱਧ ਦੀ ਵਿਰਾਸਤ ਹੈ।" ਹੋਮਲੈਂਡ ਦੀ ਭੂਗੋਲਿਕ ਅਤੇ ਨੈਤਿਕ ਰੂਪਰੇਖਾ ਮਿਥਦਿਆਂ, ਆਗੂਆਂ ਨੇ ਦੱਸਿਆ ਕਿ ਖ਼ਾਲਿਸਤਾਨ ਵਿੱਚ ਵਰਤਮਾਨ ਪੂਰਬੀ ਪੰਜਾਬ ਦੇ ਨਾਲ-ਨਾਲ ਇਸ ਨਾਲ ਲੱਗਦੇ ਸਿੱਖਾਂ ਦੇ ਪੂਰਵਜੀ ਇਲਾਕੇ ਵੀ ਸ਼ਾਮਲ ਹੋਣਗੇ।

ਇਹਨਾਂ ਆਗੂਆਂ ਨੇ 29 ਅਪ੍ਰੈਲ 1986 ਦੇ ਐਲਾਨਨਾਮੇ ਦਾ ਹਵਾਲਾ ਦਿੰਦਿਆਂ ਜਿਸ ਵਿੱਚ ਉਸ ਵਕਤ ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ਦੁਨੀਆਂ ਦੇ ਮੁਲਕਾਂ ਦੀਆਂ ਸਰਕਾਰਾਂ/ਹਕੂਮਤਾਂ ਨੂੰ ਖ਼ਾਲਿਸਤਾਨ ਨੂੰ ਮਾਨਤਾ ਦੇਣ ਦਾ ਹੋਕਾ ਦਿੱਤਾ ਸੀ, ਸੰਬੰਧੀ ਐਲਾਨ ਕੀਤਾ ਕਿ ਉਹ ਅਮਰੀਕਾ, ਇੰਗਲੈਂਡ, ਪਾਕਿਸਤਾਨ, ਚੀਨ, ਕੈਨੇਡਾ, ਰੂਸ, ਜਰਮਨੀ, ਫਰਾਂਸ, ਯੂਰਪੀਅਨ ਯੂਨੀਅਨ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਨੂੰ ਖ਼ਾਲਿਸਤਾਨ ਨੂੰ ਮਾਨਤਾ ਦੇਣ ਲਈ ਲਿਖਤੀ ਅਪੀਲ ਕਰਨਗੇ। ਉਹਨਾਂ ਕਿਹਾ ਕਿ ਇਸੇ ਤਹਿਤ ਖ਼ਾਲਿਸਤਾਨ ਲਈ ਮਾਨਤਾ ਪ੍ਰਾਪਤ ਕਰਨ ਲਈ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਨਾਂ ਨਾਲ ਕੀਤੇ ਜਾ ਰਹੇ ਕੂਟਨੀਤਿਕ ਯਤਨਾਂ ਨੂੰ ਸੰਸਥਾਗਤ ਰੂਪ ਦਿੱਤਾ ਜਾਵੇਗਾ। ਨੀਤੀਗਤ ਦਸਤਾਵੇਜ਼ ਵਿੱਚ ਸਪਸ਼ਟ ਕੀਤਾ ਗਿਆ ਕਿ ਖ਼ਾਲਸਾਈ ਰਵਾਇਤ ਅਨੁਸਾਰ ਧਰਮ ਯੁੱਧ ਦੇ ਸੰਗਰਾਮ ਵਿੱਚ ਅਪਣਾਈ ਜਾਣ ਵਾਲੀ ਰਣਨੀਤੀ ਦਾ ਦਾਇਰਾ ਬਹੁਤ ਵਿਸ਼ਾਲ ਹੈ। ਇਸ ਦਾਇਰੇ ਵਿੱਚ ਕੂਟਨੀਤਕ ਰਾਬਤੇ, ਰਾਜਸੀ ਚਿੱਠੀ-ਪੱਤਰ, ਰਾਜਸੀ ਜਲਸੇ, ਪ੍ਰਚਾਰ ਮੁਹਿੰਮਾਂ, ਰੋਸ ਮੁਜ਼ਾਹਰੇ, ਪ੍ਰਦਰਸ਼ਨਾਂ, ਬਾਈਕਾਟ, ਸਿਵਲ ਨਾ-ਫਰਮਾਨੀ ਤੋਂ ਹਥਿਆਰਬੰਦ ਸੰਘਰਸ਼ ਤੱਕ ਫੈਲਿਆ ਹੋਇਆ ਹੈ। ਪੰਥਕ ਆਗੂਆਂ ਨੇ ਕਿਹਾ ਕਿ ਸਮੇਂ, ਸਥਾਨ, ਸਮਰੱਥਾ ਤੇ ਲੋੜ ਅਨੁਸਾਰ ਸਿੱਖ ਇਹਨਾਂ ਵਿਚੋਂ ਕਿਸੇ ਇੱਕ ਜਾਂ ਸਾਰੀਆਂ ਰਣਨੀਤਿਕ ਪਹਿਲਕਦਮੀਆਂ ਨੂੰ ਅਪਣਾਅ ਸਕਦੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾਪਿੰਡ, ਅਕਾਲੀ ਦਲ ਵਾਰਿਸ ਪੰਜਾਬ ਦੇ ਜਨਰਲ ਸਕੱਤਰ ਮਨਦੀਪ ਸਿੰਘ ਸਿੱਧੂ, ਦਲ ਖਾਲਸਾ ਦੇ ਹਰਚਰਨਜੀਤ ਸਿੰਘ ਧਾਮੀ, ਈਮਾਨ ਸਿੰਘ ਮਾਨ, ਪ੍ਰੋ.ਮੁਹਿੰਦਰਪਾਲ ਸਿੰਘ, ਪ੍ਰੋ. ਬਲਜਿੰਦਰ ਸਿੰਘ, ਪ੍ਰੋ. ਸੁਖਦੇਵ ਸਿੰਘ, ਸਤਨਾਮ ਸਿੰਘ ਝੰਜੀਆਂ, ਸਤਨਾਮ ਸਿੰਘ ਖੰਡਾ, ਭਾਈ ਲਾਲ ਸਿੰਘ, ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਮਨਧੀਰ ਸਿੰਘ, ਭਾਈ ਜਸਵੀਰ ਸਿੰਘ ਖੰਡੂਰ, ਪਰਮਜੀਤ ਸਿੰਘ ਟਾਂਡਾ, ਬਾਬਾ ਹਰਦੀਪ ਸਿੰਘ ਮਹਿਰਾਜ, ਡਾ.ਅਰਪਾਲ ਸਿੰਘ, ਗੁਰਨਾਮ ਸਿੰਘ, ਗੁਰਿੰਦਰ ਸਿੰਘ, ਭਾਈ ਲਹਿਣਾ ਸਿੰਘ, ਰਣਜੀਤ ਸਿੰਘ, ਬਲਵੰਤ ਸਿੰਘ ਗੋਪਾਲਾ (ਦਮਦਮੀ ਟਕਸਾਲ) ਆਦਿ ਹਾਜ਼ਰ ਸਨ।

***

## ਜਨਗਣਨਾ ਦੌਰਾਨ ਪੰਜਾਬੀ ਆਪਣੀ ਮਾਤ-

ਸ੍ਰ. ਪੀਰ ਮੁਹੰਮਦ ਨੇ ਦੱਸਿਆ ਕਿ ਜਨਗਣਨਾ ਦੇ ਅੰਕੜੇ ਹੀ ਭਵਿੱਖ ਵਿੱਚ ਸਾਡੀਆਂ ਰਾਜਨੀਤਿਕ, ਆਰਥਿਕ ਅਤੇ ਸੱਭਿਆਚਾਰਕ ਸਹੂਲਤਾਂ ਦਾ ਅਧਾਰ ਬਣਦੇ ਹਨ। ਜੇਕਰ ਅਸੀਂ ਆਪਣੀ ਅਸਲ ਗਿਣਤੀ ਦਰਜ ਕਰਵਾਉਣ ਵਿੱਚ ਅਸਫਲ ਰਹੇ, ਤਾਂ ਇਹ ਸਾਡੀਆਂ ਆਉਣ ਵਾਲੀਆਂ ਨਸਲਾਂ ਦੇ ਹੱਕਾਂ 'ਤੇ ਡਾਕਾ ਮਾਰਨ ਵਾਂਗ ਹੋਵੇਗਾ। ਆਪਣੀ ਮਾਤ-ਭਾਸ਼ਾ 'ਪੰਜਾਬੀ' ਅਤੇ ਆਪਣਾ ਧਰਮ 'ਸਿੱਖ' ਲਿਖਵਾਉਣਾ ਸਾਡੀ ਨੈਤਿਕ ਅਤੇ ਕੌਮੀ ਜ਼ਿੰਮੇਵਾਰੀ ਹੈ।

****

## ਗੁਰੂ ਗ੍ਰੰਥ ਸਾਹਿਬ ਪ੍ਰਥਾਏ, ਅਕਾਲ ਤਖ਼ਤ ਸਾਹਿਬ ਦੀ ਸਲਾਹ

ਸਪੱਸ਼ਟ ਤੌਰ 'ਤੇ ਸਿੱਖਾਂ ਵੱਲੋਂ ਕਾਨੂੰਨੀ ਢੰਗ ਨਾਲ ਵਕਾਲਤ, ਵਿਰੋਧ ਅਤੇ ਪ੍ਰਭੂਸੱਤਾ ਦਾ ਸਮਰਥਨ ਕਰਨ ਨੂੰ ਅਤਿਵਾਦ ਜਾਂ ਕੌਮੀ ਸੁਰੱਖਿਆ ਲਈ ਖ਼ਤਰਾ ਨਹੀਂ ਮੰਨਦੀ।

ਭਾਰਤੀ ਮੀਡੀਆ ਵਿੱਚ ਇਸ ਰਿਪੋਰਟ ਨੂੰ ਤੋੜ-ਮਰੋੜ ਕੇ ਪੇਸ਼ ਕੀਤੇ ਜਾਣ ਦੀ ਨਿੰਦਾ ਕਰਦੇ ਹੋਏ, ਦਲ ਖ਼ਾਲਸਾ ਦੇ ਰਾਜਨੀਤਿਕ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਕਿ ਖ਼ਾਲਿਸਤਾਨ ਵੱਖਵਾਦ ਦੀ ਵਕਾਲਤ ਕਰਨਾ ਰਾਜਨੀਤਿਕ ਗਤੀਵਿਧੀ ਹੈ।

ਉਨ੍ਹਾਂ ਅੱਗੇ ਕਿਹਾ, 'ਕੈਨੇਡਾ ਦੀ ਇੰਟੈਲੀਜੈਂਸ ਵਿਭਾਗ ਦੀ ਰਿਪੋਰਟ ਇੱਕ ਲੋਕਤੰਤਰੀ ਅਤੇ ਬਹੁ-ਸੱਭਿਆਚਾਰਕ ਦੇਸ਼ ਹੋਣ ਦੀ ਆਪਣੀ ਨਿਰਪੱਖਤਾ ਨੂੰ ਦਰਸਾਉਂਦੀ ਹੈ।' ਹਾਲਾਂਕਿ, ਕੈਨੇਡਾ ਨੂੰ ਆਪਣੇ ਮੁਲਕ ਵਿੱਚ ਸਿੱਖਾਂ ਵਿਰੁੱਧ ਵਧ ਰਹੀ ਨਫ਼ਰਤ ਦੇ ਰੁਝਾਨ ਨੂੰ ਰੋਕਣ ਲਈ ਬਹੁਤ ਕੁਝ ਕਰਨਾ ਬਾਕੀ ਹੈ ਜਿਸ ਬਾਰੇ ਸਿੱਖ ਸੰਸਥਾਵਾਂ ਦੁਆਰਾ ਵਿਆਪਕ ਦਸਤਾਵੇਜ਼ੀਕਰਨ ਕੀਤਾ ਗਿਆ ਹੈ।

ਭਾਰਤ ਸਰਕਾਰ ਨੂੰ ਕਰਾਰੇ ਹੱਥੀ ਲੈਂਦੇ ਹੋਏ, ਉਹਨਾਂ ਕਿਹਾ ਕਿ ਕੈਨੇਡੀਅਨ ਸਿਕਿਓਰਟੀ ਇੰਟੈਲੀਜੈਂਸ ਸਰਵਿਸ 2025 ਦੀ ਰਿਪੋਰਟ ਭਾਰਤ ਨੂੰ ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਅਤੇ ਸਰਗਰਮ ਸਿੱਖ ਕਾਰਕੁਨਾਂ ਅਤੇ ਖ਼ਾਲਿਸਤਾਨ ਸਮਰਥਕਾਂ ਵਿਰੁੱਧ ਅੰਤਰਰਾਸ਼ਟਰੀ ਦਮਨ ਵਿੱਚ ਸ਼ਾਮਲ ਹੋਣ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ।

ਉਹਨਾਂ ਕਿਹਾ ਕਿ ਖ਼ਾਲਿਸਤਾਨ ਰਾਜ ਦੀ ਸਿਰਜਣਾ ਲਈ ਅਹਿੰਸਕ ਵਕਾਲਤ ਨੂੰ ਕੱਟੜਪੰਥੀ ਨਹੀਂ ਮੰਨਿਆ ਗਿਆ, ਪਰ ਨਾਲ ਹੀ ਉਹਨਾਂ ਮੰਨਿਆ ਕਿ ਰਿਪੋਰਟ ਵਿੱਚ ਸਿੱਖਾਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਕੈਨੇਡਾ ਅੰਦਰ ਰਹਿ ਕੇ ਹਿੰਸਾ ਨੂੰ ਉਤਸ਼ਾਹਿਤ ਕਰਨ, ਫੰਡ ਇਕੱਠਾ ਕਰਨ ਜਾਂ ਯੋਜਨਾ ਬਣਾਉਣ ਲਈ ਕੱਟੜਪੰਥੀ ਦਰਸਾਇਆ ਅਤੇ ਮੰਨਿਆ ਗਿਆ ਹੈ।

ਇਸ ਮੀਟਿੰਗ ਵਿੱਚ ਪਰਮਜੀਤ ਸਿੰਘ ਟਾਂਡਾ, ਗੁਰਨਾਮ ਸਿੰਘ, ਹਰਵਿੰਦਰ ਸਿੰਘ, ਰਣਬੀਰ ਸਿੰਘ, ਦਿਲਬਾਗ ਸਿੰਘ, ਮਾਨ ਸਿੰਘ, ਜਗਜੀਤ ਸਿੰਘ ਖੋਸਾ, ਸਾਰਜ ਸਿੰਘ, ਰਾਜਵਿੰਦਰ ਸਿੰਘ, ਸੁਖਦੇਵ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ ਹਸਨਪੁਰ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**